ਸ਼ੁੱਕਰਵਾਰ, 28 ਅਗਸਤ, 2026

12 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 87

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • FRIDAY, 28 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਸਰਕਾਰ ਤੇ ਮੁਲਾਜ਼ਮਾਂ ਵਿਚਾਲੇ ਟਕਰਾਅ ਵਧਿਆ

## ਮੁੱਖ ਮੰਤਰੀ ਹੜਤਾਲ ਦੇ ਚਲਦਿਆਂ ਗੱਲਬਾਤ ਲਈ ਤਿਆਰ ਨਹੀਂ, ਮੁਲਾਜ਼ਮ ਸੰਘਰਸ਼ ਹੋਰ ਤੇਜ਼ ਕਰਨਗੇ

**ਚੰਡੀਗੜ੍ਹ (ਸੁਰਜੀਤ ਸੁਮਨ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਪੰਜਾਬ-ਭਰ ਵਿੱਚ ਹੜਤਾਲ 'ਤੇ ਗਏ ਮੁਲਾਜ਼ਮਾਂ ਪ੍ਰਤੀ ਸਖ਼ਤ ਰੁਖ ਅਖਤਿਆਰ ਕਰਦਿਆਂ ਕਿਹਾ ਕਿ ਹੜਤਾਲ ਖਤਮ ਕਰਨ ਤੋਂ ਬਾਅਦ ਹੀ ਗੱਲਬਾਤ ਹੋਵੇਗੀ। ਮੁੱਖ ਮੰਤਰੀ ਨੇ 'ਐੱਕਸ' 'ਤੇ ਕਿਹਾ, "ਮੁਲਾਜ਼ਮ ਸਾਡੇ ਪਰਵਾਰ ਦਾ ਅਹਿਮ ਹਿੱਸਾ ਹਨ ਅਤੇ ਅਸੀਂ ਉਨ੍ਹਾਂ ਦੀ ਹਰ ਜਾਇਜ਼ ਗੱਲ ਸੁਣਨ ਲਈ ਤਿਆਰ ਹਾਂ... ਪਰ ਗੱਲਬਾਤ ਅਤੇ ਹੜਤਾਲ ਦੋਵੇਂ ਇਕੱਠੀਆਂ ਨਹੀਂ ਚੱਲ ਸਕਦੀਆਂ... ਸਰਕਾਰ ਹਰ ਮਸਲੇ ਦਾ ਹੱਲ ਕੱਢਣ ਲਈ ਵਚਨਬੱਧ ਹੈ, ਪਰ ਗੱਲਬਾਤ ਉਦੋਂ ਹੀ ਹੋਵੇਗੀ ਜਦੋਂ ਹੜਤਾਲ ਖਤਮ ਕੀਤੀ ਜਾਵੇਗੀ...।"

ਚੰਡੀਗੜ੍ਹ ਦੇ ਪੰਜਾਬ ਸਿਵਲ ਸਕੱਤਰੇਤ-1 ਵਿਖੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਭਾਰੀ ਇਕੱਠ, ਜਿਸ ਵਿੱਚ ਔਰਤ ਮੁਲਾਜ਼ਮ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ, ਵਿੱਚ ਮੁਲਾਜ਼ਮ ਆਗੂਆਂ ਵੱਲੋਂ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਦੀ ਅਣਦੇਖੀ ਕਰਨ ਬਾਰੇ ਆਪਣੇ ਆਪਣੇ ਵਿਚਾਰ ਰੱਖੇ।ਚੰਡੀਗੜ੍ਹ ਦੇ ਪੂਰਬੀ ਹਿੱਸੇ ਵਿੱਚ ਸਵੇਰੇ ਤੇਜ਼ ਬਾਰਸ਼ ਦੀਆਂ ਬੁਛਾੜਾਂ ਕਰਕੇ ਮੁਲਾਜ਼ਮਾਂ ਨੂੰ ਸਕੱਤਰੇਤ ਅੰਦਰ ਲਿਫਟਾਂ ਕੋਲ਼ ਹੀ ਹੁੰਮਸ ਭਰੇ ਮਾਹੌਲ ਵਿੱਚ ਬੈਠਣ ਲਈ ਮਜਬੂਰ ਹੋਣਾ ਪਿਆ।ਮੁੱਖ ਮੰਤਰੀ ਨਾਲ਼ ਹੋਣ ਵਾਲ਼ੀ ਪ੍ਰਸਤਾਵਿਤ ਮੀਟਿੰਗ ਲਈ ਮੁਲਾਜ਼ਮ ਆਗੂਆਂ ਦਾ ਵਫਦ ਜਲੰਧਰ ਪਹੁੰਚ ਗਿਆ ਸੀ, ਪਰ ਮੁੱਖ ਮੰਤਰੀ ਦਾ ਬਿਆਨ ਵਾਇਰਲ ਹੋ ਗਿਆ ਕਿ ਹੜਤਾਲ ਦੇ ਚੱਲਦਿਆਂ ਗੱਲਬਾਤ ਨਹੀਂ ਹੋਵੇਗੀ।

ਦੂਜੇ ਪਾਸੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਮੁਲਾਜ਼ਮ ਪੰਜਾਬ ਦੇ ਲੋਕਾਂ ਦੀ ਵੈੱਲਫੇਅਰ ਲਈ ਰੱਖੇ ਹੋਏ ਹਨ, ਇਸ ਲਈ ਸਾਡੇ ਸਾਥੀਆਂ ਨੂੰ ਚਾਹੀਦਾ ਕਿ ਉਹ ਆਮ ਜਨਤਾ ਨੂੰ ਖੱਜਲ਼-ਖੁਆਰ ਨਾ ਹੋਣ ਦੇਣ।ਆਮ ਲੋਕਾਂ ਦੇ ਕੰਮ ਕਰਨ, ਕਿਉਂਕਿ ਲੋਕ ਟੈਕਸਪੇਅਰ ਹਨ।ਇਸ ਤਰ੍ਹਾਂ ਜਲੰਧਰ ਵਿਖੇ



ਚੰਡੀਗੜ੍ਹ 'ਚ ਪੰਜਾਬ ਸਕੱਤਰੇਤ ਵਿਖੇ ਧਰਨਾ ਦਿੰਦੇ ਮੁਲਾਜ਼ਮ।

ਮੁਲਾਜ਼ਮ ਆਗੂਆਂ ਨਾਲ਼ ਪ੍ਰਸਤਾਵਿਤ ਮੀਟਿੰਗ ਨਹੀਂ ਹੋ ਸਕੀ।ਇਸੇ ਦੌਰਾਨ ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਨੇ ਸਾਰੇ ਸਪੈਸ਼ਲ ਚੀਫ ਸੈਕਟਰੀਆਂ, ਐਡੀਸ਼ਨਲ ਚੀਫ ਸੈਕਟਰੀਆਂ, ਫਾਈਨੈਂਸ਼ੀਅਲ ਕਮਿਸ਼ਨਰਾਂ, ਪ੍ਰਿੰਸੀਪਲ ਸੈਕਟਰੀਆਂ ਅਤੇ ਐਡਮਨਿਸਟਰੇਟਿਵ ਸੈਕਟਰੀਆਂ ਨੂੰ ਸਖਤ ਹਦਾਇਤਾਂ ਭੇਜੀਆਂ ਹਨ ਕਿ ਜੋ-ਜੋ ਮੁਲਾਜ਼ਮ 27 ਤਰੀਕ ਨੂੰ ਛੁੱਟੀ 'ਤੇ ਰਹੇ ਜਾਂ ਕੰਮ ਤੋਂ ਗੈਰ-ਹਾਜ਼ਰ ਸਨ, ਉਨ੍ਹਾਂ ਦੀ ਪੂਰੀ ਜਾਣਕਾਰੀ ਅਤੇ ਸੂਚੀ ਜਲਦ ਤੋਂ ਜਲਦ ਤਿਆਰ ਕਰਕੇ ਵਿਭਾਗ ਨੂੰ ਭੇਜੀ ਜਾਵੇ। ਸਰਕਾਰ ਦਾ ਤਰਕ ਹੈ ਕਿ ਵੱਖ-ਵੱਖ ਜ਼ਿਲ੍ਹਾ ਹੈੱਡਕੁਆਰਟਰਾਂ ਤੋਂ ਸ਼ਿਕਾਇਤਾਂ ਮਿਲੀਆਂ ਹਨ ਕਿ ਸਰਕਾਰੀ ਦਫਤਰਾਂ ਵਿੱਚ ਕੰਮਕਾਜ ਠੱਪ ਰਹਿਣ ਕਾਰਨ ਆਮ ਲੋਕਾਂ ਨੂੰ ਭਾਰੀ ਅਸੁਵਿਧਾ ਦਾ ਸਾਹਮਣਾ ਕਰਨਾ ਪਿਆ।

ਇਸੇ ਦੌਰਾਨ ਮੁਲਾਜ਼ਮ ਜਥੇਬੰਦੀਆਂ ਨੇ ਕਿਹਾ ਹੈ ਕਿ ਆਉਣ ਵਾਲੇ ਦੋ ਦਿਨਾਂ ਤੱਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਜਾਵੇਗਾ। ਨਾਲ ਹੀ 30 ਅਗਸਤ ਨੂੰ ਉਨ੍ਹਾਂ ਦੀ ਮੀਟਿੰਗ ਹੋਵੇਗੀ, ਜਿਸ 'ਚ ਉਹ ਆਪਣੀ ਅਗਲੀ ਰਣਨੀਤੀ ਦਾ ਫੈਸਲਾ ਕਰਨਗੇ।

ਚਾਰ ਲੱਖ ਤੋਂ ਵੱਧ ਸਰਕਾਰੀ ਮੁਲਾਜ਼ਮ ਅਤੇ ਲੱਖਾਂ ਪੈਨਸ਼ਨਰ ਸਰਕਾਰ 'ਤੇ ਉਨ੍ਹਾਂ ਦੇ ਲੰਬੇ ਸਮੇਂ ਤੋਂ ਬਕਾਇਆ ਡੀ ਏ ਦੇ ਬਕਾਏ ਕਲੀਅਰ ਕਰਨ ਲਈ ਦਬਾਅ ਬਣਾਉਣ ਵਾਸਤੇ 'ਮਹਾ ਹੜਤਾਲ' ਕਰ ਰਹੇ ਹਨ। ਲੱਗਭੱਗ 7.50 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹਿੱਸਾ ਲੈਣ ਕਾਰਨ ਇਸ ਪ੍ਰਦਰਸ਼ਨ ਵਿੱਚ ਉਨ੍ਹਾਂ ਦੇ ਪਰਵਾਰਾਂ ਨੂੰ ਸ਼ਾਮਲ ਕਰਨ 'ਤੇ ਲੱਗਭੱਗ 38 ਲੱਖ ਵੋਟਰਾਂ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਹੈ/ਸੀ।

## ਪੰਜਾਬ ਨੂੰ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹ ਦੇਣ 'ਤੇ ਮਾਣ : ਮਾਨ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**


ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਪੰਜਾਬ ਪੁਲਸ ਵਿੱਚ ਭਰਤੀ ਹੋਏ 1,746 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜੋ ਕਿ ਸੂਬਾ ਸਰਕਾਰ ਦੀ ਮੈਰਿਟ ਦੇ ਆਧਾਰ 'ਤੇ ਰੁਜ਼ਗਾਰ ਦੇਣ ਅਤੇ ਪੁਲਸ ਫੋਰਸ ਨੂੰ ਮਜ਼ਬੂਤ ਕਰਨ ਦੀ ਮੁਹਿੰਮ ਵਿੱਚ ਇੱਕ ਹੋਰ ਇਤਿਹਾਸਕ ਕਦਮ ਹੈ। ਉਨ੍ਹਾ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਪੁਲਸ ਫੋਰਸ ਵਿੱਚ 13,092 ਜਵਾਨ ਸ਼ਾਮਲ ਕੀਤੇ ਗਏ ਹਨ, ਜਦੋਂ ਕਿ 3,298 ਹੋਰ ਕਾਂਸਟੇਬਲਾਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਨਾਲ ਹੀ 'ਬਿਨਾਂ ਰਿਸ਼ਵਤ, ਬਿਨਾਂ ਸਿਫ਼ਾਰਸ਼' ਦੇ ਆਧਾਰ ਉਤੇ ਹੁਣ ਤੱਕ 70,840 ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।ਪੁਲਸ ਫੋਰਸ ਦੇ ਵਿਸਥਾਰ ਦੇ ਨਾਲ-ਨਾਲ ਪੰਜਾਬ ਸਰਕਾਰ ਨੇ ਇੰਸਪੈਕਟਰਾਂ, ਐੱਸ ਆਈ ਅਤੇ ਏ ਐੱਸ ਆਈ ਦੀਆਂ 1,600 ਨਵੀਂਆਂ ਜ਼ਿਲ੍ਹਾ-ਕਾਡਰ ਦੀਆਂ ਪੋਸਟਾਂ ਨੂੰ ਵਿਭਾਗੀ ਤਰੱਕੀ ਰਾਹੀਂ ਭਰਨ ਦੀ ਮਨਜ਼ੂਰੀ ਵੀ ਦਿੱਤੀ ਹੈ। ਇਹ ਕਦਮ ਪੰਜਾਬ ਦੀ ਸਖ਼ਤ ਮਿਹਨਤ ਨਾਲ ਹਾਸਲ ਕੀਤੀ ਅਮਨ-ਸ਼ਾਂਤੀ ਦੀ ਰਾਖੀ ਕਰਨ ਅਤੇ ਅਸ਼ਾਂਤੀ, ਅੱਤਵਾਦ ਦੇ ਖਤਰੇ ਅਤੇ ਸੜਕ ਸੁਰੱਖਿਆ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਨਾਲ-ਨਾਲ ਫੋਰਸ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੇ ਇਰਾਦੇ ਸਪੱਸ਼ਟ ਕਰਦਾ ਹੈ। ਪੀ ਏ ਪੀ ਗਰਾਊਂਡ ਫਿਲੌਰ ਵਿਖੇ 1,746 ਨਵੇਂ ਭਰਤੀ ਹੋਏ

**1,746 ਨਵੇਂ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ**



ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੇਂ ਰੰਗਰੂਟਾਂ ਨੂੰ ਪੰਜਾਬ ਪੁਲਸ ਦੇ ਪਰਵਾਰ ਦਾ ਅਨਿੱਖੜਵਾਂ ਅੰਗ ਬਣਨ 'ਤੇ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਸਮਰਪਣ, ਪੇਸ਼ੇਵਰਤਾ ਅਤੇ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹਾਂ ਦੇਣ 'ਤੇ ਮਾਣ ਹੈ, ਜੋ ਸੂਬੇ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾ ਕਿਹਾ, 'ਜੇਕਰ ਕੇਂਦਰ ਸਰਕਾਰ ਜਾਂ ਕੋਈ ਹੋਰ ਸੂਬਾ ਸਰਕਾਰ ਆਪਣੇ ਕਿਸੇ ਵੀ ਮੁਲਾਜ਼ਮ ਨੂੰ 36,000 ਰੁਪਏ ਤਨਖਾਹ ਦਿੰਦੀ ਹੈ ਤਾਂ ਪੰਜਾਬ ਸਰਕਾਰ ਆਪਣੇ ਮੁਲਾਜ਼ਮ ਨੂੰ 50,000 ਰੁਪਏ ਤਨਖਾਹ ਦਿੰਦੀ ਹੈ। ਇਹ ਬਹੁਤ ਮਾਣ ਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹ ਦਿੰਦੀ ਹੈ, ਜੋ ਸੂਬਾ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ।' ਇਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ, ਮੁੱਖ ਸਕੱਤਰ ਕੇ ਏ ਪੀ ਸਿਨਹਾ, ਡੀ ਜੀ ਪੀ ਗੌਰਵ ਯਾਦਵ ਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਨੇਪਾਲ 'ਚ 288 ਭਾਰਤੀ ਅਜੇ ਵੀ ਨਹੀਂ ਲੱਭੇ, ਤਾਮਿਲਨਾਡੂ ਦੇ 21 ਬਚਾਏ



**ਨਵੀਂ ਦਿੱਲੀ (ਨ ਜ਼ ਸ)**

ਵਿਦੇਸ਼ ਮੰਤਰਾਲੇ ਨੇ ਵੀਰਵਾਰ ਕਿਹਾ ਕਿ ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਤੋਂ ਬਾਅਦ 288 ਭਾਰਤੀ ਅਜੇ ਵੀ ਲਾਪਤਾ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਲਾਪਤਾ ਹੋਏ ਭਾਰਤੀਆਂ ਵਿੱਚ ਉਹ ਲੋਕ ਸ਼ਾਮਲ ਹਨ, ਜੋ ਪਣ-ਬਿਜਲੀ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਸਨ ਅਤੇ ਨਾਲ ਹੀ ਸੈਲਾਨੀਆਂ ਦੇ ਸਮੂਹ ਵੀ ਸ਼ਾਮਲ ਹਨ। ਤਾਮਿਲਨਾਡੂ ਦੇ 21 ਲੋਕਾਂ ਨੂੰ ਬਚਾ ਲਿਆ ਗਿਆ ਹੈ। ਤਿੱਬਤ ਵਿੱਚ ਵੀ ਲਗਭਗ 200 ਭਾਰਤੀਆਂ ਨੇ ਭਾਰਤ ਤੋਂ ਸਹਾਇਤਾ ਮੰਗੀ ਹੈ। ਜੈਸਵਾਲ ਨੇ ਕਿਹਾ, '288 ਭਾਰਤੀ ਨਾਗਰਿਕ ਅਜਿਹੇ ਹਨ, ਜਿਨ੍ਹਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ। ਇਨ੍ਹਾਂ ਵਿੱਚ 73 ਭਾਰਤੀ ਨਾਗਰਿਕ ਉਹ ਹਨ ਜੋ ਤ੍ਰਿਸ਼ੂਲੀ ਵਨ ਪਾਵਰ ਪ੍ਰੋਜੈਕਟ 'ਤੇ ਕੰਮ ਕਰ ਰਹੇ ਸਨ। ਕਠਮੰਡੂ ਵਿੱਚ ਸਾਡਾ ਦੂਤਾਵਾਸ ਇਨ੍ਹਾਂ ਲੋਕਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰੋਜੈਕਟ ਮੁਖੀ ਦੇ ਸੰਪਰਕ ਵਿੱਚ ਹੈ।' ਨੇਪਾਲ ਵਿੱਚ ਹਜ਼ਾਰਾਂ ਲਾਪਤਾ ਲੋਕਾਂ ਨੂੰ ਲੱਭਣ ਲਈ ਤਲਾਸ਼ ਜਾਰੀ ਹੈ। ਉੱਥੇ ਹੀ ਵੀਰਵਾਰ ਨੂੰ ਮਰਨ ਵਾਲਿਆਂ ਦੀ ਗਿਣਤੀ ਵਧ ਕੇ 359 ਹੋ ਗਈ।

## ਸੁਭਾਸ਼ ਚੰਦਰਾ ਦਾ 22 ਹਜ਼ਾਰ ਕਰੋੜ ਦੀ ਥਾਂ ਸਾਢੇ ਛੇ ਕਰੋੜ 'ਚ ਛੁਟਕਾਰਾ, ਵਿਜੇ ਮਾਲੀਆ ਬਾਗੋਬਾਗ

**ਨਵੀਂ ਦਿੱਲੀ (ਨ ਜ਼ ਸ)**

ਕਾਂਗਰਸ ਨੇ ਵੀਰਵਾਰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨ ਸੀ ਐੱਲ ਟੀ) ਵੱਲੋਂ ਮੀਡੀਆ ਕਾਰੋਬਾਰੀ ਸੁਭਾਸ਼ ਚੰਦਰ ਦੇ 22,006 ਕਰੋੜ ਰੁਪਏ ਦੇ ਬਕਾਏ ਦਾ ਨਿਪਟਾਰਾ ਕਰਨ ਲਈ 6.5 ਕਰੋੜ ਰੁਪਏ ਦੀ ਅਦਾਇਗੀ ਨੂੰ ਮਨਜ਼ੂਰੀ ਦੇਣ ਦੀ ਨਿੰਦਾ ਕੀਤੀ, ਜਦੋਂ ਕਿ ਭਗੌੜੇ ਭਾਰਤੀ ਕਾਰੋਬਾਰੀ ਵਿਜੇ ਮਾਲਿਆ ਨੇ ਇਸ ਖਬਰ ਦਾ ਜਸ਼ਨ ਮਨਾਇਆ।



ਸੁਭਾਸ਼ ਚੰਦਰਾ



ਵਿਜੇ ਮਾਲੀਆ

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐੱਕਸ' 'ਤੇ ਲਿਖਿਆ, "ਵਿੱਤੀ ਸ਼ਬਦਾਵਲੀ ਵਿੱਚ, ਜਦੋਂ ਲੈਣਦਾਰਾਂ ਦੇ ਪੈਸੇ ਬਕਾਇਆ ਹੁੰਦੇ ਹਨ ਅਤੇ ਕਰਜ਼ਦਾਰ ਇਸ ਦਾ ਸਿਰਫ ਇੱਕ ਹਿੱਸਾ ਹੀ ਵਾਪਸ ਕਰਦਾ ਹੈ ਤਾਂ ਪ੍ਰਤੀਸ਼ਤ ਵਜੋਂ ਦਰਸਾਏ ਗਏ ਅੰਤਰ ਨੂੰ ਵਾਲ ਕੱਟਣਾ (ਹੇਅਰਕੱਟ) ਕਿਹਾ ਜਾਂਦਾ ਹੈ। ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਨੇ ਹੁਣੇ ਹੀ ਪ੍ਰਸਿੱਧ ਕਾਰੋਬਾਰੀ ਤੇ ਜ਼ੀ ਮੀਡੀਆ ਦੇ ਬਾਨੀ ਸੁਭਾਸ਼ ਚੰਦਰਾ ਦੀ ਮੁੜ ਅਦਾਇਗੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਦੇ ਤਹਿਤ ਲੈਣਦਾਰਾਂ ਨੂੰ ਲੱਗਭੱਗ 22,006.57 ਕਰੋੜ ਰੁਪਏ ਦੇ ਸਵੀਕਾਰ ਕੀਤੇ ਦਾਅਵਿਆਂ ਦੇ ਵਿਰੁੱਧ ਸਿਰਫ 6.5 ਕਰੋੜ ਰੁਪਏ

• ਬਾਕੀ ਸਫਾ 2 'ਤੇ

## ਟਰੇਨੀ ਜਹਾਜ਼ ਡਿੱਗਿਆ, 2 ਮੌਤਾਂ



**ਕਾਨਪੁਰ :** ਗੰਗਾ ਦੇ ਕੰਢੇ ਵੀਰਵਾਰ ਕਰੀਬ 12 ਵਜੇ ਟਰੇਨੀ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਗੁਜਰਾਤ ਦੇ ਇੰਸਟ੍ਰਕਟਰ ਸਚਿਨ ਭਾਟੀਆ ਅਤੇ ਕਰਨਾਟਕ ਦੇ ਸਿਖਿਆਰਥੀ ਪਾਇਲਟ ਅਭਿਸ਼ੇਕ ਪੁਜਾਰੀ ਦੀ ਮੌਤ ਹੋ ਗਈ। ਇਟਲੀ ਵਿੱਚ ਬਣਿਆ ਜਹਾਜ਼ ਕਾਤਰੀ ਖੇਤਰ ਵਿੱਚ ਨਾਥਾਪੁਰਵਾ ਪਿੰਡ ਨੇੜੇ ਹਾਦਸਾਗ੍ਰਸਤ ਹੋਇਆ। ਭਾਟੀਆ ਕੋਲ ਲੱਗਭੱਗ 3,000 ਘੰਟੇ ਦਾ ਉਡਾਣ ਦਾ ਤਜਰਬਾ ਸੀ।

## ਕੈਨੇਡਾ ਜਾ ਕੇ ਵੀ...



**ਵੈਨਕੂਵਰ :** ਕੈਨੇਡਾ ਦੇ ਉਂਟਾਰੀਓ ਸੂਬੇ ਵਿੱਚ ਅੰਧਵਿਸ਼ਵਾਸ ਤੇ ਵਹਿਮ-ਭਰਮ ਦੇ ਚੱਕਰ ਵਿੱਚ ਫਸੇ ਭਾਰਤੀ ਮੂਲ ਦੇ ਪਰਵਾਰ ਨਾਲ ਵੱਡਾ ਧੋਖਾ ਹੋ ਗਿਆ। ਘਰ ਵਿੱਚ ਮੌਜੂਦ ਬਦਰੂਹਾਂ ਦੇ ਪਰਛਾਵਿਆਂ ਤੋਂ ਛੁਟਕਾਰਾ ਪਾਉਣ ਲਈ ਜਿਸ ਤਾਂਤਰਿਕ ਨੂੰ ਪਰਵਾਰ ਨੇ ਸ਼ਰਧਾ ਨਾਲ ਘਰ ਸੱਦਿਆ ਸੀ, ਉਸੇ 'ਤੇ ਘਰ ਦੀ ਹੀ ਇੱਕ ਔਰਤ ਨਾਲ ਜਬਰ-ਜ਼ਨਾਹ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਪੁਲਸ ਨੇ ਤਾਂਤਰਿਕ ਨੂੰ ਕਾਬੂ ਕਰ ਲਿਆ ਹੈ। ਪੁਲਸ ਨੇ ਦੱਸਿਆ ਕਿ ਔਸ਼ਵਾ ਦੀ ਹਾਰਮੋਨੀ ਰੋਡ ਅਤੇ ਕੋਲਿਨ ਰੋਡ ਕਰਾਸਿੰਗ ਨੇੜੇ ਘਰ ਵਿੱਚ ਕੁਝ ਸ਼ੱਕੀ ਹੋਣ ਕਰਕੇ ਉਸ ਤੋਂ ਨਿਜਾਤ ਪਾਉਣ ਲਈ ਪਰਵਾਰ ਨੇ ਕਿਸੇ ਵੱਲੋਂ ਪਾਈ ਦੱਸ 'ਤੇ ਨਿਊ ਯਾਰਕ ਦੇ ਪੰਡਤ ਰਜਿੰਦਰਨਾਥ ਦੁੱਧਨਾਥ ਮਹਾਰਾਜ (50) ਨੂੰ ਬੁਲਾਇਆ ਸੀ। ਤਾਂਤਰਿਕ ਨੇ ਘਰ ਦੀ ਇੱਕ ਔਰਤ ਉੱਤੇ ਬਦਰੂਹਾਂ ਦਾ ਪਹਿਰਾ ਹੋਣ ਦੀ ਗੱਲ ਦੱਸੀ ਤੇ ਕਿਹਾ ਕਿ ਉਸ ਦਾ ਇਲਾਜ ਇਕਾਂਤ ਥਾਂ 'ਤੇ ਲਿਜਾ ਕੇ ਕਰਨਾ ਪੈਣਾ। ਪਰਵਾਰ ਦੀ ਸਹਿਮਤੀ ਤੋਂ ਬਾਅਦ ਉਹ ਔਰਤ ਨੂੰ ਲੈ ਗਿਆ। ਦੋਸ਼ ਹਨ ਕਿ ਉਸ ਨੇ ਔਰਤ ਨੂੰ ਡਰਾ-ਧਮਕਾ ਕੇ ਉਸ ਨਾਲ ਜਿਨਸੀ ਛੇੜਛਾੜ ਕੀਤੀ, ਜਿਸ ਮਗਰੋਂ ਔਰਤ ਵੱਲੋਂ ਰੌਲਾ ਪਾਏ ਜਾਣ ਉੱਤੇ ਪਰਵਾਰ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਮੁਤਾਬਕ ਮੁਲਜ਼ਮ ਰਿਚਮੰਡ ਹਿੱਲ ਨਿਊ ਯਾਰਕ ਦਾ ਰਹਿਣ ਵਾਲਾ ਹੈ।

## ਚੀਫ ਜਸਟਿਸ ਦੀ ਮੌਜੂਦਗੀ ਦਾ ਵਿਰੋਧ ਹੋਣ 'ਤੇ ਕਨਵੋਕੇਸ਼ਨ ਰੱਦ

**ਬੈਂਗਲੂਰੂ :** 2026 ਦੇ ਗ੍ਰੈਜੂਏਟ ਬੈਚ ਦੇ ਦਾਖਲੇ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਦੇਸ਼ ਦੇ ਚੀਫ ਜਸਟਿਸ ਸੂਰੀਆ ਕਾਂਤ ਦੀ ਉਨ੍ਹਾਂ ਦੀ 34ਵੀਂ ਸਾਲਾਨਾ ਕਨਵੋਕੇਸ਼ਨ ਵਿੱਚ ਪ੍ਰਸਤਾਵਤ ਮੌਜੂਦਗੀ 'ਤੇ ਇਤਰਾਜ਼ ਕਰਨ ਤੋਂ ਬਾਅਦ ਨੈਸ਼ਨਲ ਲਾਅ ਸਕੂਲ ਆਫ ਇੰਡੀਆ ਯੂਨੀਵਰਸਿਟੀ (ਐੱਨ ਐੱਲ ਐੱਸ ਆਈ ਯੂ) ਬੈਂਗਲੂਰੂ ਨੇ 2026 ਦੇ ਗ੍ਰੈਜੂਏਟ ਬੈਚ ਲਈ ਕਨਵੋਕੇਸ਼ਨ ਸਮਾਰੋਹ ਰੱਦ ਕਰ ਦਿੱਤਾ।

ਯੂਨੀਵਰਸਿਟੀ ਨੇ 3 ਅਗਸਤ ਨੂੰ ਇੱਕ ਈਮੇਲ ਭੇਜ ਕੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਸੀ ਕਿ ਸਮਾਰੋਹ 12 ਸਤੰਬਰ ਨੂੰ ਹੋਣਾ ਹੈ। ਹਾਲਾਂਕਿ, 27 ਅਗਸਤ ਦੇ ਇੱਕ ਨੋਟਿਸ ਵਿੱਚ ਹੁਣ ਐਲਾਨ

• ਬਾਕੀ ਸਫਾ 2 'ਤੇ

## ਮੋਦੀ ਸਰਕਾਰ ਨੇ ਖੰਡ ਦੇ ਜਮ੍ਹਾਂਖੋਰਾਂ ਦੀ 36 ਹਜ਼ਾਰ ਕਰੋੜ ਦੀ ਦੀਵਾਲੀ ਬਣਾ'ਤੀ : ਕਾਂਗਰਸ

**ਨਵੀਂ ਦਿੱਲੀ (ਨ ਜ਼ ਸ)**

ਕਾਂਗਰਸ ਨੇ ਵੀਰਵਾਰ ਮੋਦੀ ਸਰਕਾਰ 'ਤੇ 36,000 ਕਰੋੜ ਰੁਪਏ ਦੇ ਖੰਡ ਘੁਟਾਲੇ ਨੂੰ ਹੱਲਾਸ਼ੇਰੀ ਦੇਣ ਦਾ ਦੋਸ਼ ਲਗਾਇਆ, ਜਿਸ ਨਾਲ ਤਿਉਹਾਰਾਂ ਦੇ ਸੀਜ਼ਨ 'ਚ ਜਮ੍ਹਾਖੋਰਾਂ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਫਾਇਦਾ ਹੋਇਆ।

ਇੱਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਰਣਦੀਪ ਸੂਰਜੇਵਾਲਾ ਨੇ ਦੋਸ਼ ਲਗਾਇਆ ਕਿ ਸਰਕਾਰ ਨੂੰ ਅਪ੍ਰੈਲ ਵਿੱਚ ਖੰਡ ਦੀ ਕਮੀ ਬਾਰੇ ਪਤਾ ਸੀ, ਪਰ ਉਹ ਚੁੱਪ ਬੈਠੀ ਰਹੀ ਅਤੇ ਕੋਈ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਖੰਡ ਦੀਆਂ ਕੀਮਤਾਂ 40 ਰੁਪਏ ਤੋਂ ਵਧ ਕੇ 75 ਰੁਪਏ ਪ੍ਰਤੀ ਕਿੱਲੋ ਹੋ ਗਈਆਂ। ਅਗਸਤ ਤੋਂ ਨਵੰਬਰ ਦੌਰਾਨ ਦੇਸ਼ ਵਿੱਚ ਲਗਭਗ 120 ਲੱਖ ਟਨ ਖੰਡ ਦੀ ਖਪਤ ਹੋਣ ਦੀ ਉਮੀਦ ਹੈ ਅਤੇ ਅਜਿਹੀ ਸਥਿਤੀ ਵਿੱਚ ਲੋਕਾਂ ਨੂੰ ਪ੍ਰਤੀ ਕਿੱਲੋ ਘੱਟੋ-ਘੱਟ 30 ਰੁਪਏ ਵਾਧੂ ਦੇਣੇ ਪੈਣਗੇ। 120 ਟਨ ਖੰਡ ਦੀ ਰਕਮ 36,000 ਕਰੋੜ ਰੁਪਏ ਹੋਵੇਗੀ, ਜਿਸ ਦਾ ਸਿੱਧਾ ਫਾਇਦਾ ਜਮ੍ਹਾਂਖੋਰਾਂ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਹੋਵੇਗਾ। ਸੱਤਾ ਵਿੱਚ ਬੈਠੇ ਲੋਕਾਂ ਨਾਲ ਮਿਲੀਭੁਗਤ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋ ਸਕਦੀ ਹੈ? ਇਹ ਮੋਦੀ ਸਰਕਾਰ ਦਾ ਮੁਨਾਫਾਖੋਰਾਂ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਹੱਥੋਂ ਜਨਤਾ ਨੂੰ ਖੁੱਲ੍ਹੇਆਮ ਲੁੱਟਣ ਦਾ ਨਵਾਂ ਮਾਸਟਰ ਸਟ੍ਰੋਕ ਹੈ। ਉਨ੍ਹਾ ਕਿਹਾ ਕਿ ਭਾਜਪਾ ਆਗੂ ਜਨਤਾ ਨੂੰ ਇਹ ਦਾਅਵਾ ਕਰਕੇ ਮੱਤ ਦੇ ਰਹੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੂਗਰ ਨੂੰ ਦੂਰ ਕਰਨ ਲਈ ਖੰਡ ਮਹਿੰਗੀ ਕਰ ਦਿੱਤੀ ਹੈ ਅਤੇ ਇਸ ਨੂੰ ਪੈਟਰੋਲ ਵਿੱਚ ਮਿਲਾਇਆ ਹੈ। ਨਤੀਜਾ ਇਹ ਹੈ ਕਿ ਕਾਰਾਂ ਗੈਰਾਜਾਂ ਵਿੱਚ ਫਸੀਆਂ ਹੋਈਆਂ ਹਨ ਅਤੇ ਲੋਕਾਂ ਦੀਆਂ ਜੇਬਾਂ ਖਾਲੀ ਹੋ ਰਹੀਆਂ ਹਨ। ਇਹ ਦਾਅਵਾ ਕਰਦੇ ਹੋਏ ਕਿ ਕਿਸਾਨ ਲਾਹੇਵੰਦ ਕੀਮਤਾਂ ਨਾ ਮਿਲਣ ਕਾਰਨ ਘੱਟ ਗੰਨਾ ਪੈਦਾ ਕਰ ਰਹੇ ਹਨ, ਸੂਰਜੇਵਾਲਾ ਨੇ ਕਿਹਾ ਕਿ ਸਰਕਾਰ ਦੇ ਖੇਤੀਬਾੜੀ ਵਿਕਾਸ ਦੇ ਵੱਡੇ-ਵੱਡੇ ਦਾਅਵੇ ਜ਼ਮੀਨੀ ਪੱਧਰ 'ਤੇ ਪੂਰੀ ਤਰ੍ਹਾਂ ਅਸਫਲ ਰਹੇ ਹਨ। ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਸਰਕਾਰ ਨੇ ਨਵੰਬਰ 2025 ਤੋਂ ਜੁਲਾਈ 2026 ਦਰਮਿਆਨ ਈ-20 ਪੈਟਰੋਲ ਦੇ ਉਤਪਾਦਨ ਵਿੱਚ 32 ਪ੍ਰਤੀਸ਼ਤ ਗੰਨੇ ਦੇ ਸਟਾਕ ਦੀ ਵਰਤੋਂ ਕੀਤੀ ਹੈ ਅਤੇ ਇਸ ਦੇ ਨਤੀਜੇ ਵਜੋਂ ਜਨਤਾ ਲਈ ਬਾਜ਼ਾਰ ਵਿੱਚ ਉਪਲੱਬਧ ਖੰਡ ਦੇ ਸਟਾਕ ਘਟ ਗਏ ਹਨ। ਸੂਰਜੇਵਾਲਾ ਨੇ ਮੰਗ ਕੀਤੀ ਕਿ ਸਰਕਾਰ ਜਨਤਕ ਵੰਡ ਪ੍ਰਣਾਲੀ ਰਾਹੀਂ ਪਰਿਵਾਰ ਦੇ ਹਰੇਕ ਮੈਂਬਰ ਨੂੰ ਸਬਸਿਡੀ ਵਾਲੀਆਂ ਦਰਾਂ 'ਤੇ 500 ਗ੍ਰਾਮ ਖੰਡ ਮੁਹੱਈਆ ਕਰਵਾਉਣ ਦੀ ਯੋਜਨਾ ਨੂੰ ਬਹਾਲ ਕਰੇ, ਜਿਵੇਂ ਪਿਛਲੀ ਕਾਂਗਰਸ ਸਰਕਾਰ ਨੇ ਕੀਤਾ ਸੀ।

## 25 ਸਾਲ ਤੋਂ ਪੈਂਡਿੰਗ ਪੈਨਸ਼ਨ ਕੇਸ 'ਚ ਇੱਕ ਲੱਖ ਤੋਂ ਬਾਅਦ 50 ਹਜ਼ਾਰ ਦਾ ਹੋਰ ਜੁਰਮਾਨਾ

**ਚੰਡੀਗੜ੍ਹ (ਨ ਜ਼ ਸ)**-ਪੈਨਸ਼ਨ ਦੇ ਇੱਕ ਮਾਮਲੇ ਵਿੱਚ ਪਿਛਲੇ 25 ਸਾਲਾਂ ਤੋਂ ਲਿਖਤੀ ਜਵਾਬ ਦਾਖਲ ਨਾ ਕਰਨ ਉੱਤੇ ਪੰਜਾਬ ਸਰਕਾਰ ਦੀ ਖਿਚਾਈ ਕਰਦਿਆਂ ਇੱਕ ਲੱਖ ਰੁਪਏ ਦਾ ਜੁਰਮਾਨਾ ਲਗਾਏ ਜਾਣ ਤੋਂ ਮਹਿਜ਼ ਇੱਕ ਮਹੀਨੇ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੁਕਮਾਂ ਦੀ ਲਗਾਤਾਰ ਉਲੰਘਣਾ ਕਰਨ 'ਤੇ 50,000 ਰੁਪਏ ਦਾ ਵਾਧੂ ਜੁਰਮਾਨਾ ਲਗਾ ਦਿੱਤਾ ਹੈ। ਇਹ ਰਕਮ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਡਾਇਰੈਕਟਰ ਦੀ ਤਨਖਾਹ ਵਿੱਚੋਂ ਬਰਾਬਰ ਹਿੱਸਿਆਂ ਵਿੱਚ ਕੱਟੀ ਜਾਵੇਗੀ। ਜਸਟਿਸ ਸੰਦੀਪ ਮੌਦਗਿਲ ਨੇ ਮੁੱਖ ਸਕੱਤਰ ਨੂੰ ਹਲਫਨਾਮਾ ਦਾਖਲ ਕਰਕੇ ਇਸ ਹੁਕਮ ਦੀ ਪਾਲਣਾ ਦੀ ਪੁਸ਼ਟੀ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਹੈ। ਜਸਟਿਸ ਮੌਦਗਿਲ ਨੇ 2001 ਵਿੱਚ ਦਾਖਲ ਕੀਤੀ ਗਈ ਪੈਂਡਿੰਗ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਪੱਸ਼ਟ ਕੀਤਾ ਕਿ ਪਿਛਲੀ ਸੁਣਵਾਈ 'ਤੇ ਜੁਰਮਾਨਾ ਲਗਾਏ ਜਾਣ ਦੇ ਬਾਵਜੂਦ ਇੱਕ ਧਿਰ ਵੱਲੋਂ ਜਵਾਬ ਦਾਖਲ ਨਾ ਕੀਤੇ ਜਾਣ ਕਾਰਨ ਇਹ ਕਾਰਵਾਈ ਕਰਨੀ ਪਈ। ਹੁਣ ਜਵਾਬ ਜੁਰਮਾਨੇ ਦੀ ਅਦਾਇਗੀ ਦੀ ਸ਼ਰਤ 'ਤੇ ਹੀ ਦਾਖਲ ਕੀਤਾ ਜਾਵੇਗਾ, ਨਹੀਂ ਤਾਂ ਅਦਾਲਤ ਕਾਨੂੰਨ ਮੁਤਾਬਕ ਕਾਰਵਾਈ ਕਰੇਗੀ। ਜਸਟਿਸ

• ਬਾਕੀ ਸਫਾ 2 'ਤੇ

## ਸੀ ਪੀ ਆਈ ਦਿੱਲੀ ਰੈਲੀ 'ਚ ਸਿਰਜੇਗੀ ਇਤਿਹਾਸ



**ਸ਼ਾਹਕੋਟ (ਅਮਨਦੀਪ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਆਪਣੇ ਜਨਮ ਤੋਂ ਹੀ ਲੋਕ ਹਿੱਤਾਂ ਲਈ ਸੰਘਰਸ਼ਾਂ ਦਾ ਪਿੜ ਮੱਲਦੀ ਰਹੀ ਹੈ। ਅਤੀਤ ਵੱਲ ਝਾਤ ਮਾਰੀਏ ਤਾਂ ਪਾਰਟੀ ਵੱਲੋਂ ਲੜੇ ਤੇ ਜਿੱਤੇ ਸੰਘਰਸ਼ਾਂ ਦਾ ਸ਼ਾਨਾਮੱਤਾ ਇਤਿਹਾਸ ਨਜ਼ਰ ਆਉਂਦਾ ਹੈ। ਪਹਿਲੀ ਸਤੰਬਰ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਵੀ ਸੀ ਪੀ ਆਈ ਇਤਿਹਾਸ ਸਿਰਜੇਗੀ। ਰੈਲੀ ਦੇ ਨਾਹਰੇ 'ਬਦਲਾਅ ਜ਼ਰੂਰੀ ਹੈ' ਨੂੰ ਪਾਰਟੀ ਕਾਰਕੁਨ ਸਾਕਾਰ ਕਰਨਗੇ। ਉਕਤ ਸਾਰਤੱਤ ਹੈ ਉਸ ਮੀਟਿੰਗ ਦਾ, ਜਿਹੜੀ ਤਹਿਸੀਲ ਸ਼ਾਹਕੋਟ ਦੇ ਸੀਨੀਅਰ ਕਮਿਊਨਿਸਟ ਆਗੂ ਕਾਮਰੇਡ ਸਵਰਨ ਸਿੰਘ ਭੋਏਪੁਰੀ ਦੀ ਪ੍ਰਧਾਨਗੀ ਵਿੱਚ ਪਹਿਲੀ ਸਤੰਬਰ ਦੀ ਦਿੱਲੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕੀਤੀ ਗਈ। ਆਗੂਆਂ ਨੇ ਭਾਜਪਾ ਸਰਕਾਰ ਵੱਲੋਂ ਚਾਰ ਲੇਬਰ ਕੋਡ ਲਾਗੂ ਕਰਕੇ ਕਿਰਤੀ ਵਰਗ ਦੇ ਹੱਕਾਂ ਦੇ ਕੀਤੇ ਘਾਣ ਤੋਂ ਲੈ ਕੇ ਵੱਖ-ਵੱਖ ਫਿਰਕਿਆਂ ਅੰਦਰ ਨਫ਼ਰਤੀ ਤਰੇੜਾਂ ਪਾ ਕੇ ਜ਼ਹਿਰ ਫੈਲਾਉਣ ਤੱਕ ਦੀਆਂ ਲੋਕ ਵਿਰੋਧੀ ਕਾਰਵਾਈਆਂ ਦਾ ਭਾਂਡਾ ਭੰਨਿਆ। ਭਾਜਪਾ ਸਰਕਾਰ ਨੇ ਸੰਵਿਧਾਨਕ ਸੰਸਥਾਵਾਂ ਨੂੰ

• ਬਾਕੀ ਸਫਾ 2 'ਤੇ

## ਰਛਪਾਲ ਸਿੰਘ ਬੜਾ ਪਿੰਡ ਦੇ ਭਰਾ ਦਾ ਦੇਹਾਂਤ

**ਜਲੰਧਰ :** ਰੋਜ਼ਾਨਾ 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਦੇ ਛੋਟੇ ਭਰਾ ਗੁਰਚੇਤਨ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਹ 80 ਸਾਲਾਂ ਦੇ ਸਨ ਤੇ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਪਰਵਾਰ ਸਮੇਤ ਰਹਿ ਰਹੇ ਸਨ। ਉਹ ਆਪਣੇ ਪਿੱਛੇ ਤਿੰਨ ਲੜਕੀਆਂ ਤੇ ਇੱਕ ਲੜਕਾ ਛੱਡ ਗਏ ਹਨ। ਉਨ੍ਹਾ ਦਾ ਅੰਤਮ ਸੰਸਕਾਰ 5 ਸਤੰਬਰ ਨੂੰ ਕੈਲੀਫੋਰਨੀਆ ਵਿੱਚ ਕੀਤਾ ਜਾਵੇਗਾ। 'ਨਵਾਂ ਜ਼ਮਾਨਾ' ਦੇ ਸਾਬਕਾ ਐਡੀਟਰ ਤੇ ਚੰਦ ਫਤਿਹਪੁਰੀ ਮੌਜੂਦਾ ਐਡੀਟਰ ਨੇ ਉਨ੍ਹਾ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਾਮਰੇਡ ਰਛਪਾਲ ਸਿੰਘ ਨਾਲ ਗਹਿਰੀ ਹਮਦਰਦੀ ਪ੍ਰਗਟ ਕੀਤੀ ਹੈ।

## 3 ਰੋਜ਼ਾ ਸੂਬਾਈ ਸਿਖਿਆਰਥੀ ਚੇਤਨਾ ਕੈਂਪ ਦਾ ਆਗਾਜ਼ ਅੱਜ

### ਫ਼ਿਲਮ 'ਹੋਪ' ਅਤੇ 'ਰਾਮ ਕੇ ਨਾਮ' ਦੀ ਹੋਏਗੀ ਸਕਰੀਨਿੰਗ, ਦੇਸ਼ ਭਗਤ ਯਾਦਗਾਰ ਹਾਲ ਦਾ ਸੰਖੇਪ ਇਤਿਹਾਸ ਪੁਸਤਕ ਲੋਕ ਅਰਪਣ

**ਜਲੰਧਰ (ਕੇਸਰ)**-ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗ ਰਹੇ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦਾ ਆਗਾਜ਼ 28 ਅਗਸਤ ਦੁਪਹਿਰ ਵੇਲੇ ਹੋਏਗਾ ਅਤੇ ਨਿਰੰਤਰ ਚੱਲਣ ਵਾਲਾ ਇਹ ਕੈਂਪ 30 ਅਗਸਤ ਸਵੇਰ ਵੇਲੇ ਆਪਣੀ ਚਰਮ ਸੀਮਾ 'ਤੇ ਪੁੱਜੇਗਾ।

ਇਸ ਕੈਂਪ ਨੂੰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ, ਜਾਣੇ-ਪਹਿਚਾਣੇ ਵਿਦਵਾਨ, ਰੰਗਕਰਮੀ ਅਤੇ ਲੋਕ ਸਰੋਕਾਰਾਂ ਦੀ ਬਾਂਹ ਫੜ ਕੇ ਤੁਰਨ ਵਾਲੇ ਡਾ. ਕੁਲਦੀਪ ਦੀਪ ਅਤੇ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਪ੍ਰਮੁੱਖ ਆਗੂ ਮਾਸਟਰ ਰਾਜਿੰਦਰ ਭਦੌੜ ਸੰਬੋਧਨ ਕਰਨਗੇ।'ਆਜ਼ਾਦੀ ਸੰਗਰਾਮ ਦੀਆਂ ਇਨਕਲਾਬੀ ਲਹਿਰਾਂ ਦੀ ਅਮਿੱਟ ਭੂਮਿਕਾ ਅਤੇ ਉਸ ਨੂੰ ਫ਼ਿਰਕੂ ਫਾਸ਼ੀ ਹੱਲੇ ਦਾ ਚੋਣਵਾਂ ਨਿਸ਼ਾਨਾ ਬਣਾਏ ਜਾਣ ਦੇ ਚੱਲ ਰਹੇ ਘਿਨੌਣੇ ਹੱਲੇ', 'ਸੋਸ਼ਲ ਮੀਡੀਆ : ਨੌਜਵਾਨ ਪੀੜ੍ਹੀ'



ਅਤੇ 'ਸਮਾਜ ਵਿੱਚ ਗੈਰ ਵਿਗਿਆਨਕ ਹਨੇਰੀ ਵਗਾਉਣ ਨੂੰ ਪਿਛਲਖੁਰੀ ਮੋੜਾ ਦੇਣ ਲਈ ਵਿਗਿਆਨਕ ਸੂਝ-ਬੂਝ ਨਾਲ ਲੈਸ ਹੋਣ ਦੀ ਮਹੱਤਤਾ' ਵਿਸ਼ਿਆਂ ਉਪਰ ਉਪਰੋਕਤ ਤਿੰਨੇ ਵਕਤਾ ਕ੍ਰਮਵਾਰ ਵਿਚਾਰ ਰੱਖਣਗੇ ਅਤੇ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਕਿਧਰੇ ਹੜਤਾਲ ਹੈ ਕੀਤੀ ਮੁਲਾਜ਼ਮਾਂ ਨੇ,
ਕਿਧਰੇ ਰਾਹਾਂ ਵਿੱਚ ਬੈਠੇ ਕਿਸਾਨ ਮੀਆਂ।
ਕਿਤੇ ਹਨ ਮੋਰਚੇ ਪੈਨਸ਼ਨਰ ਲਾਈ ਬੈਠੇ,
ਉਹ ਵੀ ਦੇਂਦੇ ਨੇ ਸਖਤ ਬਿਆਨ ਮੀਆਂ।
ਕਿਤੇ ਹੋਏ ਡਰਾਈਵਰ ਹਨ ਬਹੁਤ ਗੁੱਸੇ,
ਵਪਾਰੀਆਂ ਕਰੇ ਨੇ ਕਿਤੇ ਐਲਾਨ ਮੀਆਂ।
ਪੰਜਾਬ ਦੇ ਵਿੱਚ ਇਕੱਲੀ ਨਾ ਇੰਜ ਹੁੰਦੀ,
ਹਰ ਇੱਕ ਰਾਜ ਦੀ ਇਹੋ ਜ਼ਬਾਨ ਮੀਆਂ।
ਹਰ ਇੱਕ ਪਾਰਟੀ ਜਿੱਥੇ ਹੈ ਰਾਜ ਕਰਦੀ,
ਕਰਦੀ ਆ ਓਥੇ ਕਾਨੂੰਨ ਦੀ ਗੱਲ ਮੀਆਂ।
ਜਿਹੜੇ ਰਾਜਾਂ ਦੀ ਨਹੀਂ ਸਰਕਾਰ ਉਹਦੀ,
ਓਥੇ ਸੜਕ ਵੀ ਬਹਿੰਦੀ ਆ ਮੱਲ ਮੀਆਂ।

-ਤੀਸ ਮਾਰ ਖਾਂ

## ਏਅਰਪੋਰਟ ਰੋਡ ਨੇੜੇ ਧਰਨੇ 'ਚ ਕਿਸਾਨ ਵੱਧ ਤੋਂ ਵੱਧ ਪੁੱਜਣ : ਐਡਵੋਕੇਟ ਰਾਣਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਪ੍ਰਦੀਪ ਸਿੰਘ)**

ਪੰਜਾਬ ਦੀਆਂ ਭਖਦੀਆਂ ਮੰਗਾਂ ਤੇ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਚੰਡੀਗੜ੍ਹ ਦੇ ਸੈਕਟਰ 48-49 ਨੇੜੇ ਏਅਰਪੋਰਟ ਰੋਡ 'ਤੇ 1 ਸਤੰਬਰ ਤੋਂ 7 ਸਤੰਬਰ ਤੱਕ ਦਿੱਤੇ ਜਾ ਰਹੇ ਧਰਨੇ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਵੱਲੋਂ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਆਲ ਇੰਡੀਆ ਕਿਸਾਨ ਸਭਾ ਵੀ ਇਸ ਸੰਘਰਸ਼ ਵਿੱਚ ਆਪਣੀ ਪੂਰੀ ਤਾਕਤ ਨਾਲ ਸ਼ਮੂਲੀਅਤ ਕਰ ਰਹੀ ਹੈ। ਇਸ ਸੰਬੰਧੀ ਐਡਵੋਕੇਟ ਰਜਿੰਦਰ ਸਿੰਘ ਰਾਣਾ, ਅਮਰਜੀਤ ਸਿੰਘ ਟਿੱਬਾ ਜ਼ਿਲ੍ਹਾ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ, ਤਰਲੋਕ ਸਿੰਘ ਭਬਿਆਣਾ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ, ਕਿਸਾਨਾਂ ਦੀਆਂ ਫ਼ਸਲਾਂ ਦੀ ਕਾਨੂੰਨੀ ਖਰੀਦ ਗਰੰਟੀ, ਕਿਸਾਨਾਂ-ਮਜ਼ਦੂਰਾਂ ਦੀ ਕਰਜ਼ਾ ਮੁਕਤੀ ਅਤੇ ਲੈਂਡ ਪੂਲਿੰਗ ਸਮੇਤ ਕਈ ਅਹਿਮ ਮੁੱਦਿਆਂ ਨੂੰ ਲੈ ਕੇ ਸਰਕਾਰਾਂ 'ਤੇ ਦਬਾਅ ਬਣਾਉਣਾ ਸਮੇਂ ਦੀ ਲੋੜ ਹੈ। ਐਡਵੋਕੇਟ ਰਾਣਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਨਾਲ ਸੰਬੰਧਤ ਸਮਝੌਤਿਆਂ ਨੂੰ ਰੱਦ



ਕਰਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਹਿੱਸੇਦਾਰੀ ਬਹਾਲ ਕਰਨ ਅਤੇ ਡੈਮ ਸੇਫਟੀ ਐਕਟ ਰੱਦ ਕਰਨ ਸਮੇਤ ਕਿਸਾਨਾਂ ਦੀਆਂ ਲੰਮੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਡਾ. ਐੱਮ ਐੱਸ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਾਰੀਆਂ ਫ਼ਸਲਾਂ ਦੀ ਕਾਨੂੰਨੀ ਖਰੀਦ ਦੀ ਗਰੰਟੀ, ਗੰਨੇ ਦਾ ਭਾਅ 500 ਰੁਪਏ ਪ੍ਰਤੀ ਕੁਇੰਟਲ ਕਰਨ ਅਤੇ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਵਰਗੀਆਂ ਮੰਗਾਂ 'ਤੇ ਸਰਕਾਰਾਂ ਨੂੰ ਤੁਰੰਤ ਫ਼ੈਸਲੇ ਕਰਨੇ ਚਾਹੀਦੇ ਹਨ। ਐਡਵੋਕੇਟ ਰਾਣਾ ਨੇ ਆਪਣੇ ਸਾਥੀਆਂ ਨਾਲ ਸਾਂਝੇ ਬਿਆਨ ਵਿੱਚ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਅਤੇ ਜਥੇਬੰਦੀ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਚੰਡੀਗੜ੍ਹ ਪਹੁੰਚ ਕੇ ਇਸ ਸੰਘਰਸ਼ ਨੂੰ ਮਜ਼ਬੂਤ ਕਰਨ। ਉਨ੍ਹਾ ਕਿਹਾ ਕਿ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਇਕਜੁੱਟਤਾ ਨਾਲ ਸੰਘਰਸ਼ ਕਰਨਾ ਹੀ ਸਭ ਤੋਂ ਵੱਡੀ ਤਾਕਤ ਹੈ। ਕਪੂਰਥਲਾ ਜ਼ਿਲ੍ਹੇ ਤੋਂ ਕਿਸਾਨਾਂ ਦਾ ਜਥਾ 3 ਸਤੰਬਰ ਨੂੰ ਚੰਡੀਗੜ੍ਹ ਲਈ ਰਵਾਨਾ ਹੋਵੇਗਾ। ਜਥੇਬੰਦੀ ਵੱਲੋਂ ਜ਼ਿਲ੍ਹਾ ਅਹੁਦੇਦਾਰਾਂ ਅਤੇ ਕੌਂਸਲ ਮੈਂਬਰਾਂ ਨੂੰ ਆਪੋ-ਆਪਣੇ ਇਲਾਕਿਆਂ ਵਿੱਚ ਤਿਆਰੀਆਂ ਮੁਕੰਮਲ ਕਰਨ ਅਤੇ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਚਰਨ ਸਿੰਘ ਹੈਬਤਪੁਰ, ਮਾਸਟਰ ਜਸਵਿੰਦਰ ਸਿੰਘ ਟਿੱਬਾ, ਨਰਿੰਦਰਜੀਤ ਸਿੰਘ ਠੱਟਾ, ਹਰਜਿੰਦਰ ਸਿੰਘ, ਦਿਆਲ ਸਿੰਘ ਦੀਪੇਵਾਲ, ਬਲਵਿੰਦਰ ਸਿੰਘ ਟਿੱਬਾ, ਰੇਸ਼ਮ ਸਿੰਘ ਬਿਧੀਪੁਰ, ਹਰਬੰਸ ਲਾਲ ਟਿੱਬਾ, ਰਾਜਵੀਰ, ਜਗਜੀਤ ਸਿੰਘ ਬੱਗਾ ਸਰਪੰਚ ਅਮਰਕੋਟ, ਮਾਸਟਰ ਸ਼ਿੰਗਾਰ ਸਿੰਘ, ਮਹਿੰਦਰ ਸਿੰਘ ਮੋਖੇ, ਜਗਜੀਤ ਸਿੰਘ ਬਿਧੀਪੁਰ, ਸੁਖਵਿੰਦਰ ਸਿੰਘ ਸ਼ਹਿਰੀ, ਅਜੀਤ ਸਿੰਘ ਔਜਲਾ, ਜਗਰੂਪ ਸਿੰਘ ਮੋਖੇ, ਕੁਲਦੀਪ ਸਿੰਘ ਡਿਪਟੀ, ਮਹਿੰਗਾ ਸਿੰਘ ਠੱਟਾ, ਮੇਜਰ ਸਿੰਘ ਚੱਕ ਕੋਟਲਾ, ਸੁਖਦੇਵ ਸਿੰਘ, ਸੁਰਜੀਤ ਸਿੰਘ ਠੱਟਾ, ਪਿਆਰਾ ਸਿੰਘ ਠੱਟਾ ਤੇ ਸਰਵਣ ਸਿੰਘ ਨੰਬਰਦਾਰ ਆਦਿ ਮੌਜੂਦ ਸਨ।

## ਪਲੇਅ ਸਟੇਸ਼ਨਾਂ ਨਾਲੋਂ ਪਲੇਅ ਗਰਾਊਂਡਾਂ ਜ਼ਿਆਦਾ ਅਹਿਮ : ਮੋਦੀ

ਨਵੀਂ ਦਿੱਲੀ (ਨ ਜ਼ ਸ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਭਾਰਤ ਦੇ ਨੌਜਵਾਨਾਂ ਨੂੰ ਖੇਡਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ ਹੈ। ਵੀਡੀਓ ਕਾਨਫਰੰਸਿੰਗ ਜ਼ਰੀਏ 'ਖੇਡੋ ਇੰਡੀਆ ਡਾਇਲਾਗ' ਦੌਰਾਨ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, "ਪਲੇਅ ਸਟੇਸ਼ਨਾਂ ਨਾਲੋਂ ਪਲੇਅ ਗਰਾਊਂਡਾਂ ਜ਼ਿਆਦਾ ਮਹੱਤਵਪੂਰਨ ਹਨ। ਇਹ ਤਦ ਹੀ ਸੰਭਵ ਹੋਵੇਗਾ, ਜਦੋਂ ਸਾਡੇ ਨੌਜਵਾਨ ਇਸ ਸੋਚ ਨੂੰ ਅੱਗੇ ਵਧਾਉਣਗੇ।"

ਉਨ੍ਹਾ ਅੱਗੇ ਕਿਹਾ, "ਖੇਡਾਂ ਸਾਨੂੰ ਸਿਰਫ ਚੈਂਪੀਅਨ ਬਣਨਾ ਹੀ ਨਹੀਂ ਸਿਖਾਉਂਦੀਆਂ, ਸਗੋਂ ਖੇਡਾਂ ਸਾਨੂੰ ਬਿਹਤਰ ਪ੍ਰਤੀਯੋਗੀ ਬਣਨਾ ਵੀ ਸਿਖਾਉਂਦੀਆਂ ਹਨ। ਉੱਠਣਾ, ਡਿੱਗਣਾ, ਡਿੱਗ ਕੇ ਫਿਰ ਉੱਠਣਾ, ਖੇਡਾਂ ਸਾਡੇ ਅੰਦਰ ਇਹੀ ਉਤਸ਼ਾਹ ਪੈਦਾ ਕਰਦੀਆਂ ਹਨ।"

ਉਨ੍ਹਾ ਕਿਹਾ ਕਿ ਜੋ ਖੇਲਤੇ ਹੈਂ, ਵਹ ਖਿਲਤੇ ਹੈਂ।

## 55 ਕਿੱਲੋ ਚੂਰਾ-ਪੋਸਤ ਸਮੇਤ ਬੋਲੈਰੋ ਚਾਲਕ ਗ੍ਰਿਫ਼ਤਾਰ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਵਿਸ਼ੇਸ਼ ਮੁਹਿੰਮ ਤਹਿਤ ਸਮਾਣਾ ਪੁਲਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਹਾਸਲ ਹੋਈ, ਜਦੋਂ ਥਾਣਾ ਸਿਟੀ ਸਮਾਣਾ ਦੀ ਪੁਲਸ ਟੀਮ ਨੇ ਨਾਕਾਬੰਦੀ ਦੌਰਾਨ ਇੱਕ ਬੋਲੈਰੋ ਪਿਕਅੱਪ ਗੱਡੀ ਵਿੱਚੋਂ 55 ਕਿੱਲੋ ਚੂਰਾ-ਪੋਸਤ ਬਰਾਮਦ ਕਰਕੇ ਗੱਡੀ ਦੇ ਚਾਲਕ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ।ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਸ਼ਿੰਦਰ ਸਿੰਘ ਬਾਠ ਨੇ ਦੱਸਿਆ ਕਿ ਇਹ ਕਾਰਵਾਈ ਡੀ.ਐੱਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਤੇ ਥਾਣਾ ਸਿਟੀ ਸਮਾਣਾ ਦੇ ਇੰਚਾਰਜ ਇੰਸਪੈਕਟਰ ਜਸਵਿੰਦਰ ਸਿੰਘ ਖੋਖਰ ਦੀ ਅਗਵਾਈ ਹੇਠ ਅਮਲ ਵਿੱਚ ਲਿਆਂਦੀ ਗਈ ਹੈ।ਏ.ਐੱਸ.ਆਈ. ਸ਼ਿੰਦਰ ਸਿੰਘ ਦੀ ਪੁਲਸ ਟੀਮ ਵੱਲੋਂ ਧਨੇਠਾ ਮੋੜ ਨੇੜੇ ਸਰੂਪ ਵਾਈਟ ਹਾਊਸ ਕੋਲ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਸੀ।ਚੈਕਿੰਗ ਦੌਰਾਨ ਸ਼ੱਕ ਦੇ ਆਧਾਰ 'ਤੇ ਇੱਕ ਬੋਲੈਰੋ ਪਿਕਅੱਪ ਗੱਡੀ ਨੂੰ ਰੋਕ ਕੇ ਜਦੋਂ ਬਾਰੀਕੀ ਨਾਲ ਤਲਾਸ਼ੀ ਲਈ ਗਈ, ਤਾਂ ਗੱਡੀ ਦੇ ਅੰਦਰੋਂ ਚੂਰਾ-ਪੋਸਤ ਦੇ 2 ਥੈਲੇ ਬਰਾਮਦ ਹੋਏ।ਪੁਲਸ ਵੱਲੋਂ ਵਜ਼ਨ ਕਰਨ 'ਤੇ ਥੈਲਿਆਂ ਵਿੱਚੋਂ ਤਕਰੀਬਨ 55 ਕਿੱਲੋ ਚੂਰਾ-ਪੋਸਤ ਨਿਕਲਿਆ।ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੌਕੇ ਤੋਂ ਦੋਸ਼ੀ ਸੁਖਜਿੰਦਰ ਸਿੰਘ (ਬੋਲੈਰੋ ਚਾਲਕ) ਨੂੰ ਗ੍ਰਿਫ਼ਤਾਰ ਕਰ ਲਿਆ ਤੇ ਨਸ਼ੀਲਾ ਪਦਾਰਥ ਵਾਹਨ ਸਮੇਤ ਜ਼ਬਤ ਕਰ ਲਿਆ।ਪੁਲਸ ਅਧਿਕਾਰੀਆਂ ਅਨੁਸਾਰ ਮੁਲਜ਼ਮ ਸੁਖਜਿੰਦਰ ਸਿੰਘ ਵਿਰੁੱਧ ਥਾਣਾ ਸਿਟੀ ਸਮਾਣਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਸਤਲੁਜ ਦਰਿਆ 'ਤੇ ਨੋਚਾ ਲਗਾਉਣ ਲਈ ਹੀਰਾ ਸੋਢੀ ਨੇ ਦਿੱਤੀ ਲੱਖ ਰੁਪਏ ਦੀ ਸੇਵਾ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਹਲਕਾ ਫਿਰੋਜ਼ਪੁਰ ਸ਼ਹਿਰ ਦੇ ਬਸਤੀ ਰਾਮ ਲਾਲ ਵਿਖੇ ਸਤਲੁਜ ਦਰਿਆ 'ਤੇ ਸੁਰੱਖਿਆ ਦੇ ਮੱਦੇਨਜ਼ਰ ਨੋਚਾ ਲਗਾਉਣ ਦੀ ਸੇਵਾ ਲਈ ਯੂਨਾਈਟਿਡ ਸਿੱਖਜ਼ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਉਪਰਾਲੇ ਵਿੱਚ ਭਾਜਪਾ ਦੇ ਯੁਵਾ ਆਗੂ ਅਨੁਮਿਤ ਸਿੰਘ ਹੀਰਾ ਸੋਢੀ ਵੱਲੋਂ ਇੱਕ ਲੱਖ ਰੁਪਏ ਦੀ ਸੇਵਾ ਦਾ ਸਹਿਯੋਗ ਦਿੱਤਾ ਗਿਆ।ਇਸ ਮੌਕੇ ਸੇਵਾ ਕਾਰਜ ਨਾਲ ਜੁੜੇ ਸੇਵਾਦਾਰਾਂ ਤੇ ਸੰਗਤਾਂ ਵੱਲੋਂ ਅਨੁਮਿਤ ਸਿੰਘ ਹੀਰਾ ਸੋਢੀ ਦੇ ਇਸ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ ਗਿਆ।ਹੀਰਾ ਸੋਢੀ ਨੇ ਕਿਹਾ ਕਿ ਸਮਾਜ ਤੇ ਲੋਕ ਭਲਾਈ ਨਾਲ ਜੁੜੇ ਕਾਰਜਾਂ ਵਿੱਚ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਣਾ ਹਰੇਕ ਵਿਅਕਤੀ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਦੇ ਕੰਢੇ 'ਤੇ ਨੋਚਾ ਲਗਾਉਣ ਦੀ ਇਹ ਸੇਵਾ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਮਹੱਤਵਪੂਰਨ ਉਪਰਾਲਾ ਹੈ।ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਇਸ ਕਾਰਜ ਵਿੱਚ ਯੋਗਦਾਨ ਪਾਉਣਾ ਉਨ੍ਹਾਂ ਲਈ ਖੁਸ਼ਕਿਸਮਤੀ ਦੀ ਗੱਲ ਹੈ।ਉਨ੍ਹਾ ਕਿਹਾ ਕਿ ਯੂਨਾਈਟਿਡ ਸਿੱਖਜ਼ ਤੇ ਸੰਗਤਾਂ ਵੱਲੋਂ ਮਿਲ ਕੇ ਕੀਤੀ ਜਾ ਰਹੀ ਇਹ ਸੇਵਾ ਸਮਾਜ ਲਈ ਇੱਕ ਚੰਗੀ ਮਿਸਾਲ ਹੈ।ਉਨ੍ਹਾਂ ਇਲਾਕੇ ਦੀਆਂ ਸੰਗਤਾਂ ਤੇ ਸਮਾਜ ਸੇਵੀਆਂ ਨੂੰ ਵੀ ਅਜਿਹੇ ਲੋਕ-ਹਿੱਤ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ।

## ਗੀਤਕਾਰ ਤੇ ਗਾਇਕ ਬਾਬਾ ਬੇਲੀ ਦੀ ਰਾਜਨੀਤੀ 'ਚ ਐਂਟਰੀ, ਸ਼੍ਰੋਮਣੀ ਅਕਾਲੀ ਦਲ (ਵਾਰਸ ਪੰਜਾਬ ਦੇ) 'ਚ ਹੋਏ ਸ਼ਾਮਲ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬੀ ਸੰਗੀਤ ਜਗਤ ਦੇ ਜਾਣੇ-ਪਛਾਣੇ ਗੀਤਕਾਰ ਤੇ ਗਾਇਕ ਬਾਬਾ ਬੇਲੀ ਨੇ ਰਸਮੀ ਤੌਰ 'ਤੇ ਰਾਜਨੀਤਕ ਖੇਤਰ ਵਿੱਚ ਕਦਮ ਰੱਖ ਲਿਆ ਹੈ ਤੇ ਉਹ ਉਹ ਸ਼੍ਰੋਮਣੀ ਅਕਾਲੀ ਦਲ (ਵਾਰਸ ਪੰਜਾਬ) ਜਥੇਬੰਦੀ ਵਿੱਚ ਸ਼ਾਮਲ ਹੋ ਗਏ ਹਨ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਤਰਸੇਮ ਸਿੰਘ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਉਨ੍ਹਾਂ ਨੂੰ ਪਾਰਟੀ 'ਚ ਜੀ ਆਇਆਂ ਆਖਿਆ।ਆਪਣੇ ਇਸ ਨਵੇਂ ਸਿਆਸੀ ਸਫ਼ਰ ਦੀ ਸ਼ੁਰੂਆਤ ਕਰਦਿਆਂ ਬਾਬਾ ਬੇਲੀ ਨੇ ਆਖਿਆ ਕਿ ਅਕਾਲ ਪੁਰਖ ਦੀ ਮਿਹਰ ਸਦਕਾ ਉਨ੍ਹਾਂ ਨੇ ਹੁਣ ਤੱਕ ਆਪਣੇ ਕਲਾਕਾਰੀ ਦੇ ਸਫ਼ਰ ਵਿੱਚ ਲੋਕਾਂ ਦੇ ਭਰੋਸੇ ਤੇ ਉਮੀਦਾਂ ਨੂੰ ਹਮੇਸ਼ਾ ਸਿਰਮੌਰ ਰੱਖਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਅਗਲੇ ਸਿਆਸੀ ਸਫ਼ਰ ਵਿੱਚ ਵੀ ਉਹ ਉਸੇ ਮਿਹਨਤ, ਇਮਾਨਦਾਰੀ ਤੇ ਸਿਦਕ ਨਾਲ ਪੰਜਾਬ ਤੇ ਸਮਾਜ ਦੀ ਸੇਵਾ ਵਿੱਚ ਡਟੇ ਰਹਿਣਗੇ।ਆਪਣੀ ਪ੍ਰੇਰਨਾ ਬਾਰੇ ਗੱਲ ਕਰਦਿਆਂ ਗਾਇਕ ਬਾਬਾ ਬੇਲੀ ਨੇ ਕਿਹਾ ਕਿ ਉਹ ਬਾਬਾ ਦੀਪ ਸਿੰਘ ਤੇ ਸ੍ਰੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਤੇ ਵਿਚਾਰਧਾਰਾ ਤੋਂ ਬੇਹੱਦ ਪ੍ਰਭਾਵਿਤ ਹਨ।ਉਨ੍ਹਾਂ ਦਾ ਮੁੱਖ ਮਕਸਦ ਉਨ੍ਹਾਂ ਦੀ ਸੋਚ 'ਤੇ ਚੱਲਦਿਆਂ ਪੰਜਾਬ ਦੀ ਚੜ੍ਹਦੀ ਕਲਾ, ਹੱਕਾਂ ਦੀ ਰਾਖੀ ਤੇ ਸਮਾਜਿਕ ਸੁਧਾਰਾਂ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਹੈ।

## ਹੇਲੀ ਹਾਰਟ ਸਕੂਲ ਜ਼ਿਲ੍ਹਾ ਪੱਧਰੀ ਕ੍ਰਿਕਟ ਟੂਰਨਾਮੈਂਟ 'ਚ ਦੂਜੇ ਸਥਾਨ 'ਤੇ



**ਅਜੀਤਵਾਲ (ਨਛੱਤਰ ਸੰਧੂ)**-ਪ੍ਰਸਿੱਧ ਵਿੱਦਿਅਕ ਸੰਸਥਾ ਹੇਲੀ ਹਾਰਟ ਸਕੂਲ ਦੀਆਂ ਅੰਡਰ-17 ਲੜਕੀਆਂ ਦੀ ਕ੍ਰਿਕਟ ਟੀਮ ਨੇ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਦੂਜਾ ਸਥਾਨ (ਰਨਰ-ਅੱਪ) ਹਾਸਲ ਕਰਕੇ ਸਕੂਲ, ਮਾਪਿਆਂ ਤੇ ਪੂਰੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਵਾਪਸੀ 'ਤੇ ਖਿਡਾਰਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੀ ਇਸ ਸ਼ਾਨਦਾਰ ਉਪਲਬਧੀ 'ਤੇ ਸਮੂਹ ਸਕੂਲ ਸਟਾਫ਼ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਅਤੇ ਰਮਨ ਅਰੋੜਾ ਤੇ ਪ੍ਰਿੰਸੀਪਲ ਸੁਖਜੀਤ ਗੁਲਰੀਆ ਨੇ ਖਿਡਾਰਨਾਂ ਤੇ ਉਨ੍ਹਾਂ ਦੇ ਕੋਚ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਟੀਮ ਭਾਵਨਾ, ਆਤਮ-ਵਿਸ਼ਵਾਸ ਤੇ ਜਿੱਤਣ ਦਾ ਜਜ਼ਬਾ ਪੈਦਾ ਕਰਦੀਆਂ ਹਨ।ਸਕੂਲ ਪ੍ਰਬੰਧਕ ਕਮੇਟੀ ਵੱਲੋਂ ਖਿਡਾਰਨਾਂ ਨੂੰ ਭਵਿੱਖ ਵਿੱਚ ਵੀ ਖੇਡ ਦੇ ਖੇਤਰ ਵਿੱਚ ਹੋਰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ਗਿਆ ਤੇ ਹਰ ਸੰਭਵ ਸਹਿਯੋਗ ਤੇ ਸਹੂਲਤ ਦੇਣ ਦਾ ਭਰੋਸਾ ਦਿੱਤਾ ਗਿਆ।ਇਸ ਕਾਮਯਾਬੀ ਨਾਲ ਸਕੂਲ, ਮਾਪਿਆਂ ਤੇ ਪੂਰੇ ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

## ਪਹਿਲੀ ਨੂੰ ਚੰਡੀਗੜ੍ਹ ਵੱਲ ਕੂਚ ਕਰਨ ਲਈ ਕਿਸਾਨਾਂ ਵੱਲੋਂ ਲਾਮਬੰਦੀ



**ਭਵਾਨੀਗੜ੍ਹ (ਰਾਜ ਖੁਰਮੀ)**-ਸੰਯੁਕਤ ਕਿਸਾਨ ਮੋਰਚੇ ਵੱਲੋਂ 1 ਸਤੰਬਰ ਤੋਂ ਚੰਡੀਗੜ੍ਹ ਵਿਖੇ ਸੱਤ ਦਿਨਾਂ ਲਈ ਲਗਾਏ ਜਾ ਰਹੇ ਪੱਕੇ ਮੋਰਚੇ ਦੀਆਂ ਤਿਆਰੀਆਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਮਾਝਾ ਦੀ ਅਗਵਾਈ ਹੇਠ ਕਿਸਾਨ ਆਗੂਆਂ ਨੇ ਭਵਾਨੀਗੜ੍ਹ ਬਲਾਕ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ।ਇਸ ਮੌਕੇ ਕੁਲਵਿੰਦਰ ਸਿੰਘ ਮਾਝਾ ਸਮੇਤ ਕਿਸਾਨ ਆਗੂਆਂ ਨੇ ਪਿੰਡਾਂ ਵਿੱਚ ਮੀਟਿੰਗਾਂ ਕਰਦਿਆਂ ਕਿਸਾਨਾਂ ਨੂੰ 1 ਸਤੰਬਰ ਨੂੰ ਟਰੈਕਟਰ-ਟਰਾਲੀਆਂ ਸਮੇਤ ਵੱਡੇ ਕਾਫ਼ਲੇ ਦੇ ਰੂਪ ਵਿੱਚ ਚੰਡੀਗੜ੍ਹ ਪਹੁੰਚਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਨੂੰ ਮਜ਼ਬੂਤ ਕਰਨ ਲਈ ਸਾਂਝੇ ਤੌਰ 'ਤੇ ਲੜਿਆ ਜਾਵੇਗਾ।ਇਸ ਲਾਮਬੰਦੀ ਮੁਹਿੰਮ ਦੌਰਾਨ ਆਗੂਆਂ ਵੱਲੋਂ ਬਾਸੀਅਰਖ, ਅਕਬਰਪੁਰ, ਸੰਘਰੇੜੀ, ਨਾਗਰਾ, ਆਲੋਅਰਖ ਅਤੇ ਰਾਏ ਸਿੰਘ ਵਾਲਾ ਸਮੇਤ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਨਾਲ ਸੰਪਰਕ ਕੀਤਾ ਗਿਆ।

## ਮਾਨਵ ਸੇਵਾ ਬਲੱਡ ਡੋਨਰਜ਼ ਸੁਸਾਇਟੀ ਵੱਲੋਂ ਖ਼ੂਨ ਦਾਨ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਨਵ ਸੇਵਾ ਬਲੱਡ ਡੋਨਰਜ਼ ਸੁਸਾਇਟੀ (ਰਜਿ:) ਫੂਲ ਟਾਊਨ ਵੱਲੋਂ ਸੁਸਾਇਟੀ ਪ੍ਰਧਾਨ ਮੱਖਣ ਸਿੰਘ ਬੁੱਟਰ ਦੇ ਜਨਮ ਦਿਨ ਮੌਕੇ ਸਥਾਨਕ ਮੰਦਰ ਬੀਬੀ ਪਾਰੋ ਵਿਖੇ ਖ਼ੂਨ ਦਾਨ ਕੈਂਪ ਲਗਾਇਆ ਗਿਆ।ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੀਤ ਪ੍ਰਧਾਨ ਵਿਸ਼ਵਕਰਮ ਸਿੰਘ ਸਪਰਾ ਤੇ ਸਕੱਤਰ ਭੁਪਿੰਦਰ ਸਿੰਘ ਜਟਾਣਾ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਮੰਦਰ ਬੀਬੀ ਪਾਰੋ ਕਮੇਟੀ ਦੇ ਪ੍ਰਧਾਨ ਕ੍ਰਿਸ਼ਨ ਸਿੰਘ ਫੌਜੀ, ਗੁਰਦੁਆਰਾ ਅਕਾਲਗੜ੍ਹ ਸਾਹਿਬ ਦੇ ਪ੍ਰਧਾਨ ਰਾਮ ਸਿੰਘ ਜਟਾਣਾ ਦੀ ਅਗਵਾਈ ਵਿੱਚ ਕਮੇਟੀ ਮੈਂਬਰ ਗੁਰਮੇਲ ਸਿੰਘ ਸ਼ਹਿਣੇਵਾਲ ਤੇ ਜਸਵੰਤ ਸਿੰਘ ਦਰਗਾ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਉਨ੍ਹਾਂ ਦੱਸਿਆ ਕਿ ਲਗਾਏ ਗਏ ਵਿਸ਼ਾਲ ਖ਼ੂਨ ਦਾਨ ਕੈਂਪ ਦੌਰਾਨ 31 ਯੂਨਿਟ ਬਲੱਡ ਦਾਨ ਕੀਤਾ, ਜਿਸ ਨੂੰ ਗੋਇਲ ਬਲੱਡ ਬੈਂਕ ਬਠਿੰਡਾ ਦੀ ਟੀਮ ਵੱਲੋਂ ਇਕੱਤਰ ਕੀਤਾ ਗਿਆ।ਇਸ ਮੌਕੇ ਮੱਖਣ ਸਿੰਘ ਬੁੱਟਰ ਨੇ ਆਪਣੇ ਜਨਮ ਦਿਨ ਮੌਕੇ 60ਵੀਂ ਵਾਰ ਖ਼ੂਨ ਦਾਨ ਕੀਤਾ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨਾ ਸਭ ਤੋਂ ਉੱਤਮ ਦਾਨ ਹੈ ਤੇ ਸਾਡਾ ਦਿੱਤਾ ਹੋਇਆ ਖ਼ੂਨ ਦਾ ਇੱਕ ਕਤਰਾ ਵੀ ਕਿਸੇ ਲੋੜਵੰਦ ਇਨਸਾਨ ਦੀ ਜਾਨ ਬਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਹੁੰਦੀ, ਸਗੋਂ ਸਰੀਰ ਤੰਦਰੁਸਤ ਰਹਿੰਦਾ ਹੈ। ਇਸ ਮੌਕੇ ਬਲੱਡ ਸੁਸਾਇਟੀ ਵੱਲੋਂ ਖ਼ੂਨ ਦਾਨੀਆਂ ਨੂੰ ਸਰਟੀਫਿਕੇਟ ਤੇ ਮੈਡਲ ਦੇ ਕੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਚੌਗਿਰਦਾ ਸੁੰਦਰੀਕਰਨ ਸੁਸਾਇਟੀ ਫੂਲ, ਗੁਰਦੁਆਰਾ ਅਕਾਲਗੜ੍ਹ ਸਾਹਿਬ ਫੂਲ, ਕਮੇਟੀ ਮੰਦਰ ਬੀਬੀ ਸੀ ਪਾਰੋ ਤੋਂ ਇਲਾਵਾ ਪੱਤਰਕਾਰ ਜਸਵਿੰਦਰ ਸਿੰਘ ਬੁੱਟਰ, ਬਲਵਿੰਦਰ ਸਿੰਘ ਸੁਸਾਇਟੀ ਦੇ ਖ਼ਜ਼ਾਨਚੀ ਡਾਕਟਰ ਇਕਬਾਲ ਸਿੰਘ ਮਾਨ, ਡਾਕਟਰ ਗੁਰਚਰਨ ਸਿੰਘ ਬਰਾੜ, ਅਮਨਦੀਪ ਸਿੰਘ ਬਾਵਾ, ਅਮਨਪ੍ਰੀਤ ਸਿੰਘ ਜਟਾਣਾ, ਮਨਜੀਤ ਸਿੰਘ ਸਪਰਾ, ਗੁਰਇਕਬਾਲ ਸਿੰਘ ਪੋਮਾ, ਗੁਰਪ੍ਰੀਤ ਸਿੰਘ ਐਂਬੂਲੈਂਸ ਡਰਾਈਵਰ ਆਦਿ ਦਾ ਵੱਡੀ ਪੱਧਰ 'ਤੇ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਰਿਹਾ।

# ਐਡਵੋਕੇਟ ਅਗਰਵਾਲ ਨੇ ਮਨਪ੍ਰੀਤ ਬਾਦਲ ਨੂੰ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤੀ ਜਨਤਾ ਪਾਰਟੀ ਦੇ ਆਰ.ਟੀ.ਆਈ. ਪੰਜਾਬ ਦੇ ਵਾਈਸ ਪ੍ਰਧਾਨ ਐਡਵੋਕੇਟ ਅਮਿਤ ਅਗਰਵਾਲ ਨੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਪੰਜਾਬ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਭਾਰਤੀ ਜਨਤਾ ਪਾਰਟੀ ਦਾ ਕੌਮੀ ਮੀਤ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕਰਕੇ ਵਧਾਈ ਦਿੱਤੀ।ਇਸ ਮੌਕੇ ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵੱਲੋਂ ਦਿੱਤੀ ਗਈ ਇਹ ਜ਼ਿੰਮੇਵਾਰੀ ਉਨ੍ਹਾਂ ਦੇ ਲੰਮੇ ਸਿਆਸੀ ਤਜਰਬੇ, ਪ੍ਰਸ਼ਾਸਨਕ ਸਮਝ ਤੇ ਪੰਜਾਬ ਦੇ ਮੁੱਦਿਆਂ ਦੀ ਡੂੰਘੀ ਜਾਣਕਾਰੀ ਦਾ ਸਨਮਾਨ ਹੈ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਪੰਜਾਬ ਦੀ ਰਾਜਨੀਤੀ ਵਿੱਚ ਲੰਮੇ ਸਮੇਂ ਤੋਂ ਸਰਗਰਮ ਰਹੇ ਹਨ ਤੇ ਉਨ੍ਹਾਂ ਨੇ ਵਿੱਤ ਮੰਤਰੀ ਵਜੋਂ ਵੀ ਪੰਜਾਬ ਦੀ ਆਰਥਿਕਤਾ ਨਾਲ ਜੁੜੇ ਅਹਿਮ ਮਾਮਲਿਆਂ 'ਤੇ ਕੰਮ ਕੀਤਾ ਹੈ।ਉਨ੍ਹਾਂ ਦੇ ਤਜਰਬੇ ਦਾ ਲਾਭ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿੱਚ ਜਥੇਬੰਦਕ ਤੇ ਸਿਆਸੀ ਤੌਰ 'ਤੇ ਹੋਰ ਮਜ਼ਬੂਤ ਕਰਨ ਵਿੱਚ ਮਿਲੇਗਾ।ਮੁਲਾਕਾਤ ਦੌਰਾਨ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ 2027 ਦੀਆਂ ਚੋਣਾਂ ਲਈ ਭਾਜਪਾ ਵੱਲੋਂ ਹੁਣ ਤੋਂ ਹੀ ਜਥੇਬੰਦਕ ਪੱਧਰ 'ਤੇ ਤਿਆਰੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਪਾਰਟੀ ਵੱਲੋਂ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ, ਨਵੇਂ ਵਰਕਰਾਂ ਨੂੰ ਪਾਰਟੀ ਨਾਲ ਜੋੜਨ ਤੇ

**ਪੰਜਾਬ 'ਚ ਭਾਜਪਾ ਦੀ ਮਜ਼ਬੂਤੀ ਸਮੇਤ ਕਈ ਅਹਿਮ ਮੁੱਦਿਆਂ 'ਤੇ ਹੋਈ ਵਿਚਾਰ-ਚਰਚਾ**



ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ 2027 ਦੀਆਂ ਚੋਣਾਂ ਭਾਜਪਾ ਲਈ ਪੰਜਾਬ ਵਿੱਚ ਨਵੀਂ ਸਿਆਸੀ ਦਿਸ਼ਾ ਤੈਅ ਕਰਨ ਵਾਲੀਆਂ ਚੋਣਾਂ ਹੋਣਗੀਆਂ ਤੇ ਪਾਰਟੀ ਦੇ ਸਮਰਪਤ ਵਰਕਰ ਪੂਰੀ ਮਿਹਨਤ ਤੇ ਇਕਜੁੱਟਤਾ ਨਾਲ ਮੈਦਾਨ ਵਿੱਚ ਉਤਰਨਗੇ।ਅੰਤ ਵਿੱਚ ਐਡਵੋਕੇਟ ਅਮਿਤ ਅਗਰਵਾਲ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਮੁੜ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਤੇ ਨਵੀਂ ਜ਼ਿੰਮੇਵਾਰੀ ਵਿੱਚ ਸਫਲਤਾ ਦੀ ਕਾਮਨਾ ਕੀਤੀ।ਇਸ ਮੌਕੇ ਸੁਖਜਿੰਦਰ ਸਿੰਘ ਵਾਂਗਰ ਵੀ ਨਾਲ ਮੌਜੂਦ ਸਨ।

## ਨਜਾਇਜ਼ ਰੇਹੜੀਆਂ ਹਟਾਉਣ ਲਈ ਏ ਡੀ ਸੀ ਨੂੰ ਦਿੱਤਾ ਪੱਤਰ

**ਜਗਰਾਉਂ (ਨਛੱਤਰ ਸੰਧੂ)**-ਨਗਰ ਕੌਂਸਲ ਜਗਰਾਉਂ ਦੇ ਵਾਰਡ ਨੰਬਰ-4 ਦੇ ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ ਨੇ ਸ਼ਹਿਰ ਦੀਆਂ ਸੜਕਾਂ ਤੇ ਗਲੀਆਂ ਵਿੱਚ ਲੱਗੀਆਂ ਨਜਾਇਜ਼ ਰੇਹੜੀਆਂ ਨੂੰ ਹਟਾਉਣ ਦੀ ਮੰਗ ਕਰਦਿਆਂ ਏ.ਡੀ.ਸੀ. ਜਗਰਾਉਂ ਨੂੰ ਪੱਤਰ ਸੌਂਪਿਆ ਹੈ।ਪੱਤਰ 'ਤੇ ਏ.ਡੀ.ਸੀ. ਵੱਲੋਂ ਲੋੜੀਂਦੀ ਕਾਨੂੰਨੀ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।ਕੌਂਸਲਰ ਸਿੱਧੂ ਨੇ ਪੱਤਰ ਵਿੱਚ ਦੱਸਿਆ ਕਿ ਰੀਗਲ ਮਾਰਕੀਟ ਨੇੜੇ ਮੁਹੱਲਾ ਕਿਸ਼ੋਰ ਚੰਦ ਵਿੱਚ ਆਉਣ-ਜਾਣ ਵਾਲਾ ਰਸਤਾ ਕਾਫ਼ੀ ਤੰਗ ਹੈ।ਉਨ੍ਹਾਂ ਦੋਸ਼ ਲਾਇਆ ਕਿ ਇੱਕ ਦੋਸੇ ਵਾਲੇ ਵੱਲੋਂ ਦੁਕਾਨ ਦੇ ਅੱਗੇ ਰੇਹੜੀ ਲਗਾ ਕੇ ਦੇਰ ਰਾਤ ਤੱਕ ਕਾਰੋਬਾਰ ਕੀਤਾ ਜਾਂਦਾ ਹੈ, ਜਿਸ ਕਾਰਨ ਇਲਾਕਾ ਨਿਵਾਸੀਆਂ ਤੇ ਦੁਕਾਨਦਾਰਾਂ ਨੂੰ ਕਥਿਤ ਤੌਰ 'ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੌਂਸਲਰ ਨੇ ਪੱਤਰ ਵਿੱਚ ਦਾਅਵਾ ਕੀਤਾ ਕਿ ਸਟ੍ਰੀਟ ਵੈਂਡਿੰਗ ਸਕੀਮ ਤਹਿਤ ਨਗਰ ਕੌਂਸਲ ਜਗਰਾਉਂ ਵੱਲੋਂ ਸਾਲ 2024 ਵਿੱਚ ਕਰੀਬ 854 ਲਾਇਸੈਂਸ ਜਾਰੀ ਕੀਤੇ ਗਏ ਸਨ, ਪਰ ਇਸ ਤੋਂ ਬਾਅਦ ਲਾਇਸੈਂਸਾਂ ਦੇ ਨਵੀਨੀਕਰਨ ਤੇ ਰੇਹੜੀਆਂ ਦੀ ਚੈਕਿੰਗ ਸਬੰਧੀ ਲੋੜੀਂਦੀ ਕਾਰਵਾਈ ਨਹੀਂ ਹੋਈ।ਉਨ੍ਹਾਂ ਦੋਸ਼ ਲਾਇਆ ਕਿ ਕੁਝ ਰੇਹੜੀ ਵਾਲਿਆਂ ਵੱਲੋਂ ਇੱਕ ਲਾਇਸੈਂਸ ਦੀ ਆੜ ਵਿੱਚ ਕਈ ਰੇਹੜੀਆਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਨਗਰ ਕੌਂਸਲ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ।ਕੌਂਸਲਰ ਸਿੱਧੂ ਨੇ ਏ.ਡੀ.ਸੀ. ਤੋਂ ਮੰਗ ਕੀਤੀ ਕਿ ਮੁਹੱਲਾ ਕਿਸ਼ੋਰ ਚੰਦ ਤੋਂ ਇਲਾਵਾ ਜਗਰਾਉਂ ਸ਼ਹਿਰ ਦੀ ਹੱਦ ਅੰਦਰ ਲੱਗੀਆਂ ਨਾਜਾਇਜ਼ ਰੇਹੜੀਆਂ ਦੀ ਜਾਂਚ ਕਰਵਾ ਕੇ ਉਨ੍ਹਾਂ ਨੂੰ ਹਟਾਉਣ ਲਈ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਕਾਲਜ ਕੈਂਪਸ ਵਿਖੇ ਮੇਲਾ ਤੀਆਂ ਦਾ ਧੂਮ-ਧਾਮ ਨਾਲ ਮਨਾਇਆ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦੀ ਅਗਵਾਈ ਵਿੱਚ 'ਮੇਲਾ ਤੀਆਂ ਦਾ' ਧੂਮ-ਧਾਮ ਨਾਲ ਮਨਾਇਆ ਗਿਆ।ਕਾਲਜ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕਰਦੇ ਹੋਏ ਗਿੱਧਾ ਤੇ ਹੋਰ ਸਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ।ਇਸ ਮੌਕੇ ਮਹਿੰਦੀ ਤੇ ਰੰਗੋਲੀ ਮੁਕਾਬਲੇ ਵੀ ਕਰਵਾਏ ਗਏ।ਫ਼ੈਸ਼ਨ ਡਿਜ਼ਾਇਨਿੰਗ ਵਿਸ਼ੇ ਦੇ ਵਿਦਿਆਰਥੀਆਂ ਨੇ ਪੰਜਾਬੀ ਵਿਰਸੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਖਾਣ ਪੀਣ ਲਈ ਸਟਾਲਾਂ ਵੀ ਲਗਾਈਆਂ ਗਈਆਂ।ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਸਾਡੇ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਹੈ ਤੇ ਅਜਿਹੇ ਤਿਉਹਾਰ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੇ ਹਨ।ਉਨ੍ਹਾਂ ਪੜ੍ਹਾਈ ਦੇ ਨਾਲ-ਨਾਲ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਵਿਦਿਆਰਥਣਾਂ ਨੂੰ ਪ੍ਰੇਰਿਤ ਕੀਤਾ।ਅੰਤ ਵਿੱਚ ਬੀ.ਕਾਮ ਭਾਗ ਪਹਿਲਾ ਦੀ ਵਿਦਿਆਰਥਣ ਹਰਸ਼ਿਤਾ ਨੂੰ ਮਿਸ ਤੀਜ, ਬੀ-ਐੱਸ ਸੀ ਭਾਗ ਦੂਜਾ ਦੀ ਰੁਪਿੰਦਰ ਕੌਰ ਨੂੰ ਮਿਸ ਪੰਜਾਬਣ, ਬੀ.ਕਾਮ ਭਾਗ ਦੂਜਾ ਦੀ ਹੈਵਨਦੀਪ ਕੌਰ ਨੂੰ ਮਿਸ ਮਾਡਲਿੰਗ ਵਜੋਂ ਚੁਣਿਆ ਗਿਆ।

## ਤੀਆਂ ਦਾ ਤਿਉਹਾਰ ਆਪਸੀ ਮਿਲਵਰਤਨ, ਸਹਿਯੋਗ ਤੇ ਜਾਣ-ਪਛਾਣ ਨਾਲ ਸੰਪੰਨ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬੀ ਸੱਭਿਆਚਾਰ ਦੀ ਪ੍ਰਤੀਕ ਤੀਆਂ ਦਾ ਤਿਉਹਾਰ ਸਥਾਨਕ ਅਫ਼ਸਰ ਕਲੋਨੀ ਦੇ ਪਾਰਕ ਵਿਖੇ ਪੂਰੇ ਹਰਸ਼ੋ-ਉਲਾਸ, ਸੱਭਿਅਕ ਸ਼ਾਨੋ-ਸ਼ੌਕਤ ਤੇ ਆਪਸੀ ਸਾਂਝ ਦੇ ਪ੍ਰਤੀਕ ਵਜੋਂ ਮਨਾਇਆ ਗਿਆ।ਕਲੋਨੀ ਦੀਆਂ ਮਹਿਲਾਵਾਂ ਵੱਲੋਂ ਕਰਵਾਏ ਗਏ ਇਸ ਰੰਗਾਰੰਗ ਸਮਾਗਮ ਵਿੱਚ ਧੀਆਂ, ਭੈਣਾਂ ਤੇ ਮਾਵਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਪੰਜਾਬੀ ਵਿਰਸੇ ਨੂੰ ਹੋਰ ਰੰਗੀਨ ਕਰ ਦਿੱਤਾ।ਸਮਾਗਮ ਦਾ ਆਗਾਜ਼ ਮਹਿਲਾਵਾਂ ਵੱਲੋਂ ਤੀਆਂ ਦੇ ਰਵਾਇਤੀ ਬੋਲੀਆਂ ਤੇ ਸੁਹਾਗ ਗੀਤਾਂ ਨਾਲ ਹੋਇਆ।ਪੂਰੇ ਪਾਰਕ ਨੂੰ ਸਜਾਇਆ ਗਿਆ ਸੀ।ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਵਾਂ ਤੱਕ ਨੇ ਗਿੱਧੇ ਦੀਆਂ ਬੋਲੀਆਂ, ਬੱਲੋ ਤੇ ਫੁਲਕਾਰੀ ਦੀ ਖੁਸ਼ਬੂ ਵਾਲੀ ਪੇਸ਼ਕਾਰੀ ਨਾਲ ਮਨੋਰੰਜਨ ਦਾਇਕ ਬਣਾਇਆ।ਸਮਾਗਮ ਨੂੰ ਹੋਰ ਚਾਰ-ਚੰਨ ਲਾਉਣ ਲਈ ਵਿਸ਼ੇਸ਼ ਡੀ.ਜੇ. ਸਾਊਂਡ ਤੇ ਖਾਣ-ਪੀਣ ਦੇ 6 ਵੱਖ-ਵੱਖ ਸਟਾਲਾਂ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ, ਜਿੱਥੇ ਮਹਿਲਾਵਾਂ ਨੇ ਰਲ-ਮਿਲ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ।ਇਸ ਮੌਕੇ ਵਾਰਡ ਦੇ ਐੱਮ. ਸੀ. ਸੁਰਿੰਦਰ ਸਿੰਘ ਭਿੰਡਰ, ਪਾਰਕ ਦੇ ਪ੍ਰਧਾਨ ਅਤੇ ਸਮਾਗਮ ਦੇ ਮੁੱਖ ਪ੍ਰਬੰਧਕ ਮਾਸਟਰ ਪਰਮਵੇਦ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਲਈ ਬੀਟੂ ਝੱਜ, ਨਾਜ਼ਰ ਸਿੰਘ, ਮੈਨੇਜਰ ਰਜਿੰਦਰ ਛਾਬੜਾ, ਅਮਰੀਕ ਤੇ ਸੁਨੀਲ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਲਈ ਆਰਥਿਕ ਸਹਿਯੋਗ ਕਰਨ ਲਈ ਪ੍ਰਸ਼ੋਤਮ ਕੁਮਾਰ ਵੇਰਕਾ ਮਿਲਕ ਪਲਾਂਟ ਵਾਲੇ, ਜਗਦੀਸ਼ ਵਾਲੀਆ, ਐਡਵੋਕੇਟ ਕੁਲਦੀਪ ਜੈਨ, ਮਹਾਂਵੀਰ ਪ੍ਰਸਾਦ, ਮੈਨੇਜਰ ਰਜਿੰਦਰ ਛਾਬੜਾ, ਆਤਮਾ ਸਿੰਘ, ਨਾਜ਼ਰ ਸਿੰਘ, ਨਰਿੰਦਰ ਕੁਮਾਰ (ਮਨੀ ਐਕਸਚੇਂਜ), ਸੌਰਵ ਕੋਹਲੀ, ਇਕਬਾਲ ਕੌਰ, ਬਲਜੀਤ ਕੌਰ, ਗੁਰਧਿਆਨ ਸਿੰਘ ਫੌਜੀ ਤੇ ਕਿਰਨ ਪੰਧੇਰ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਅੰਤ ਵਿੱਚ ਐੱਮ ਸੀ ਸੁਰਿੰਦਰ ਸਿੰਘ ਭਿੰਡਰ ਤੇ ਮਾਸਟਰ ਪਰਮਵੇਦ ਨੇ ਭਰੋਸਾ ਦਿਵਾਇਆ ਕਿ ਰਹਿ ਗਈਆਂ ਕਮੀਆਂ ਖਾਸ ਕਰਕੇ ਲਾਈਟ ਦੇ ਪ੍ਰਬੰਧ ਨੂੰ ਦੂਰ ਕੀਤਾ ਜਾਵੇਗਾ।ਅੰਤ ਵਿੱਚ ਉਨ੍ਹਾਂ ਸਮਾਗਮ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕੀਤਾ।

# ਫਾਸਟ ਫੂਡ ਸ਼ਾਪ ਨੂੰ ਲੱਗੀ ਅੱਗ, ਸਕੂਟੀ ਤੇ ਹੋਰ ਸਾਮਾਨ ਸੜ ਕੇ ਸੁਆਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਲੋਟ ਰੋਡ 'ਤੇ ਬੱਸ ਅੱਡੇ ਨੇੜੇ ਬੀਤੀ ਰਾਤ ਇਕ ਫਾਸਟ ਫੂਡ ਸ਼ਾਪ ਨੂੰ ਅਚਾਨਕ ਅੱਗ ਲੱਗਣ ਕਾਰਨ ਦੁਕਾਨ ਦੇ ਬਾਹਰੀ ਹਿੱਸੇ 'ਚ ਪਿਆ ਕਾਫੀ ਸਮਾਨ ਸੜ ਕੇ ਨੁਕਸਾਨਿਆ ਗਿਆ।ਅੱਗ ਦੀ ਲਪੇਟ 'ਚ ਸਟੀਲ ਦਾ ਕਾਊਂਟਰ, ਬਾਂਸ ਦੀ ਹੱਟ, ਇਕ ਸਕੂਟੀ ਸਮੇਤ ਹੋਰ ਸਮਾਨ ਆ ਗਿਆ।ਹਾਲਾਂਕਿ ਗਨੀਮਤ ਰਹੀ ਕਿ ਘਟਨਾ ਸਮੇਂ ਦੁਕਾਨ ਬੰਦ ਹੋਣ ਕਾਰਨ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ।ਜਾਣਕਾਰੀ ਅਨੁਸਾਰ ਸਟਾਫ ਦੇ ਸਾਲਾਸਰ ਯਾਤਰਾ 'ਤੇ ਜਾਣ ਕਾਰਨ ਦੁਕਾਨ 26 ਅਗਸਤ ਨੂੰ ਸ਼ਾਮ ਕਰੀਬ 5 ਵਜੇ ਹੀ ਬੰਦ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਰਾਤ ਸਮੇਂ ਕਿਸੇ ਵੇਲੇ ਦੁਕਾਨ ਦੇ ਬਾਹਰ ਅੱਗ ਭੜਕ ਉੱਠੀ।ਅੱਗ ਇੰਨੀ ਤੇਜ਼ ਸੀ ਕਿ ਦੁਕਾਨ ਦੇ ਬਾਹਰ ਲੱਗਿਆ ਸਟੀਲ ਦਾ ਕਾਊਂਟਰ, ਬਾਂਸ ਦੀ ਹੱਟ ਤੇ ਸਕੂਟੀ ਸਮੇਤ ਹੋਰ ਸਾਮਾਨ ਸੜ ਗਿਆ।ਇਸ ਦੌਰਾਨ ਦੁਕਾਨ ਦੇ ਸ਼ਟਰ ਦੇ ਅੰਦਰ ਪਿਆ ਫਰਨੀਚਰ ਅੱਗ ਦੀ ਲਪੇਟ 'ਚ ਆਉਣ ਤੋਂ ਬਚ ਗਿਆ।ਦੁਕਾਨ ਦੀ ਇਕ ਕਰਮਚਾਰੀ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।ਮੁੱਢਲੇ ਤੌਰ 'ਤੇ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਅੱਗ ਕਾਰਨ ਨਾਲ ਲੱਗਦੀਆਂ ਦੁਕਾਨਾਂ ਦੇ ਬਾਹਰ ਲੱਗੇ ਫਲੈਕਸ ਆਦਿ ਨੂੰ ਵੀ ਨੁਕਸਾਨ ਪਹੁੰਚਿਆ ਹੈ। ਘਟਨਾ 'ਚ ਕਿਸੇ ਵਿਅਕਤੀ ਦੇ ਜ਼ਖਮੀ ਹੋਣ ਜਾਂ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ।

## ਸਫਾ 1 ਦੇ ਬਾਕੀ...

### ਸੁਭਾਸ਼ ਚੰਦਰਾ ਦਾ...

ਪ੍ਰਾਪਤ ਹੋਣਗੇ। ਇਹ ਸਿਰਫ ਵਾਲ ਕਟਵਾਉਣ ਦਾ ਮਾਮਲਾ ਨਹੀਂ ਹੈ। ਇਹ ਅਸਲ ਵਿੱਚ ਇੱਕ ਮੁੰਡਨ ਹੈ (ਲੱਗਭੱਗ 99.97 ਪ੍ਰਤੀਸ਼ਤ ਦਾ ਚੂਨਾ) ਤੇ ਇਨਸੌਲਵੈਂਸੀ ਤੇ ਦੀਵਾਲੀਆਪਨ ਕੋਡ, 2016 ਦਾ ਪੂਰੀ ਤਰ੍ਹਾਂ ਮਜ਼ਾਕ ਉਡਾਉਂਦਾ ਹੈ।" ਚੰਦਰਾ ਆਪਣੀ ਨਿੱਜੀ ਦੀਵਾਲੀਆਪਨ ਨਿਪਟਾਰੇ ਪ੍ਰਕਿਰਿਆ ਵਿੱਚ ਲੱਗਭੱਗ 22,006.57 ਕਰੋੜ ਰੁਪਏ ਦੇ ਦਾਖਲ ਕੀਤੇ ਲੈਣਦਾਰਾਂ ਦੇ ਦਾਅਵਿਆਂ ਦਾ ਨਿਪਟਾਰਾ ਕਰਨ ਲਈ ਸਿਰਫ 6.5 ਕਰੋੜ ਰੁਪਏ ਦਾ ਭੁਗਤਾਨ ਕਰਨਗੇ। ਚੰਦਰਾ ਜਾਂ ਉਸ ਦੇ ਸਮੂਹ ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ। ਭਾਰਤੀ ਬੈਂਕਾਂ ਦੇ ਪੈਸੇ ਦੱਬ ਕੇ ਇੰਗਲੈਂਡ ਰਹਿ ਰਹੇ ਵਿਜੇ ਮਾਲੀਆ ਨੇ ਕਿਹਾ ਹੈ, "ਜੇ ਸੱਚ ਹੈ ਤਾਂ ਮੇਰੇ ਦੋਸਤ ਸੁਭਾਸ਼ ਨੂੰ ਬਹੁਤ-ਬਹੁਤ ਵਧਾਈਆਂ। ਬੈਂਕਾਂ ਅਤੇ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਨੇ ਮੇਰੇ ਤੋਂ 6203 ਕਰੋੜ ਰੁਪਏ ਦੇ ਜੱਜਮੈਂਟ ਕਰਜ਼ੇ ਦੇ ਮੁਕਾਬਲੇ 14,100 ਕਰੋੜ ਰੁਪਏ ਵਸੂਲ ਕੀਤੇ ਹਨ। ਬਹੁਤ ਸਾਰੇ ਹੋਰ ਕਰਜ਼ਦਾਰ ਇੱਕ ਹਿੱਸੇ 'ਤੇ ਸੈਟਲ ਹੋ ਗਏ ਹਨ।"

ਐੱਨ ਸੀ ਐੱਲ ਟੀ ਮੈਂਬਰ (ਨਿਆਂਇਕ) ਨੀਲੇਸ਼ ਸ਼ਰਮਾ, ਜਿਨ੍ਹਾ ਨੇ ਤੀਜੇ ਮੈਂਬਰ ਵਜੋਂ ਫੈਸਲਾ ਸੁਣਾਇਆ, ਨੇ ਮੰਗਲਵਾਰ ਇਨਸੌਲਵੈਂਸੀ ਅਤੇ ਦੀਵਾਲੀਆਪਨ ਕੋਡ (923) ਦੀ ਧਾਰਾ 114 ਦੇ ਤਹਿਤ ਯੋਜਨਾ ਨੂੰ ਮਨਜ਼ੂਰੀ ਦਿੱਤੀ, ਜਿਸ ਵਿੱਚ ਕਰਜ਼ਦਾਤਾਵਾਂ ਦੇ ਇਤਰਾਜ਼ਾਂ ਨੂੰ ਰੱਦ ਕਰ ਦਿੱਤਾ ਗਿਆ ਕਿ ਵਸੂਲੀ ਪ੍ਰਵਾਨਗੀ ਦੇ ਯੋਗ ਹੋਣ ਲਈ ਬਹੁਤ ਘੱਟ ਸੀ।

ਇਸ ਤੋਂ ਪਹਿਲਾਂ ਐੱਨ ਸੀ ਐੱਲ ਟੀ ਦੇ ਦੋ ਮੈਂਬਰਾਂ ਨੇ ਵੰਡਿਆ ਹੋਇਆ ਫੈਸਲਾ ਦਿੱਤਾ ਸੀ, ਜਿਸ ਤੋਂ ਬਾਅਦ ਫੋਰਮ ਦੇ ਪ੍ਰਧਾਨ ਨੇ ਰਾਏ ਦੇ ਮੱਤਭੇਦ ਦੇ ਵਿਚਕਾਰ ਸ਼ਰਮਾ ਨੂੰ ਤੀਜਾ ਮੈਂਬਰ ਨਿਯੁਕਤ ਕੀਤਾ। ਸ਼ਰਮਾ ਨੇ ਐੱਲ ਆਈ ਸੀ ਹਾਊਸਿੰਗ ਫਾਈਨੈਂਸ ਦੀ ਅਗਵਾਈ ਵਾਲੇ ਅਸਹਿਮਤ ਲੈਣਦਾਰਾਂ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਅਦਾਇਗੀ ਅਵਿਵਹਾਰਕ ਅਤੇ ਗੈਰ-ਕਾਨੂੰਨੀ ਹੈ। ਐੱਲ ਆਈ ਸੀ ਹਾਊਸਿੰਗ ਫਾਈਨੈਂਸ ਦੇ ਮਾਮਲੇ ਵਿੱਚ, ਜਿਸ ਦਾ ਸਵੀਕਾਰ ਕੀਤਾ ਗਿਆ ਦਾਅਵਾ 1,322.39 ਕਰੋੜ ਰੁਪਏ ਸੀ, ਪ੍ਰਸਤਾਵਤ ਮੁੜ ਭੁਗਤਾਨ ਸਿਰਫ 38,09,294 ਰੁਪਏ ਹੈ, ਜੋ ਕਿ ਇਸਦੇ ਸਵੀਕਾਰ ਕੀਤੇ ਗਏ ਬਕਾਏ ਦਾ ਲੱਗਭੱਗ 0.028 ਪ੍ਰਤੀਸ਼ਤ ਹੈ।

ਸ਼ਰਮਾ ਨੇ 144 ਪੰਨਿਆਂ ਦੇ ਇੱਕ ਲੰਬੇ ਆਦੇਸ਼ ਵਿੱਚ ਕਿਹਾ ਕਿ ਰੈਜ਼ੋਲੂਸ਼ਨ ਪ੍ਰੋਫੈਸ਼ਨਲ ਦੇ ਮੁਲਾਂਕਣ ਤੋਂ ਪਤਾ ਚੱਲਦਾ ਹੈ ਕਿ ਚੰਦਰਾ ਦੀ ਨਿੱਜੀ ਜਾਇਦਾਦ ਯੋਜਨਾ ਦੇ ਤਹਿਤ ਪੇਸ਼ ਕੀਤੀ ਗਈ ਰਕਮ ਨਾਲੋਂ ਕਾਫੀ ਘੱਟ ਸੀ ਅਤੇ ਅਸਹਿਮਤ ਲੈਣਦਾਰਾਂ ਵੱਲੋਂ ਇਸ ਨੂੰ ਰੱਦ ਕਰਕੇ ਹੋਰ ਰਿਕਵਰੀ ਕਰਨ ਦੀ ਸੰਭਾਵਨਾ ਨਹੀਂ ਸੀ, ਕਿਉਂਕਿ ਉਹ ਫਿਰ ਵਿੱਤੀ ਰਿਕਵਰੀ ਦੀ ਸਥਿਤੀ ਤੋਂ ਭੁਗਤਾਨ ਕਰਨ ਦੇ ਯੋਗ ਹੋਣ ਦੀ ਬਜਾਏ ਦੀਵਾਲੀਆਪਨ ਦਾ ਸਾਹਮਣਾ ਕਰੇਗਾ। ਨਵੇਂ ਹੁਕਮ ਨਾਲ ਲੈਣਦਾਰਾਂ ਕੋਲ ਉਨ੍ਹਾਂ ਦੇ ਸਵੀਕਾਰ ਕੀਤੇ ਬਕਾਏ ਦਾ ਸਿਰਫ਼ 0.03 ਫੀਸਦੀ ਹੀ ਬਚੇਗਾ। ਇਸ ਪੈਮਾਨੇ 'ਤੇ ਸਵਾਲ ਉੱਠਦਾ ਹੈ ਕਿ ਕੀ ਦੀਵਾਲੀਆਪਨ ਪ੍ਰਣਾਲੀ ਹੱਲ ਪ੍ਰਦਾਨ ਕਰ ਰਹੀ ਹੈ ਜਾਂ ਸਿਰਫ ਭਾਰੀ ਲੈਣਦਾਰਾਂ ਦੇ ਨੁਕਸਾਨ 'ਤੇ ਕਾਨੂੰਨੀ ਮੋਹਰ ਲਗਾ ਰਹੀ ਹੈ? ਇਹ ਹੁਕਮ ਨਿੱਜੀ ਦੀਵਾਲੀਆਪਨ ਢਾਂਚੇ ਅਤੇ ਇਸ ਹੱਦ ਤੱਕ ਕਿ ਲੈਣਦਾਰਾਂ ਨੂੰ ਲਗਭਗ ਸੂਖਮ ਰਿਕਵਰੀ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ, ਬਾਰੇ ਬੁਨਿਆਦੀ ਸਵਾਲ ਉਠਾਉਂਦਾ ਹੈ।

### 3 ਰੋਜ਼ਾ ਸੂਬਾਈ...

ਸਿਖਿਆਰਥੀਆਂ ਨਾਲ ਵਿਚਾਰ-ਚਰਚਾ ਕਰਨਗੇ।ਵਿਚਾਰ-ਚਰਚਾ ਤੋਂ ਇਲਾਵਾ 29 ਅਗਸਤ ਸ਼ਾਮ 6 ਵਜੇ 'ਪੀਪਲਜ਼ ਵਾਇਸ' ਦੀ ਦੇਸ਼ ਭਗਤ ਯਾਦਗਾਰ ਹਾਲ ਨਾਲ ਲੰਮੇ ਅਰਸੇ ਤੋਂ ਜੁੜੀ ਟੀਮ ਵੱਲੋਂ ਫ਼ਿਲਮ ਸ਼ੋਅ ਹੋਏਗਾ। ਇਸ ਵਿੱਚ ਗੁਰਪ੍ਰੀਤ ਆਰਟਿਸਟ ਬਠਿੰਡਾ ਦੇ ਸਪੁੱਤਰ ਕੁੰਵਰ ਜੈ ਸਿੰਘ ਦੁਆਰਾ ਨਿਰਦੇਸ਼ਤ ਲਘੂ ਫ਼ਿਲਮ 'ਹੋਪ' ਅਤੇ ਆਨੰਦ ਪਟਵਰਧਨ ਦੀ ਫ਼ਿਲਮ 'ਰਾਮ ਕੇ ਨਾਮ' ਦੀ ਸਕਰੀਨਿੰਗ ਹੋਏਗੀ।ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਪ੍ਰੋ. ਤਜਿੰਦਰ ਵਿਰਲੀ, ਡਾ. ਸੈਲੇਸ਼ ਅਤੇ ਰਣਜੀਤ ਸਿੰਘ ਔਲਖ ਨੇ ਦੱਸਿਆ ਕਿ ਸਿਖਿਆਰਥੀਆਂ ਵਿੱਚ ਕੈਂਪ ਪ੍ਰਤੀ ਐਨਾ ਉਤਸ਼ਾਹ ਪਾਇਆ ਜਾ ਰਿਹਾ ਹੈ ਕਿ ਦੂਰ-ਦੁਰਾਡੇ ਖੇਤਰਾਂ ਤੋਂ 27 ਅਗਸਤ ਨੂੰ ਹੀ ਹਾਲ 'ਚ ਸਿਖਿਆਰਥੀ ਪੁੱਜਣੇ ਸ਼ੁਰੂ ਹੋ ਗਏ ਹਨ।ਮੀਟਿੰਗ 'ਚ ਕਮੇਟੀ ਜਨਰਲ ਸਕੱਤਰ ਗੁਰਮੀਤ ਸਿੰਘ ਦੁਆਰਾ ਸੰਪਾਦਤ 'ਦੇਸ਼ ਭਗਤ ਯਾਦਗਾਰ ਹਾਲ : ਸੰਖੇਪ ਇਤਿਹਾਸ' ਪੁਸਤਕ ਲੋਕ ਅਰਪਣ ਕੀਤੀ ਗਈ। ਜ਼ਿਕਰਯੋਗ ਹੈ ਕਿ ਇਹ ਪੁਸਤਕ ਵੀ ਹੋਰਨਾਂ ਕਿਤਾਬਾਂ ਨਾਲ ਕਮੇਟੀ ਵੱਲੋਂ 30 ਅਗਸਤ ਸਿਖਿਆਰਥੀਆਂ ਦੀ ਮੋਹ ਭਿੱਜੀ ਵਿਦਾਇਗੀ ਸਮੇਂ ਪ੍ਰਮਾਣ-ਪੱਤਰ ਦੇ ਨਾਲ ਸਨਮਾਨ ਵਜੋਂ ਭੇਟ ਕੀਤੀ ਜਾਏਗੀ।ਕਮੇਟੀ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨਾਲ ਇਹ ਜਾਣਕਾਰੀ ਸਾਂਝੀ ਕੀਤੀ।

### ਸੀ ਪੀ ਆਈ ਦਿੱਲੀ...

ਸਾਹਸੱਤਹੀਣ ਕਰਕੇ ਰੱਖ ਦਿੱਤਾ ਹੈ। ਜਨਤਕ ਅਦਾਰੇ ਚਹੇਤਿਆਂ ਨੂੰ ਸਸਤੇ ਭਾਅ ਵੇਚ ਕੇ ਦੇਸ਼ ਨਾਲ ਦਗਾ ਕਮਾਇਆ ਜਾ ਰਿਹਾ ਹੈ। ਅਸਮਾਨੀ ਚੜ੍ਹੀ ਮਹਿੰਗਾਈ ਨੂੰ ਰੋਕਣ ਲਈ ਸਰਕਾਰ ਪੂਰੀ ਤਰ੍ਹਾਂ ਅਸਫਲ ਸਿੱਧ ਹੋ ਰਹੀ ਹੈ। ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਹਰ ਵਰਗ ਸੜਕਾਂ 'ਤੇ ਆਉਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਸੀ ਪੀ ਆਈ ਸਰਕਾਰਾਂ ਦੀਆਂ ਆਪਹੁਦਰੀਆਂ ਦਾ ਹਮੇਸ਼ਾ ਵਿਰੋਧ ਕਰਦੀ ਆਈ ਹੈ। ਲੋਕ ਵਿਰੋਧੀ ਨੀਤੀਆਂ ਨੂੰ ਰੱਦ ਕਰਵਾਉਣ ਲਈ ਪਾਰਟੀ ਹਮੇਸ਼ਾ ਆਵਾਜ਼ ਬੁਲੰਦ ਕਰਦੀ ਰਹੀ ਹੈ। ਉਸੇ ਵਰਤਾਰੇ ਦੀ ਲਗਾਤਾਰਤਾ ਵਜੋਂ ਪਹਿਲੀ ਸਤੰਬਰ ਨੂੰ ਦਿੱਲੀ ਦੀ ਰਾਮ ਲੀਲ੍ਹਾ ਗਰਾਊਂਡ ਵਿੱਚ 'ਬਦਲਾਅ ਜ਼ਰੂਰੀ ਹੈ' ਰੈਲੀ ਵਿੱਚ ਪਹੁੰਚਣ ਲਈ ਆਗੂਆਂ ਨੇ ਜ਼ੋਰਦਾਰ ਹੋਕਾ ਦਿੱਤਾ। ਇਸ ਮੀਟਿੰਗ ਵਿੱਚ ਸੀ ਪੀ ਆਈ ਕੰਟਰੋਲ ਕਮਿਸ਼ਨ ਪੰਜਾਬ ਦੇ ਮੈਂਬਰ ਕਾਮਰੇਡ ਚੰਦ ਫਤਿਹਪੁਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਗਿਆਨ ਸਿੰਘ ਸੈਦਪੁਰੀ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਗੁਰਜੀਤ ਸਿੰਘ ਫਤਿਹਪੁਰ, ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਸਿਕੰਦਰ ਸੰਧੂ ਤੇ ਸੁਨੀਲ ਕੁਮਾਰ ਰਾਜੇਵਾਲ, ਕਿਸਾਨ ਆਗੂ ਸੁਖਜੀਤ ਤੇ ਜਤਿੰਦਰ ਸਿੰਘ ਫਤਿਹਪੁਰ, ਸੀ ਪੀ ਆਈ ਤਹਿਸੀਲ ਸ਼ਾਹਕੋਟ ਦੇ ਸਹਾਇਕ ਸਕੱਤਰ ਸਾਥੀ ਰਜਿੰਦਰ ਕੁਮਾਰ ਹੈਪੀ ਤੇ ਸਾਥੀ ਜਗਪ੍ਰੀਤ ਰਾਜੇਵਾਲ ਸ਼ਾਮਲ ਸਨ।

### 25 ਸਾਲ ਤੋਂ ਪੈਂਡਿੰਗ...

ਮੌਦਗਿਲ ਨੇ ਅੱਗੇ ਕਿਹਾ, "ਮੌਜੂਦਾ ਪਟੀਸ਼ਨ ਵਿੱਚ ਪੈਨਸ਼ਨ ਦੇ ਲਾਭਾਂ ਦੀ ਮੁੜ ਗਣਨਾ ਅਤੇ ਵਾਧੇ ਦੀ ਇੱਕ ਸਧਾਰਨ ਮੰਗ ਸ਼ਾਮਲ ਹੈ। ਇਨ੍ਹਾਂ ਕਾਰਵਾਈਆਂ ਦੇ ਲਟਕਣ ਦੌਰਾਨ ਕਈ ਅਜਿਹੇ ਪਟੀਸ਼ਨਰ ਸੇਵਾਮੁਕਤ ਹੋ ਚੁੱਕੇ ਹਨ, ਜਦੋਂ ਕਿ ਕੁਝ ਬਦਕਿਸਮਤੀ ਨਾਲ ਆਪਣੇ ਹੱਕੀ ਦਾਅਵਿਆਂ ਦਾ ਫੈਸਲਾ ਕਰਵਾਏ ਬਿਨਾਂ ਹੀ ਇਸ ਦੁਨੀਆ ਤੋਂ ਚੱਲ ਵਸੇ ਹਨ। ਸੂਬਾ ਸਰਕਾਰ ਵੱਲੋਂ ਨੋਟਿਸ ਜਾਰੀ ਹੋਣ ਦੇ ਬਾਵਜੂਦ ਜਵਾਬ ਦਾਖਲ ਨਾ ਕਰਨ ਅਤੇ ਮਾਮਲੇ ਨੂੰ ਲੱਗਭੱਗ 25 ਸਾਲਾਂ ਤੱਕ ਬਿਨਾਂ ਕਿਸੇ ਧਿਆਨ ਦੇ ਛੱਡ ਦੇਣ ਦਾ ਇਹ ਅਸੰਵੇਦਨਸ਼ੀਲ ਅਤੇ ਲਾਪਰਵਾਹ ਰਵੱਈਆ ਸਭ ਤੋਂ ਸਖਤ ਸ਼ਬਦਾਂ ਵਿੱਚ ਨਿੰਦਣਯੋਗ ਹੈ।"

ਪਹਿਲਾਂ ਜਿਹੜਾ ਇੱਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਸੀ, ਉਹ ਮੁੱਖ ਇੰਜੀਨੀਅਰ (ਸਿੰਚਾਈ ਕਾਰਜ); ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ; ਡਾਇਰੈਕਟਰ, ਪਬਲਿਕ ਇੰਸਟ੍ਰਕਸ਼ਨਜ਼ (ਸੈਕੰਡਰੀ); ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਹੁਸ਼ਿਆਰਪੁਰ ਵੱਲੋਂ ਬਰਾਬਰ ਹਿੱਸਿਆਂ ਵਿੱਚ ਅਦਾ ਕੀਤਾ ਜਾਣਾ ਸੀ।

### ਚੀਫ ਜਸਟਿਸ ਦੀ ...

ਕੀਤਾ ਗਿਆ ਹੈ ਕਿ ਨਾ ਟਾਲੇ ਜਾ ਸਕਣ ਵਾਲੇ ਹਾਲਾਤ ਕਾਰਨ ਕੋਈ ਕਨਵੋਕੇਸ਼ਨ ਨਹੀਂ ਕੀਤੀ ਜਾਵੇਗੀ।

ਯੂਨੀਵਰਸਿਟੀ ਨੇ ਕਿਹਾ ਸਾਰੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਗਵਰਨਿੰਗ ਬਾਡੀਜ਼ ਦੁਆਰਾ ਉਚਿਤ ਪ੍ਰਵਾਨਗੀ ਤੋਂ ਬਾਅਦ ਗੈਰਹਾਜ਼ਰੀ ਵਿੱਚ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਵਿਦਿਆਰਥੀ ਆਪਣੇ ਸਰਟੀਫਿਕੇਟ ਕੋਰੀਅਰ ਦੁਆਰਾ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਜਾਂ ਕੈਂਪਸ ਵਿੱਚ ਉਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀਆਂ ਨੇ ਬਾਰ ਕੌਂਸਲ ਆਫ ਇੰਡੀਆ (ਬੀ ਸੀ ਆਈ) ਦੇ ਚੇਅਰਮੈਨ ਮਨਨ ਕੁਮਾਰ ਮਿਸ਼ਰਾ ਅਤੇ ਚੀਫ ਜਸਟਿਸ ਸੂਰੀਆ ਕਾਂਤ ਦੇ ਕਨਵੋਕੇਸ਼ਨ ਵਿੱਚ ਸ਼ਾਮਲ ਹੋਣ 'ਤੇ ਇਤਰਾਜ਼ ਕੀਤਾ ਸੀ।

## ਪੰਜਾਬੀ ਪ੍ਰਵਾਸੀਆਂ ਦੇ ਮਸਲਿਆਂ ਦਾ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ : ਡਾ. ਰਵਜੋਤ ਸਿੰਘ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਦੇ ਐੱਨ ਆਰ ਆਈ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬੀ ਪ੍ਰਵਾਸੀਆਂ ਨਾਲ ਸਬੰਧਤ ਹਰ ਮਸਲੇ ਦਾ ਹੱਲ ਪੂਰੀ ਪਾਰਦਰਸ਼ਤਾ, ਮੈਰਿਟ ਤੇ ਮਿੱਥੇ ਸਮੇਂ ਅੰਦਰ ਯਕੀਨੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਪ੍ਰਭਾਵਸ਼ਾਲੀ ਤੇ ਤੁਰੰਤ ਨਿਪਟਾਰੇ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਬਠਿੰਡਾ ਦੇ ਇਕ ਹੋਟਲ ਵਿਖੇ ਕਰਵਾਈ ਗਈ 'ਐਨ.ਆਰ.ਆਈ. ਮਿਲਣੀ-2026' ਦੌਰਾਨ ਪ੍ਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਵਿਸ਼ੇਸ਼ ਮਿਲਣੀ ਦਾ ਉਦੇਸ਼ ਐੱਨ.ਆਰ.ਆਈਜ਼ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਸੁਣਨਾ ਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਤੁਰੰਤ ਕਾਰਵਾਈ ਯਕੀਨੀ ਬਣਾਉਣਾ ਹੈ।ਇਸ ਮਿਲਣੀ ਵਿੱਚ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮੋਗਾ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ ਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਪ੍ਰਵਾਸੀ ਪੰਜਾਬੀਆਂ ਨੇ ਹਿੱਸਾ ਲਿਆ।ਇਨ੍ਹਾਂ ਜ਼ਿਲ੍ਹਿਆਂ ਦੇ ਸਿਵਿਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਵੀ ਇਸ ਮੌਕੇ ਹਾਜ਼ਰ ਸਨ।ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਆਪਣੀ ਮਿੱਟੀ, ਸੱਭਿਆਚਾਰ ਤੇ ਵਿਰਸੇ ਨਾਲ ਡੂੰਘਾ ਨਾਤਾ ਰੱਖਦੇ ਹਨ ਤੇ ਉਨ੍ਹਾਂ ਨੇ ਦੁਨੀਆ ਭਰ ਵਿੱਚ ਪੰਜਾਬ ਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਨ.ਆਰ.ਆਈਜ਼ ਨਾਲ ਸਬੰਧਤ ਹਰ ਮਾਮਲੇ ਦੀ ਨਿਰਪੱਖ, ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਸੁਣਵਾਈ ਤੇ ਨਿਪਟਾਰਾ ਯਕੀਨੀ ਬਣਾਇਆ ਜਾ ਰਿਹਾ ਹੈ।

## ਗੁਰਦੁਆਰਾ ਸ੍ਰੀ ਬਾਲਾ ਪ੍ਰੀਤਮ ਵਿਖੇ ਅੱਖਾਂ ਤੇ ਦੰਦਾਂ ਦਾ ਮੁਫ਼ਤ ਕੈਂਪ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਰਾਜਗੜ੍ਹ ਦੇ ਗੁਰਦੁਆਰਾ ਸ੍ਰੀ ਬਾਲਾ ਪ੍ਰੀਤਮ ਸਾਹਿਬ ਵਿਖੇ ਸਿਹਤ ਵਿਭਾਗ ਤੇ ਗ੍ਰਾਮ ਪੰਚਾਇਤ ਵੱਲੋਂ ਸਾਂਝੇ ਤੌਰ 'ਤੇ ਅੱਖਾਂ ਤੇ ਦੰਦਾਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਚੱਲਿਆ, ਜਿਸ ਦੌਰਾਨ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਿਹਤ ਸੇਵਾਵਾਂ ਦਾ ਲਾਭ ਲਿਆ।ਕੈਂਪ ਦੌਰਾਨ ਮਰੀਜ਼ਾਂ ਦੀਆਂ ਅੱਖਾਂ ਤੇ ਦੰਦਾਂ ਦੀ ਜਾਂਚ ਕੀਤੀ ਗਈ।ਨੇੜੇ ਦੀ ਨਜ਼ਰ ਲਈ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਮੁਹੱਈਆ ਕਰਵਾਈਆਂ ਗਈਆਂ, ਜਦਕਿ ਅੱਖਾਂ ਨਾਲ ਸਬੰਧਤ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ।ਇਸ ਤੋਂ ਇਲਾਵਾ ਮੋਤੀਆ ਬਿੰਦ ਤੋਂ ਪੀੜਤ ਮਰੀਜ਼ਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਮੁਫ਼ਤ ਅਪ੍ਰੇਸ਼ਨ ਵੀ ਕਰਵਾਏ ਜਾਣਗੇ।ਇਸ ਮੌਕੇ ਡਾ. ਹਰਲੀਨ ਕੌਰ, ਡਾ. ਅਸ਼ਵਨੀ, ਡਾ. ਰਵੀ ਬਾਲਾ, ਡਾ. ਦਵਿੰਦਰ ਸਿੰਘ (ਡੈਂਟਲ), ਸੁਖਜੀਤ ਕੌਰ ਜੀ.ਐੱਚ.ਓ., ਸਵਰਨ ਸਿੰਘ ਐੱਮ.ਪੀ.ਐੱਚ.ਡਬਲਿਊ. (ਮੇਲ), ਸਰਪੰਚ ਜਗਤਾਰ ਸਿੰਘ, ਬਲਾਕ ਸੰਮਤੀ ਮੈਂਬਰ ਕਰਮਜੀਤ ਸਿੰਘ, ਪੰਚ ਸੁਖਵਿੰਦਰ ਕੌਰ, ਪੰਚ ਜਤਿੰਦਰ ਸਿੰਘ ਤੇ ਪੰਚ ਹਰਪ੍ਰੀਤ ਸਿੰਘ ਸਮੇਤ ਹੋਰ ਪਤਵੰਤੇ ਤੇ ਸਿਹਤ ਕਰਮਚਾਰੀ ਹਾਜ਼ਰ ਸਨ।

## 'ਮੇਰਾ ਕਾਲਜ ਮੈਂ ਸਵਾਰਾਂ' ਪਬਲਿਕ ਕਾਲਜ ਸਮਾਣਾ ਦੀ ਸਰਵੋਤਮ ਪ੍ਰਥਾ : ਡਾ. ਹਰਕੀਰਤ ਸਿੰਘ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਈ. ਕਿਊ. ਏ. ਸੈੱਲ ਤੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਕਾਲਜ ਦੀਆਂ ਸਰਵੋਤਮ ਪ੍ਰਥਾਵਾਂ ਤਹਿਤ ਮੇਰਾ ਕਾਲਜ ਮੈਂ ਸਵਾਰਾਂ ਗਤੀਵਿਧੀ 26 ਅਗਸਤ 2026 ਨੂੰ ਦੁਪਹਿਰ 1.00 ਵਜੇ ਤੋਂ ਪਬਲਿਕ ਕਾਲਜ ਸਮਾਣਾ ਵਿਖੇ ਕਰਵਾਈ ਗਈ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਤੇ ਸਟਾਫ ਮੈਂਬਰ ਵਿੱਚ ਸਫਾਈ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਤੇ ਆਪਣੇ ਕਾਲਜ ਪ੍ਰਤੀ ਅਪਣੱਤ ਦੀ ਭਾਵਨਾ ਪੈਦਾ ਕਰਨਾ ਸੀ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ, ਅਧਿਆਪਨ ਤੇ ਗੈਰ-ਅਧਿਆਪਨ ਸਟਾਫ ਦੇ ਨਾਲ-ਨਾਲ ਵਿਦਿਆਰਥੀਆਂ ਨੇ ਵੀ ਇਸ ਗਤੀਵਿਧੀ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ।ਸਾਰਿਆਂ ਨੇ ਮਿਲ ਕੇ ਕਾਲਜ ਦੇ ਲਾਅਨਜ਼, ਗਲਿਆਰਿਆਂ, ਕਲਾਸ ਰੂਮਜ਼ ਅਤੇ ਆਲੇ-ਦੁਆਲੇ ਦੇ ਖੇਤਰਾਂ ਦੀ ਸਾਫ-ਸਫਾਈ ਅਤੇ ਸਾਂਭ-ਸੰਭਾਲ ਵਿੱਚ ਸਰਗਰਮ ਯੋਗਦਾਨ ਪਾਇਆ।ਇਸ ਮੌਕੇ ਵਿਦਿਆਰਥੀਆਂ ਤੇ ਸਟਾਫ ਦੇ ਸਾਂਝੇ ਯਤਨਾਂ ਨੇ ਟੀਮ ਵਰਕ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਦਰਸਾਇਆ।ਇਸ ਉਪਰਾਲੇ ਨਾਲ ਨਾ ਕੇਵਲ ਕਾਲਜ ਕੈਂਪਸ ਨੂੰ ਸਾਫ-ਸੁਥਰਾ ਤੇ ਸੁੰਦਰ ਬਣਾਉਣ ਵਿੱਚ ਮਦਦ ਮਿਲੀ, ਸਗੋਂ ਵਿਦਿਅਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਸਫਾਈ ਬਣਾਈ ਰੱਖਣ ਦੀ ਆਦਤ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਗਿਆ।ਮੇਰਾ ਕਾਲਜ, ਮੈਂ ਸਵਾਰਾਂ ਕਾਲਜ ਦੀ ਇੱਕ ਮਹੱਤਵਪੂਰਨ ਸਰਵੋਤਮ ਪ੍ਰਥਾ ਹੈ, ਜੋ ਸਫਾਈ, ਟੀਮ ਵਰਕ, ਅਨੁਸਾਸਨ, ਵਾਤਾਵਰਣ ਪ੍ਰਤੀ ਜਾਗਰੂਕਤਾ ਤੇ ਸੰਸਥਾ ਪ੍ਰਤੀ ਅਪਣੱਤ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ।

## ਬਾਬਾ ਫ਼ਰੀਦ ਤੇ ਇੰਦਰਜੀਤ ਸਿੰਘ ਖ਼ਾਲਸਾ ਯਾਦਗਾਰੀ ਐਵਾਰਡਾਂ ਲਈ ਅਰਜ਼ੀਆਂ ਦੀ ਮੰਗ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਫ਼ਰੀਦਕੋਟ ਵਿਖੇ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਸਾਲਾਨਾ ਬਾਬਾ ਫ਼ਰੀਦ ਆਗਮਨ-ਪੁਰਬ ਦੌਰਾਨ ਦਿੱਤੇ ਜਾਣ ਵਾਲੇ 'ਬਾਬਾ ਫ਼ਰੀਦ ਐਵਾਰਡ ਫ਼ਾਰ ਸਰਵਿਸ ਟੂ ਹਿਊਮੈਂਟੀ' ਤੇ 'ਸ੍ਰ. ਇੰਦਰਜੀਤ ਸਿੰਘ ਖ਼ਾਲਸਾ ਯਾਦਗਾਰੀ ਐਵਾਰਡ' ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।ਗੁਰਦੁਆਰਾ ਗੋਦੜੀ ਸਾਹਿਬ ਤੇ ਟਿੱਲਾ ਬਾਬਾ ਫ਼ਰੀਦ ਰਿਲੀਜੀਅਸ ਐਂਡ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸ੍ਰ. ਸਿਮਰਜੀਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਬਾਬਾ ਫ਼ਰੀਦ ਲਾਅ ਕਾਲਜ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ।ਐਵਾਰਡਾਂ ਲਈ ਅਪਲਾਈ ਕਰਨ ਦੀ ਆਖ਼ਰੀ ਮਤੀ 10 ਸਤੰਬਰ ਹੈ ਤੇ ਅਰਜ਼ੀ ਬਾਬਾ ਫ਼ਰੀਦ ਪਬਲਿਕ ਸਕੂਲ ਹਰਿੰਦਰਾ ਨਗਰ ਫ਼ਰੀਦਕੋਟ ਦੇ ਦਫ਼ਤਰ ਵਿਖੇ ਜਾਂ ਈ-ਮੇਲ tillababafaridfaridkot@gmail.com ਰਾਹੀਂ ਜਮ੍ਹਾਂ ਕਰਵਾ ਸਕਦੇ ਹਨ।ਅਰਜ਼ੀਆਂ ਵਿਅਕਤੀ ਜਾਂ ਸੰਸਥਾ ਵੱਲੋਂ ਖੁਦ ਜਾਂ ਕਿਸੇ ਦੂਜੇ ਵਿਅਕਤੀ ਵੱਲੋਂ ਭੇਜੀਆਂ ਜਾ ਸਕਦੀਆਂ ਹਨ, ਪਰ ਅਰਜ਼ੀ ਦਾ 2 ਵਿਅਕਤੀਆਂ ਦੁਆਰਾ ਤਸਦੀਕ ਹੋਣਾ ਲਾਜ਼ਮੀ ਹੈ।ਮੇਲੇ ਦੇ ਅੰਤਿਮ ਦਿਨ 23 ਸਤੰਬਰ ਨੂੰ ਨਗਰ-ਕੀਰਤਨ ਗੁਰਦੁਆਰਾ ਗੋਦੜੀ ਸਾਹਿਬ ਪਹੁੰਚਣ ਉਪਰੰਤ ਦੀਵਾਨ ਹਾਲ ਵਿੱਚ ਸੰਗਤਾਂ ਦੀ ਹਾਜ਼ਰੀ ਵਿੱਚ ਇਹ ਸਨਮਾਨ ਭੇਟ ਕੀਤੇ ਜਾਣਗੇ।ਇਸ ਮੀਟਿੰਗ ਵਿੱਚ ਚਰਨਜੀਤ ਸਿੰਘ ਸੇਖੋਂ, ਦੀਪਇੰਦਰ ਸਿੰਘ ਸੇਖੋਂ, ਗੁਰਜਾਪ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਕੁਲਜੀਤ ਸਿੰਘ ਮੋਂਗੀਆਂ ਤੇ ਨਰਿੰਦਰ ਪਾਲ ਸਿੰਘ ਬਰਾੜ ਵੀ ਹਾਜ਼ਰ ਸਨ।

## ਇੰਦਰਜੀਤ ਮਾਨ ਨੇ ਹਨੂੰਮਾਨ ਚਾਲੀਸਾ ਦਾ ਪਾਠ ਕਰਵਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਹਿਰ ਰਾਮਪੁਰਾ ਫੂਲ ਦੇ ਪੁਰਾਣੇ ਦੁਰਗਾ ਮੰਦਰ ਵਿਖੇ ਚੇਅਰਮੈਨ ਮਾਰਕਫੈੱਡ ਪੰਜਾਬ ਤੇ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਇੰਦਰਜੀਤ ਸਿੰਘ ਮਾਨ ਵੱਲੋਂ ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕਰਵਾਇਆ ਗਿਆ।ਇਸ ਮੌਕੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਭਗਵਾਨ ਸ੍ਰੀ ਹਨੂੰਮਾਨ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ, ਹਲਕੇ ਰਾਮਪੁਰਾ ਫੂਲ ਦੀ ਚੜ੍ਹਦੀ ਕਲਾ ਤੇ ਹਰ ਪਰਵਾਰ ਦੀ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ।ਇਸ ਮੌਕੇ ਸ੍ਰ. ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਧਰਮ ਤੇ ਆਸਥਾ ਸਾਨੂੰ ਹਮੇਸ਼ਾ ਸੱਚਾਈ, ਸੇਵਾ, ਨਿਮਰਤਾ ਤੇ ਲੋਕ ਭਲਾਈ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਦਿੰਦੇ ਹਨ।ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਹਨੂੰਮਾਨ ਜੀ ਸ਼ਕਤੀ, ਹਿੰਮਤ, ਸਮਰਪਣ ਤੇ ਨਿਸ਼ਕਾਮ ਸੇਵਾ ਦੇ ਪ੍ਰਤੀਕ ਹਨ ਤੇ ਉਨ੍ਹਾਂ ਦੀ ਭਗਤੀ ਮਨੁੱਖ ਨੂੰ ਮੁਸ਼ਕਲਾਂ ਦਾ ਡਟ ਕੇ ਸਾਹਮਣਾ ਕਰਨ ਦੀ ਤਾਕਤ ਦਿੰਦੀ ਹੈ।ਉਨ੍ਹਾਂ ਸਮੁੱਚੀ ਸੰਗਤ ਅਤੇ ਸ਼ਹਿਰ ਵਾਸੀਆਂ ਨੂੰ ਧਾਰਮਿਕ ਤੇ ਸਮਾਜਿਕ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਮਿਲਜੁਲ ਕੇ ਅੱਗੇ ਵਧਣ ਦਾ ਸੱਦਾ ਦਿੱਤਾ।ਸਮਾਗਮ ਦੌਰਾਨ ਪੁਰਾਣੇ ਦੁਰਗਾ ਮੰਦਰ ਵਿਖੇ ਸ਼ਰਧਾ ਤੇ ਭਗਤੀ ਵਾਲਾ ਮਾਹੌਲ ਬਣਿਆ ਰਿਹਾ।ਸੰਗਤ ਵੱਲੋਂ ਪੂਰੀ ਸ਼ਰਧਾ ਨਾਲ ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਤੇ ਭਗਵਾਨ ਸ੍ਰੀ ਹਨੂੰਮਾਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ।

## ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਐੱਸ.ਡੀ. ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਗਿੱਦੜਬਾਹਾ ਵਿਖੇ ਐੱਮ.ਡੀ. ਨਿਸ਼ਾਂਤ ਬਾਘਲਾ ਦੀ ਅਗਵਾਈ ਹੇਠ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ।ਸਮਾਰੋਹ ਵਿਚ ਸਕੂਲ ਦੇ ਜੂਨੀਅਰ ਵਿੰਗ ਲਿਟਿਲ ਏਂਜਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਪਹਿਰਾਵੇ ਵਿਚ ਸਜ-ਧਜ ਕੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।ਵਿਦਿਆਰਥਣਾਂ ਨੇ ਪੰਜਾਬੀ ਲੋਕ ਗੀਤਾਂ, ਬੋਲੀਆਂ ਅਤੇ ਗਿੱਧੇ ਰਾਹੀਂ ਪੰਜਾਬੀ ਸੱਭਿਆਚਾਰ ਦੀ ਖ਼ੂਬਸੂਰਤ ਝਲਕ ਪੇਸ਼ ਕੀਤੀ। ਸਕੂਲ ਦੇ ਵਿਹੜੇ ਵਿਚ ਤੀਜ ਦੇ ਰੰਗਾਂ ਨਾਲ ਸੱਭਿਆਚਾਰਕ ਮਾਹੌਲ ਬਣਿਆ ਰਿਹਾ।ਵਿਦਿਆਰਥਣਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਤੇ ਗਹਿਣਿਆਂ ਨਾਲ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਰਸਾਇਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਲਤਾ ਬਾਘਲਾ ਵੱਲੋਂ ਵਿਦਿਆਰਥਣਾਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਪ੍ਰਿੰ. ਲਤਾ ਬਾਘਲਾ ਤੋਂ ਇਲਾਵਾ ਅਰਤੀ ਸ਼ਰਮਾ, ਸੋਨਮ ਰਾਣੀ, ਦੀਪਾਂਸ਼ੂ, ਚਰਨਪ੍ਰੀਤ ਕੌਰ, ਦੀਸ਼ੂ ਸਿੰਗਲਾ, ਅਮਨਦੀਪ ਕੌਰ, ਸੁਨੀਤਾ ਰਾਣੀ, ਖੁਸ਼ੀ ਸਿੰਗਲਾ, ਗੀਨਾ ਗੋਇਲ, ਨਵਨੀਤਾ ਜੈਸਵਾਲ, ਸ਼ਰੇਆ ਗਰਗ, ਰਿਤੂ, ਕਵੰਲਜੀਤ ਸਿੰਘ, ਜਗਦੀਪ ਸਿੰਘ ਤੇ ਰਿਚਾ ਬਾਘਲਾ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

## ਸਰਕਾਰੀ ਸਕੂਲਾਂ ਦੀਆਂ ਨਵੀਆਂ ਇਮਾਰਤਾਂ ਸਿੱਖਿਆ ਵਿਭਾਗ ਨੂੰ ਸੌਂਪੀਆਂ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਬੀਤੇ ਸਾਲ ਸਰਹੱਦੀ ਖ਼ੇਤਰ ਡੇਰਾ ਬਾਬਾ ਨਾਨਕ ਵਿਖੇ ਹੜ੍ਹਾਂ ਕਾਰਨ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਬਹੁਤ ਨੁਕਸਾਨ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋਈ ਸੀ। ਇਸ ਦੌਰਾਨ ਸਮਾਜ ਸੇਵੀ ਸੰਸਥਾਵਾਂ ਮਹਿੰਦਰਾ ਐਂਡ ਮਹਿੰਦਰਾ ਤੇ ਸਵਰਾਜ ਵੱਲੋਂ ਸਿੱਖਿਆ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੰਜਾਬ ਭਰ ਵਿੱਚ ਸਕੂਲ ਅਡਾਪਟ ਕੀਤੇ ਗਏ ਸਨ। ਇਸ ਲੜੀ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਡੇਰਾ ਬਾਬਾ ਨਾਨਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਮਨਸੂਰਕੇ ਦੀਆਂ ਇਮਾਰਤਾਂ ਦੀ ਨਵੀਂ ਉਸਾਰੀ ਕਰਵਾ ਕੇ ਸਿੱਖਿਆ ਵਿਭਾਗ ਨੂੰ ਸੌਂਪੀਆਂ ਗਈਆਂ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਪਰਮਜੀਤ ਨੇ ਦੱਸਿਆ ਬੀਤੇ ਸਾਲ ਆਏ ਹੜ੍ਹਾਂ ਕਾਰਨ ਸਕੂਲਾਂ ਦਾ ਕਾਫ਼ੀ ਨੁਕਸਾਨ ਹੋਇਆ ਸੀ। ਅਜਿਹੇ ਸਮੇਂ ਮਹਿੰਦਰਾ ਐਂਡ ਮਹਿੰਦਰਾ ਤੇ ਸਵਰਾਜ ਗਰੁੱਪ ਦੀ ਐਨ.ਜੀ.ਓ. ਟੀਮ ਵੱਲੋਂ ਪ੍ਰੋਜੈਕਟ ਗਿਆਨਦੀਪ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਮਨਸੂਰਕੇ ਵਿਖੇ ਸਮਾਰਟ ਕਲਾਸਰੂਮ , ਡੈਸਕ, ਆਧੁਨਿਕ ਸਾਫ਼ ਸੁਥਰੇ ਬਾਥਰੂਮ ਸਮੇਤ ਹਰ ਚੀਜ਼ ਦੀ ਨਵੀਂ ਉਸਾਰੀ ਕਰਵਾ ਕੇ ਵਿਭਾਗ ਨੂੰ ਸੌਂਪੇ ਗਏ ਹਨ। ਕੰਪਨੀ ਦੇ ਆਹਲਾ ਅਧਿਕਾਰੀਆਂ ਵੱਲੋਂ ਪਹੁੰਚ ਕੇ ਨਵੀਆਂ ਬਣੀਆਂ ਇਮਾਰਤਾਂ ਦਾ ਉਦਘਾਟਨ ਕੀਤਾ। ਇਸ ਮੌਕੇ ਜੇ.ਈ. ਪਰਮਿੰਦਰ ਸਿੰਘ ,ਜ਼ਿਲ੍ਹਾ ਮੀਡੀਆ ਇੰਚਾਰਜ ਗਗਨਦੀਪ ਸਿੰਘ, ਮੈਡਮ ਕੁਲਵਿੰਦਰ ਕੌਰ, ਅਧਿਆਪਕਾ ਮਨਦੀਪ ਕੌਰ,ਹਰਸਿਮਰਨ ਕੌਰ, ਕੁਲਵਿੰਦਰ ਕੌਰ,ਰਾਜਨਦੀਪ ਕੌਰ ਆਦਿ ਹਾਜ਼ਰ ਸਨ।

## ਨਸ਼ਾ ਵਿਰੋਧੀ ਰਾਸ਼ਟਰੀ ਸਹੁੰ ਸਮਾਗਮ ਆਯੋਜਿਤ



ਬਟਾਲਾ (ਤਰਲੋਕ ਬੱਗਾ) - ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਦੇ ਨਸ਼ਾ ਛੁਡਾਊ ਸੈੱਲ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਨਫਰੰਸ ਹਾਲ ਵਿਖੇ ਨਸ਼ਾ ਵਿਰੋਧੀ ਰਾਸ਼ਟਰੀ ਸਹੁੰ ਸਮਾਗਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਭਾਰਤ ਸਰਕਾਰ ਅਧੀਨ ਚਲਾਈ ਜਾ ਰਹੀ ਰਾਸ਼ਟਰੀ ਮੁਹਿੰਮ ਨਸ਼ਾ ਮੁਕਤ ਭਾਰਤ ਅਭਿਆਨ ਦੀ 6ਵੀਂ ਵਰ੍ਹੇਗੰਢ ਦੇ ਹਿੱਸੇ ਵਜੋਂ ਕਰਵਾਇਆ ਗਿਆ। ਇਹ ਸਮਾਗਮ ਡਾ. ਜੇ. ਪੀ. ਸਿੰਘ, ਕਾਰਜਕਾਰੀ ਪ੍ਰਿੰਸੀਪਲ ਅਤੇ ਕਨਵੀਨਰ ਪ੍ਰਬੰਧਕੀ ਕਮੇਟੀ ਅਤੇ ਡਾ. ਰਾਜਨ ਚੌਧਰੀ, ਇੰਚਾਰਜ, ਨਸ਼ਾ ਛੁਡਾਊ ਸੈੱਲ, ਦੀ ਅਗਵਾਈ ਅਤੇ ਰਹਿਨੁਮਾਈ ਹੇਠ ਕਰਵਾਇਆ ਗਿਆ। ਇਸ ਮੌਕੇ ਡੀ.ਐਸ.ਪੀ. ਨਾਰਕੋਟਿਕਸ, ਬਟਾਲਾ, ਸ੍ਰੀ ਹਰਬੰਸ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਐਸ.ਐਚ.ਓ. ਸਿਟੀ ਬਟਾਲਾ ਸ੍ਰੀ ਗੁਰਿਕਬਾਲ ਸਿੰਘ ਵੀ ਸਮਾਗਮ ਵਿੱਚ ਸ਼ਾਮਲ ਹੋਏ । ਸਮਾਗਮ ਦਾ ਮੁੱਖ ਆਕਰਸ਼ਣ ਸ੍ਰੀ ਪੰਕਜ ਮਹਾਜਨ ਦੀ ਪ੍ਰੇਰਣਾਦਾਇਕ ਅਤੇ ਨਿੱਜੀ ਜੀਵਨ-ਗਾਥਾ ਰਹੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡੀ.ਐਸ.ਪੀ. ਨਾਰਕੋਟਿਕਸ ਸ੍ਰੀ ਹਰਬੰਸ ਸਿੰਘ ਨੇ ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵਾਂ ਅਤੇ ਗੰਭੀਰ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਵਿੱਚ ਡਾ. ਸਵਿਤਾ, ਮੈਂਬਰ, ਪ੍ਰਬੰਧਕੀ ਕਮੇਟੀ; ਸ੍ਰੀ ਨੀਰਜ ਕੁਮਾਰ ਸ਼ਰਮਾ; ਸ੍ਰੀ ਅਸ਼ਵਨੀ ਕੁਮਾਰ; ਪ੍ਰੋ. ਅਨੁ; ਪ੍ਰੋ. ਮਨਦੀਪ ਬੇਦੀ, ਹੋਰ ਅਧਿਆਪਕ ਸਾਹਿਬਾਨ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਰਕਾਰ ਖਿਲਾਫ ਕੀਤੀ ਰੋਸ ਰੈਲੀ

ਗੁਰਦਾਸਪੁਰ (ਜਨਕ ਮਹਾਜਨ)- ਪਾਵਰਕਾਮ ਦੀ ਸਬ ਡਿਵੀਜ਼ਨ ਪੁਰਾਣਾ ਸ਼ਾਲਾ ਵਿੱਚ ਮੁਲਾਜ਼ਮਾਂ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਤੇ ਤਾਲਮੇਲ ਕਮੇਟੀ ਪੰਜਾਬ ਦੇ ਸੱਦੇ 'ਤੇ ਆਪਣੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਖਿਲਾਫ ਗੁਰਦੇਵ ਸਿੰਘ ਪ੍ਰਧਾਨ ਟੀ ਐਸ ਯੂ ਅਤੇ ਸੁਰਿੰਦਰ ਪੱਪੂ ਸਰਕਲ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਗੁਰਦਾਸਪੁਰ ਦੀ ਸਾਂਝੀ ਪ੍ਰਧਾਨਗੀ ਹੇਠ ਰੋਸ ਰੈਲੀ ਕੀਤੀ ਗਈ। ਇਸ ਰੋਸ ਰੈਲੀ ਨੂੰ ਸਾਬਕਾ ਇੰਜੀਨੀਅਰ ਜਗਤ ਸਿੰਘ, ਰਣਜੀਤ ਸਿੰਘ, ਦਰਸ਼ਨ ਸਿੰਘ ਬਾਜਵਾ, ਇੰਜੀਨੀਅਰ ਮਨੀ ਸਿੰਘ, ਇੰਜੀਨੀਅਰ ਮਲਕੀਤ ਸਿੰਘ, ਗੁਰਦੇਵ ਸਿੰਘ, ਸੁਖਜੀਤ ਸਿੰਘ, ਸੁਰਿੰਦਰ ਪੱਪੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਢੇ ਚਾਰ ਸਾਲ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਕੋਈ ਮੰਗ ਪੂਰੀ ਨਹੀਂ ਕੀਤੀ ਸਗੋਂ 37 ਤਰ੍ਹਾਂ ਦੇ ਪਹਿਲਾਂ ਮਿਲਦੇ ਭੱਤੇ ਵੀ ਬੰਦ ਕਰ ਦਿੱਤੇ ਹਨ।

ਉਨ੍ਹਾਂ ਕਿਹਾ ਹੋਰ ਤਾਂ ਹੋਰ ਮਾਨਯੋਗ ਹਾਈ ਕੋਰਟ ਦੇ ਆਦੇਸ਼ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 18 ਫੀਸਦੀ ਡੀ.ਏ ਜਾਰੀ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਦਵਿੰਦਰ ਸਿੰਘ, ਅਸ਼ਵਨੀ ਕੁਮਾਰ, ਹਰਭਜਨ, ਸੁਰਜੀਤ ਸਿੰਘ ਸੈਦੋਵਾਲ, ਸੁਰਜੀਤ ਸਿੰਘ ਭੱਟੀ, ਹੀਰਾ ਸਿੰਘ, ਨਿਸ਼ਾਨ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਓ ਆਰ ਐੱਸ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)— ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਓ. ਆਰ. ਐੱਸ. ਦਿਵਸ ਨੂੰ ਸਮਰਪਿਤ ਸਿਵਲ ਹਸਪਤਾਲ ਵਿਖੇ 'ਇਕ ਸਧਾਰਨ ਹੱਲ, ਇਕ ਸਿਹਤਮੰਦ ਭਵਿੱਖ' ਵਿਸ਼ੇ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਦਾ ਮਕਸਦ ਖਾਸ ਕਰਕੇ ਦਸਤਾਂ ਦੀ ਬਿਮਾਰੀ ਦੌਰਾਨ ਸਰੀਰ 'ਚ ਪਾਣੀ ਦੀ ਕਮੀ (ਡੀਹਾਈਡਰੇਸ਼ਨ) ਨੂੰ ਰੋਕਣ ਅਤੇ ਇਸ ਦੇ ਇਲਾਜ 'ਚ ਓਰਲ ਰੀਹਾਈਡਰੇਸ਼ਨ ਸਲਿਊਸ਼ਨ (ਓ. ਆਰ. ਐੱਸ.) ਦੀ ਮਹੱਤਤਾ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ 'ਚ ਡਾ. ਵਿਜੇ ਕੁਮਾਰ, ਡਾ. ਜਸਕਰਨਜੋਤ ਕੌਰ, ਡਾ. ਨਰਿੰਦਰ ਕੁਮਾਰ, ਸ੍ਰੀਮਤੀ ਸਿਮਰਨ ਅਤੇ ਸ੍ਰੀਮਤੀ ਅਭਿਗੇਲ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਨਰਸਿੰਗ ਵਿਦਿਆਰਥੀਆਂ ਵੱਲੋਂ ਕਮਿਊਨਿਟੀ ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਜਾਨਾਂ ਬਚਾਉਣ ਲਈ ਸਮੇਂ ਸਿਰ ਓ. ਆਰ. ਐੱਸ. ਦੀ ਵਰਤੋਂ ਦੀ ਮਹੱਤਤਾ 'ਤੇ ਚਾਨਣਾ ਪਾਇਆ।_ਨ੍ਹਾਂ ਕਿਹਾ ਕਿ ਔਬਸਟੈਟ੍ਰਿਕਲ ਐਂਡ ਗਾਇਨੀਕੋਲੋਜੀਕਲ ਵਿਭਾਗ ਦੀ ਪ੍ਰੋਫੈਸਰ (ਡਾ.) ਸੰਦੀਪ ਕੌਰ, ਅਸਿਸਟੈਂਟ ਪ੍ਰੋਫੈਸਰ ਹਰਲੀਨ ਕੌਰ ਅਤੇ ਨਰਸਿੰਗ ਟਿਊਟਰ ਮਹਿਰੀਨ ਕੋਸਰ ਦੀ ਅਗਵਾਈ ਹੇਠ ਐੱਮ. ਐੱਸ ੀ. ਨਰਸਿੰਗ, ਜੀ. ਐੱਨ. ਐੱਮ. ਤੀਜਾ ਸਾਲ ਅਤੇ ਏ. ਐੱਨ. ਐੱਮ. ਪਹਿਲਾ ਸਾਲ ਦੇ ਵਿਦਿਆਰਥੀਆਂ ਨੇ ਘਰੇਲੂ ਤੌਰ 'ਤੇ ਸਧਾਰਨ ਸਮੱਗਰੀ ਦੀ ਵਰਤੋਂ ਕਰਕੇ ਓ. ਆਰ. ਐੱਸ. ਤਿਆਰ ਕਰਨ ਦਾ ਲਾਈਵ ਪ੍ਰਦਰਸ਼ਨ ਕੀਤਾ। ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਨੇ ਓ. ਆਰ. ਐੱਸ. ਦੀ ਸਹੀ ਵਰਤੋਂ ਸਬੰਧੀ ਵੀ ਜਾਣਕਾਰੀ ਦਿੱਤੀ ਅਤੇ ਮਰੀਜ਼ਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਡੀਹਾਈਡਰੇਸ਼ਨ ਦੇ ਲੱਛਣਾਂ ਅਤੇ ਲੋੜੀਂਦੀ ਮਾਤਰਾ 'ਚ ਤਰਲ ਪਦਾਰਥ ਲੈਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਇਸ ਮੌਕੇ ਜਾਗਰੂਕਤਾ ਨੂੰ ਹੋਰ ਵਧਾਉਣ ਲਈ ਮਰੀਜ਼ਾਂ ਅਤੇ ਆਮ ਲੋਕਾਂ 'ਚ ਓ. ਆਰ. ਐੱਸ. ਦੇ ਪੈਕਟ ਵੀ ਵੰਡੇ ਗਏ।

## ਆਪ ਨੇ ਆਪਣੇ ਵਾਲੰਟੀਅਰ ਤੇ ਵਰਕਰਾਂ ਨੂੰ ਦਿੱਤੀਆਂ ਵੱਡੀਆਂ ਜ਼ਿੰਮੇਵਾਰੀਆਂ : ਡਾ. ਕੇ ਜੇ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ /ਬਟਾਲਾ, (ਡਾਕਟਰ ਮਲਵਿੰਦਰ ਸਿੰਘ)- ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ, ਜਿਸ ਵਿੱਚ ਪਾਰਟੀ ਦੇ ਵਾਲੰਟੀਅਰ ਅਤੇ ਵਰਕਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਦੇ ਕੇ ਨਿਵਾਜਿਆ ਗਿਆ ਹੈ। ਇਹ ਪ੍ਰਗਟਾਵਾ ਨਵ-ਨਿਯੁਕਤ ਪੇਡਾ ਦੇ ਸੀਨੀਅਰ ਵਾਇਸ ਚੇਅਰਮੈਨ ਡਾ. ਕਮਲਜੀਤ ਸਿੰਘ ਕੇ.ਜੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸੀਨੀਅਰ ਵਾਇਸ ਚੇਅਰਮੈਨ ਡਾ. ਕਮਲਜੀਤ ਸਿੰਘ ਕੇ.ਜੇ ਆਪਣੇ ਸਾਥੀਆਂ ਨਾਲ ਗੁਰਦੁਆਰਾ ਸ੍ਰੀ ਅੱਚਲ ਸਾਹਿਬ, ਬਾਬਾ ਨਾਮਦੇਵ ਜੀ ਗੁਰਦੁਆਰਾ ਸਾਹਿਬ ਘੁਮਾਣ ਅਤੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਨਤਮਸਤਕ ਹੋਏ । ਇਸ ਮੌਕੇ ਪੀ ਏ ਸ਼ਮਸ਼ੇਰ ਸਿੰਘ ਲੇਹਲ, ਉੱਘੇ ਸਮਾਜ ਸੇਵੀ ਡਾ. ਹਰਜਿੰਦਰ ਸਿੰਘ ਘੁਮਾਣ, ਪ੍ਰਮਜੀਤ ਸਿੰਘ ਡੇਅਰੀ ਵਾਲਾ, ਜਸਵੰਤ ਸਿੰਘ ਬਾਠ, ਸਾਬਕਾ ਸਰਪੰਚ ਬਲਰਾਮ ਸਿੰਘ ਬਰਿਆਰ, ਯੂਥ ਪ੍ਰਧਾਨ ਬਾਲਮੀਕ ਮਜ਼ਬੀ ਸਿੱਖ ਮੋਰਚਾ ਰਣਜੀਤ ਸਿੰਘ ਦਕੋਹਾ, ਪ੍ਰਧਾਨ ਮੁਖਤਾਰ ਸਿੰਘ ਬਰਿਆਰ, ਬਿੱਲਾ ਪੰਡੋਰੀ, ਡਾ ਰਣਧੀਰ ਸਿੰਘ ਪੰਡੋਰੀ, ਬਲਾਕ ਪ੍ਰਧਾਨ ਸੰਤੋਖ ਸਿੰਘ ਮਧਰਾ, ਮਨਪ੍ਰੀਤ ਸਿੰਘ ਮੰਡ ਅਤੇ ਵੱਡੀ ਗਿਣਤੀ ਵਿੱਚ ਹਲਕਾ ਵਾਸੀ ਮੌਜੂਦ ਸਨ।ਨਵ-ਨਿਯੁਕਤ ਸੀਨੀਅਰ ਵਾਈਸ ਚੇਅਰਮੈਨ ਕੇ.ਜੇ ਸਿੰਘ ਨੇ ਕਿਹਾ ਕਿ ਸਾਰਿਆਂ ਦੇ ਸਾਥ ਨਾਲ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ ਅਤੇ ਵਰਕਰਾਂ ਨਾਲ ਤਾਲਮੇਲ ਕਰਕੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

## 'ਵਿਰਸੇ ਦੇ ਰੰਗ, ਉੱਭਰਦੇ ਕਲਾਕਾਰਾਂ ਦੇ ਸੰਗ' ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਪੰਜਾਬੀ ਸੱਭਿਆਚਾਰ ਸੱਥ ਤੇ ਸਾਹਿਤ ਮੰਚ, ਅੰਮ੍ਰਿਤਸਰ ਵੱਲੋਂ ਚੇਅਰਮੈਨ ਜਸਬੀਰ ਸਿੰਘ ਝਬਾਲ,ਪ੍ਰਧਾਨ ਡਾ.ਰਾਜਬੀਰ ਕੌਰ 'ਬੀਰ' ਗਰੇਵਾਲ, ਜਨਰਲ ਸਕੱਤਰ ਸ੍. ਸਤਬੀਰ ਸਿੰਘ ਅਤੇ ਕਨਵੀਨਰ ਪ੍ਰੋ. ਮਨਦੀਪ ਕੌਰ ਬੱਲ ਦੀ ਅਗਵਾਈ ਹੇਠ ਵਿਰਸੇ ਦੇ ਰੰਗ—ਉੱਭਰਦੇ ਕਲਾਕਾਰਾਂ ਦੇ ਸੰਗ ਪ੍ਰੋਗਰਾਮ ਵਿਰਸਾ ਵਿਹਾਰ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਸ਼੍ਰੋਮਣੀ ਨਾਟਕਕਾਰ ਸ੍ਰੀ ਕੇਵਲ ਧਾਲੀਵਾਲ ਨੇ ਕੀਤੀ। ਮੁੱਖ ਮਹਿਮਾਨ ਵਜੋਂ ਜਾਗੀਰ ਕੌਰ ਮੀਰਾਂਕੋਟ, ਵਿਸ਼ੇਸ਼ ਮਹਿਮਾਨ ਸ੍. ਗੁਰਦੇਵ ਸਿੰਘ ਮਹਿਲਾਂਵਾਲਾ ਅਤੇ ਸੈਲੀਬ੍ਰਿਟੀ ਗੈਸਟ ਮਨਦੀਪ ਕੌਰ ਛੁੱਟਕੀ ਨੇ ਸ਼ਿਰਕਤ ਕੀਤੀ।ਵੱਖ-ਵੱਖ ਸਕੂਲਾਂ ਤੋਂ ਪਹੁੰਚੇ ਵਿਦਿਆਰਥੀਆਂ ਨੇ ਪੰਜਾਬੀ ਵਿਰਸੇ ਦੇ ਵੱਖ-ਵੱਖ ਰੰਗ ਪੇਸ਼ ਕਰਦਿਆਂ ਲੋਕ-ਗੀਤ, ਲੋਕ-ਨਾਚ, ਗਿੱਧਾ, ਭੰਗੜਾ, ਗੱਤਕਾ, ਤੀਰਅੰਦਾਜ਼ੀ ਅਤੇ ਨੁੱਕੜ ਨਾਟਕ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਦਲਜੀਤ ਸੋਨਾ ਦੀ ਟੀਮ ਵੱਲੋਂ ਪੇਸ਼ ਕੀਤੇ ਨੁੱਕੜ ਨਾਟਕ ਰਾਹੀਂ ਸਮਾਜ ਨੂੰ ਮਹੱਤਵਪੂਰਨ ਸੁਨੇਹਾ ਦਿੱਤਾ ਗਿਆ। ਖੇਡਾਂ, ਸੱਭਿਆਚਾਰ, ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਰਾਸ਼ਟਰੀ ਪੱਧਰ 'ਤੇ ਪ੍ਰਾਪਤੀਆਂ ਕਰਨ ਵਾਲੇ ਉੱਭਰਦੇ ਬਾਲ ਕਲਾਕਾਰਾਂ ਨੂੰ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਸੰਸਥਾ ਵੱਲੋਂ ਸ਼੍ਰੋਮਣੀ ਕਵੀ ਸ੍. ਹਰੀ ਸਿੰਘ ਗਰੀਬ ਪੁਰਸਕਾਰ ਉੱਭਰਦੇ ਬਾਲ ਕਲਾਕਾਰ ਅਤੇ ਕਵੀ ਰਾਜਵੀਰ ਸਿੰਘ ਨੂੰ ਪ੍ਰਦਾਨ ਕੀਤਾ ਗਿਆ।ਇਸ ਤੋਂ ਇਲਾਵਾ ਸੁਰਾਂ ਦਾ ਜਾਦੂਗਰ ਪੁਰਸਕਾਰ ਸੰਗੀਤ ਸੋਨੀ, ਗਿੱਧਿਆਂ ਦੀ ਰਾਣੀ ਪੁਰਸਕਾਰ ਅਮਾਇਰਾ ਮੈਦਾਨ, ਮਨਸੀਰਤ,ਦਿਲਨੂਰ ਕੌਰ, ਸੀਨੀਅਰ ਵਰਗ ਵਿੱਚ ਸੁਰਾਂ ਦਾ ਬਾਦਸ਼ਾਹ ਪੁਰਸਕਾਰ ਅਰਮਾਨਬੀਰ ਸਿੰਘ ਨੂੰ ਦਿੱਤਾ ਗਿਆ। ਜੈਸਮੀਨ ਕੌਰ ਨਿੱਝਰ ਨੂੰ ਹਰਫ਼ਾਂ ਦੀ ਰਾਣੀ ਅਤੇ ਨਿੱਕੀ ਆਵਾਜ਼, ਵੱਡਾ ਜਾਦੂ ਪੁਰਸਕਾਰ, ਸਹਿਜਦੀਪ ਸਿੰਘ ਨੂੰ ਅਨਮੋਲ ਸਿੰਘਾ , ਪ੍ਰਭਦੀਪ ਕੌਰ ਨੂੰ ਕਲਾ ਰਤਨ , ਅਨਮੋਲਪ੍ਰੀਤ ਕੌਰ ਅਤੇ ਪ੍ਰਭਨੂਰ ਕੌਰ ,ਮਨਸੀਰਤ ਕੌਰ ਨੂੰ ਗਿੱਧਿਆਂ ਦੀ ਰਾਣੀ ਪੁਰਸਕਾਰ ਦਿੱਤੇ ਗਏ।ਕਰਾਟੇ ਦੇ ਖੇਤਰ ਵਿੱਚ ਪ੍ਰਾਪਤੀ ਲਈ ਸਚਲੀਨ ਕੌਰ ਨੂੰ ਕਰਾਟੇ ਦੀ ਸ਼ੇਰਨੀ , ਤੀਰਅੰਦਾਜ਼ੀ ਲਈ ਤਾਜਦੀਪ ਸਿੰਘ ਨੂੰ ਤੀਰਅੰਦਾਜ਼ੀ ਪੁਰਸਕਾਰ ਅਤੇ ਕਿਰਪਨਜੋਤ ਸਿੰਘ ਨੂੰ ਗੱਤਕਾ ਵੀਰ ਪੁਰਸਕਾਰ ਦਿੱਤਾ ਗਿਆ। ਬਾਲ ਲੇਖਕ ਪੁਰਸਕਾਰ ਰੁਦਰਾਂਸ਼ ਸਰੀਨ ਨੂੰ ਪ੍ਰਦਾਨ ਕੀਤਾ ਗਿਆ। ਵਾਲੀਨ ਕੌਰ ਅਤੇ ਪ੍ਰਭਲੀਨ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਜਦ ਕਿ ਵਾਰਿਸ ਪ੍ਰੀਤ ਸਿੰਘ ਨੂੰ ਭੰਗੜੇ ਦਾ ਗੱਭਰੂ ਪੁਰਸਕਾਰ ਦਿੱਤਾ ਗਿਆ। ਸ਼੍ਰੋਮਣੀ ਨਾਟਕਕਾਰ ਸ੍ਰੀ ਕੇਵਲ ਧਾਲੀਵਾਲ ਨੇ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ।ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਜੋਂ ਸ੍.ਦਲਜੀਤ ਸਿੰਘ ਸੀਨੀਅਰ ਪੁਲਿਸ ਅਫ਼ਸਰ, ਡਾ. ਰਮਨਦੀਪ ਸਿੰਘ, ਡਾ.ਕਮਲਦੀਪ ਕੌਰ, ਮੈਡਮ ਪੂਜਾ,ਮੈਡਮ ਰਵਿੰਦਰ ਕੌਰ, ਸ੍. ਨਰਿੰਦਰ ਸਿੰਘ ਗੋਡ ਗਿਫਟ ਪ੍ਰੋਡਕਸ਼ਨ, ਸ੍. ਮਨਦੀਪ ਸਿੰਘ ਬੇਪਾਰਾਏ, ਸ੍.ਨਵਦੀਪ ਸਿੰਘ,ਆਕਾਸ਼ਦੀਪ ਸਿੰਘ,ਹਰਨੂਰ ਸਿੰਘ ਰੰਧਾਵਾ, ਰਾਜਬੀਰ ਸਿੰਘ ਰੰਧਾਵਾ, ਮਨਿੰਦਰਜੀਤ ਕੌਰ, ਬਲਜੀਤ ਕੌਰ ਸੰਧੂ, ਕੁਲਬੀਰ ਸਿੰਘ ਸੂਰੀ, ਡਾ. ਨਿੱਧੀ ਪਾਠਕ, ਡਾ.ਜਸਵਿੰਦਰ,ਮੈਡਮ ਸੁਖਰਾਜ ਕੌਰ,ਮੈਡਮ ਮਨਦੀਪ ਕੌਰ,ਮੈਡਮ ਸ਼ਿਵਾਨੀ ਮਹਾਜਨ, ਡਾ.ਸ਼ਰੁਤੀ ਸਰੀਨ,ਰਣਜੋਧ ਸਿੰਘ ਜੋਧਾ, ਰਜਿੰਦਰ ਸਿੰਘ ਮੰਗਾ,ਅਮਨਦੀਪ ਕੌਰ ਅਤੇ ਗੁਰਲੀਨ ਕੌਰ,ਮਨਪ੍ਰੀਤ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਵਿਰਸੇ ਦੇ ਰੰਗ—ਉੱਭਰਦੇ ਕਲਾਕਾਰਾਂ ਦੇ ਸੰਗ ਪ੍ਰੋਗਰਾਮ ਮਿੱਠੀਆਂ ਯਾਦਾਂ ਛੱਡਦਾ ਹੋਇਆ ਇੱਕ ਯਾਦਗਾਰੀ ਸਮਾਗਮ ਹੋ ਨਿੱਬੜਿਆ।

## ਹਿਊਮੈਨਿਟੀ ਫਸਟ ਇੰਡੀਆ ਵੱਲੋਂ ਖ਼ੂਨਦਾਨ ਕੈਂਪ ਲਗਾਇਆ




ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਕਾਦੀਆਂ ਵਿਖੇ ਹਿਊਮੈਨਿਟੀ ਫਸਟ ਭਾਰਤ ਵੱਲੋਂ ਨੂਰ ਹਸਪਤਾਲ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਦਾ ਮਕਸਦ ਲੋੜਵੰਦ ਮਰੀਜ਼ਾਂ ਦੇ ਲਈ ਖ਼ੂਨ ਦੀ ਉਪਲਬਧਤਾ ਸੁਨਿਸ਼ਚਿਤ ਕਰਨ ਵਿੱਚ ਸਹਿਯੋਗ ਪ੍ਰਦਾਨ ਕਰਨਾ ਅਤੇ ਮਾਨਵਤਾ ਦੀ ਸੇਵਾ ਦੇ ਇਸ ਨੇਕ ਕਾਰਜ ਨੂੰ ਵਧਾਵਾ ਦੇਣਾ ਸੀ । ਇਸ ਪ੍ਰੋਗਰਾਮ ਦਾ ਸ਼ੁੱਭ ਆਰੰਭ ਨੂਰ ਹਸਪਤਾਲ ਵਿਖੇ ਮੁਸਲਿਮ ਜਮਾਤ ਅਹਿਮਦੀਆ ਦੇ ਮੁੱਖ ਸਕੱਤਰ ਮੌਲਾਨਾ ਮੁਹੰਮਦ ਇਨਾਮ ਗੌਰੀ ਨੇ ਦੁਆ ਦੇ ਨਾਲ ਕੀਤਾ। ਇਸ ਮੌਕੇ ਸਈਅਦ ਅਜ਼ੀਜ਼ ਅਹਿਮਦ ਚੇਅਰਮੈਨ ਹਿਊਮੈਨਿਟੀ ਫਸਟ ਇੰਡੀਆ ਦੇ ਨਾਲ ਅਹਿਮਦੀਆ ਮੁਸਲਿਮ ਜਮਾਤ ਦੇ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਭਾਗ ਲਿਆ। ਇਸ ਖ਼ੂਨਦਾਨ ਕੈਂਪ ਦੌਰਾਨ ਕੁੱਲ 44 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਗੁਰਦਾਸਪੁਰ ਦੀ ਟੀਮ ਨੇ ਭਾਗ ਲਿਆ। ਇਸ ਮੌਕੇ ਨਗਰ ਕੌਂਸਲ ਕਾਦੀਆਂ ਦੇ ਪ੍ਰਧਾਨ ਦੇ ਪਤੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਤਰਨ ਤਾਰਨ 'ਚ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ ਫੂਕੇ



ਝਬਾਲ (ਮੱਖਣ ਮਨੋਜ)- ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ ਜ਼ਿਲ੍ਹਾ ਪੱਧਰੀ ਪੈਨਸ਼ਨਰ ਸਰਕਲ ਤਰਨਤਾਰਨ ਦੇ ਗੇਟ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਕੜਾਕੇ ਦੀ ਗਰਮੀ ਦੇ ਬਾਵਜੂਦ ਸੈਂਕੜੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੇ ਧਰਨੇ 'ਚ ਹਿੱਸਾ ਲਿਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੁਲਾਰਿਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਅੜੀਅਲ ਵਤੀਰਾ ਨਾ ਛੱਡਿਆ ਤਾਂ ਇਸ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸੜਕਾਂ ਜਾਮ ਕਰਨ ਦਾ ਫੈਸਲਾ ਵੀ ਲਿਆ ਜਾਵੇਗਾ।

ਧਰਨੇ ਦੇ ਅਖੀਰ ਵਿੱਚ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਪੰਜਾਬ ਦੇ ਪੁਤਲੇ ਫੂਕੇ ਗਏ।ਇਸ ਮੌਕੇ ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ ਮੰਨਣ, ਬਲਵਿੰਦਰ ਸਿੰਘ ਪਲਾਸੌਰ, ਸੋਹਣ ਸਿੰਘ ਰੰਧਾਵਾ, ਸੁਰਜੀਤ ਸਿੰਘ ਵਰਪਾਲ, ਅਲਵਿੰਦਰ ਸਿੰਘ ਜੱਜਲ, ਧਨਵੰਤ ਸਿੰਘ ਰੰਧਾਵਾ, ਸਾਧਾ ਸਿੰਘ ਸਰਾਵੂਲ, ਸੁਖਦੇਵ ਸਿੰਘ ਮਾਣੋਚਾਹਲ, ਜੋਧ ਸਿੰਘ, ਬਾਬਾ ਚਰਨਜੀਤ ਸਿੰਘ ਝਬਾਲ, ਕਰਮ ਸਿੰਘ ਪੰਡੋਰੀ, ਬੂਟਾ ਸਿੰਘ ਪੰਡੋਰੀ, ਦਾਰਾ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ ਕੋਟਲਾ, ਜਗਤਾਰ ਸਿੰਘ ਭਿੱਖੀਵਿੰਡ, ਅਮਰਜੀਤ ਸਿੰਘ, ਰਣਜੀਤ ਸਿੰਘ, ਜਸਵੰਤ ਸਿੰਘ ਝੀਤਾਂ, ਪ੍ਰਗਟ ਸਿੰਘ ਗਿੱਲ, ਪਰਮਜੀਤ ਸਿੰਘ, ਕਰਮ ਸਿੰਘ ਚਮਕੀਲਾ, ਅਕਾਊਂਟੈਂਟ ਮੈਡਮ ਰੀਤੂ, ਮੈਡਮ ਜਸਬੀਰ ਕੌਰ, ਸੁਰਿੰਦਰ ਸਿੰਘ ਭੱਠਲ, ਤਰਸੇਮ ਸਿੰਘ, ਸਤਪਿੰਦਰ ਸਿੰਘ ਢੰਡ, ਲੱਖਪਾਲ ਸਿੰਘ ਕਸੇਲ, ਲਖਵਿੰਦਰ ਸਿੰਘ ਜੌਹਲ ਤੇ ਦਿਲਬਾਗ ਸਿੰਘ ਸੁਲਤਾਨਵਿੰਡ ਹਾਜ਼ਰ ਸਨ।

## ਖਾਲਸਾ ਕਾਲਜ ਲਾਅ ਦੀਆਂ ਵਿਦਿਆਰਥਣਾਂ ਦੀ ਇਮਤਿਹਾਨ 'ਚ ਸ਼ਾਨਦਾਰ ਪ੍ਰਾਪਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਖਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਲਈ ਗਈ ਬੀ. ਕਾਮ. ਐੱਲ. ਐੱਲ. ਬੀ. (ਪੰਜ ਸਾਲਾ ਕੋਰਸ) ਸਮੈਸਟਰ ਪੰਜਵਾਂ ਦੀ ਪ੍ਰੀਖਿਆ 'ਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕਾਲਜ, ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੁਨੀਤ ਕੌਰ ਨੇ ਕੁਲ 600 ਅੰਕਾਂ 'ਚੋਂ 440 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਪਹਿਲਾ, ਤਨਵੀ ਚੋਪੜਾ ਨੇ 432 ਅੰਕਾਂ ਨਾਲ ਤੀਸਰਾ ਅਤੇ ਵਰਨਪ੍ਰੀਤ ਕੌਰ ਨੇ 426 ਅੰਕਾਂ ਨਾਲ ਚੌਥਾ ਸਥਾਨ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ।

ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਰਸ਼ੀਮਾ ਚੰਗੋਤਰਾ, ਡਾ. ਸੀਮਾ ਰਾਣੀ, ਡਾ. ਪੁਨੀਮਾ ਧੰਨਾ, ਡਾ. ਰੇਨੂੰ ਸੈਣੀ, ਡਾ. ਸ਼ਿਵਨ ਸਰਪਾਲ, ਪ੍ਰੋ. ਨੀਤੀਕਾ ਮਹਾਜਨ ਅਤੇ ਕਾਲਜ ਦੇ ਬਾਕੀ ਸਟਾਫ ਮੈਂਬਰ ਹਾਜ਼ਰ ਸਨ।



## ਜੀ.ਟੀ.ਬੀ.ਆਈ. ਸਕੂਲ 'ਚ ਮਨਾਇਆ ਗੁਰੂ ਲਾਧੋ ਰੇ ਦਿਵਸ




ਧਾਰੀਵਾਲ (ਮਨਦੀਪ ਵਿੱਕੀ)- ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ ਟੀ ਬੀ ਆਈ) ਸਕੂਲ ਕਲਿਆਣਪੁਰ ਵਿੱਚ ਗੁਰੂ ਲਾਧੋ ਰੇ ਦਿਵਸ ਬੜੀ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ। ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਪ੍ਰਬੰਧਕਾਂ ਨੇ ਰਲ ਮਿਲ ਕੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਦਾ ਉਚਾਰਨ ਕੀਤਾ।

ਇਸ ਤੋਂ ਬਾਅਦ ਛੇਵੀਂ ਕਲਾਸ ਦੇ ਹਰਫਤਿਹ ਸਿੰਘ, ਪ੍ਰਭਦੀਪ ਸਿੰਘ ਅਤੇ ਸਾਹਿਬਦੀਪ ਸਿੰਘ ਦੇ ਕਵੀਸ਼ਰੀ ਜੱਥੇ ਨੇ ਗੁਰੂ ਲਾਧੋ ਰੇ ਦਿਵਸ ਨੂੰ ਸਮਰਪਿਤ ਕਵੀਸ਼ਰੀ ਗਾਇਨ ਕੀਤੀ। ਸੱਤਵੀਂ ਕਲਾਸ ਦੀਆਂ ਵਿਦਿਆਰਥਣਾਂ ਲਕਸ਼ਿਆ, ਤਮਨਪ੍ਰੀਤ ਕੌਰ, ਸਰਗੁਨਪ੍ਰੀਤ ਕੌਰ, ਅਵਨੀਤ ਕੌਰ, ਪਵਨਜੋਤ ਕੌਰ, ਰਾਧਿਕਾ, ਸੁਖਲੀਨ ਕੌਰ, ਗੁਰਕੀਰਤ ਕੌਰ, ਮਨਸੀਰਤ ਕੌਰ ਅਤੇ ਗੁਰਸਾਹਿਬਦੀਪ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਸ਼ਬਦ ਗਾਇਨ ਕਰਕੇ ਸਭ ਨੂੰ ਨਿਹਾਲ ਕੀਤਾ ਗਿਆ। ਧਾਰਮਿਕ ਅਧਿਆਪਕਾ ਕੁਲਵਿੰਦਰ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਗੁਰੂ ਲਾਧੋ ਰੇ ਦਿਵਸ ਦੀ ਮਹੱਤਤਾ ਬਾਰੇ ਮੱਖਣ ਸ਼ਾਹ ਲੁਬਾਣੇ ਦੇ ਜਹਾਜ਼ ਨੂੰ ਗੁਰੂ ਤੇਗ ਬਹਾਦਰ ਵੱਲੋਂ ਪਾਰ ਕਰਵਾਉਣ ਦੀ ਕਥਾ ਨੂੰ ਵਿਸਥਾਰ ਪੂਰਵਕ ਬੱਚਿਆਂ ਨਾਲ ਸਾਂਝਾ ਕੀਤਾ। ਸਕੂਲ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਗੁਰਬਾਣੀ ਨਾਲ ਜੁੜਨ ਅਤੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

## ਐਡਵਾਂਸ ਬੰਨ੍ਹ ਬਣਾਉਣ ਦੀ ਮੰਗ ਨੂੰ ਲੈ ਕੇ ਵਫਦ ਐਕਸੀਅਨ ਨੂੰ ਮਿਲਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦਾ ਇਕ ਵਫਦ ਦਰਿਆ ਰਾਵੀ ਵੱਲੋਂ ਪਿੰਡ ਗੁਰਚੱਕ, ਧਰਮਕੋਟ ਪੱਤਣ ਅਤੇ ਮਨਸੂਰ ਆਦਿ ਪਿੰਡਾਂ ਦੀਆਂ ਉਪਜਾਊ ਜਮੀਨਾਂ ਨੂੰ ਲਗਾਈ ਜਾ ਰਹੀ ਢਾਹ ਦੇ ਸਬੰਧ ਵਿੱਚ ਐਕਸੀਅਨ ਰਣਜੀਤ ਸਾਗਰ ਡੈਮ ਸ੍ਰੀ ਗਗਨ ਦੀਪ ਸਿੰਘ ਜਿਨ੍ਹਾਂ ਕੋਲ ਡਰੇਨੇਜ ਵਿਭਾਗ ਗੁਰਦਾਸਪੁਰ ਦਾ ਵਾਧੂ ਚਾਰਜ ਵੀ ਹੈ ਨੂੰ ਉਹਨਾਂ ਦੇ ਦਫਤਰ ਸ਼ਾਹਪੁਰ ਕੰਢੀ ( ਪਠਾਨਕੋਟ) ਵਿਖੇ ਮਿਲਿਆ। ਵਫਦ ਨੇ ਪਿੰਡਾਂ ਦੀ ਉਪਜਾਊ ਜਮੀਨ ਦੇ ਸਾਹਮਣੇ ਦਰਿਆ ਰਾਵੀ ਦੇ ਕੰਢੇ ਤੁਰੰਤ ਐਡਵਾਂਸ ਧੁੱਸੀ ਬੰਨ ਬਣਾ ਕੇ ਇਹਨਾਂ ਪਿੰਡਾਂ ਦੀ ਉਪਜਾਊ ਜਮੀਨ ਨੂੰ ਬਚਾਏ ਜਾਣ ਦੀ ਮੰਗ ਕੀਤੀ। ਐਕਸੀਅਨ ਨੇ ਵਫਦ ਨੂੰ ਦੱਸਿਆ ਕਿ ਤੁਹਾਡੀ ਜਥੇਬੰਦੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਇਹ ਮਾਮਲਾ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਿਨਟ ਮੰਤਰੀ ਪੰਜਾਬ ਅਤੇ ਜਿਲਾ ਪ੍ਰਸ਼ਾਸਨ ਗੁਰਦਾਸਪੁਰ ਨਾਲ ਉਠਾਏ ਜਾਣ ਕਰਕੇ ਮੇਰੇ ਪਹਿਲਾਂ ਹੀ ਧਿਆਨ ਵਿੱਚ ਹੈ ਅਤੇ ਸਾਡਾ ਵਿਭਾਗ ਪਹਿਲਾਂ ਹੀ ਜਲਦੀ ਤੋਂ ਜਲਦੀ ਇਹਨਾਂ ਪਿੰਡਾਂ ਦੀ ਉਪਜਾਊ ਜਮੀਨ ਦੇ ਸਾਹਮਣੇ ਐਡਵਾਂਸ ਧੁੱਸੀ ਬੰਨ ਬਣਾਉਣ ਲਈ ਕਾਰਜਸ਼ੀਲ ਹੋ ਚੁੱਕਾ ਹੈ। ਵਫਦ ਵਿੱਚ ਜਥੇਬੰਦੀ ਦੇ ਆਗੂ ਬਲਬੀਰ ਸਿੰਘ ਰੰਧਾਵਾ, ਜੋਗਿੰਦਰ ਸਿੰਘ ਖੰਨਾ ਚਮਾਰਾ, ਅਵਤਾਰ ਸਿੰਘ ਸਿੰਘਪੁਰਾ, ਨਰਿੰਦਰ ਸਿੰਘ ਤਲਵੰਡੀ ਹਿੰਦੂਆਂ, ਸਤਬੀਰ ਸਿੰਘ ਖੋਦੇ ਬੇਟ, ਮਾ: ਸੁੱਚਾ ਸਿੰਘ ਰਾਮਦਵਾਲੀ, ਗੁਰਮੁਖ ਸਿੰਘ ਗੁਰਚੱਕ, ਸਤਪਾਲ ਸਿੰਘ ਰੰਧਾਵਾ, ਸਰਦੂਲ ਸਿੰਘ ਗੁਰਚੱਕ ਅਤੇ ਬਲਰਾਜ ਸਿੰਘ ਗੁਰਚੱਕ ਆਦਿ ਆਗੂ ਸ਼ਾਮਿਲ ਸਨ ।

## ਫੂਡ ਸੇਫਟੀ ਵਿਭਾਗ ਨੇ 5 ਮਹੀਨਿਆਂ 'ਚ ਭਰੇ 96 ਸੈਂਪਲ



ਗੁਰਦਾਸਪੁਰ (ਜਨਕ ਮਹਾਜਨ)- ਮਾਨਯੋਗ ਕਮਿਸ਼ਨਰ ਫੂਡ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਗੁਰਦਾਸਪੁਰ ਦੀ ਫੂਡ ਸੇਫਟੀ ਟੀਮ ਵਲੋਂ ਅਸਿਸਟੈਂਟ ਕਮਿਸ਼ਨਰ ਫੂਡ ਡਾਕਟਰ ਜੀ. ਐਸ ਪੰਨੂ ਦੀ ਅਗੁਵਾਈ ਹੇਠ ਵੱਖ ਵੱਖ ਥਾਵਾਂ 'ਤੇ ਮਿਠਾਈ ਦੀ ਦੁਕਾਨਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਦੁੱਧ ਅਤੇ ਦੁੱਧ ਤੋਂ ਬਣੀ ਮਿਠਾਈ ਦੇ ਸੈਂਪਲ ਭਰੇ ਗਏ। ਇਸ ਸਬੰਧੀ ਸਹਾਇਕ ਕਮਿਸ਼ਨਰ ਫੂਡ ਡਾਕਟਰ ਜੀ. ਐਸ ਪੰਨੂ ਨੇ ਦੱਸਿਆ ਕਿ ਲੋਕਾਂ ਨੂੰ ਮਿਆਰੀ ਖਾਦ ਪਦਾਰਥ ਮੁਹਈਆ ਕਰਵਾਉਣ ਦੇ ਉਦੇਸ਼ ਨਾਲ ਵੱਖ-ਵੱਖ ਥਾਵਾਂ 'ਤੇ ਛਾਪਾਮਾਰੀ ਕੀਤੀ ਜਾ ਰਹੀ ਹੈ। ਫੂਡ ਸੇਫਟੀ ਅਫਸਰ ਰੇਖਾ ਸ਼ਰਮਾ ਨਾਲ ਮਿਠਾਈ ਦੀ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਜਾਂਚ ਲਈ ਦੁੱਧ ਅਤੇ ਦੁੱਧ ਤੋਂ ਬਣੀ ਮਿਠਾਈ ਦੇ ਸੈਂਪਲ ਭਰੇ ਗਏ। ਡਾਕਟਰ ਜੀ ਐਸ ਪੰਨੂ ਨੇ ਦਸਿਆ ਕਿ ਪਿਛਲੇ 5 ਮਹੀਨੇ ਵਿਚ ਫੂਡ ਸ਼ਾਖਾ ਗੁਰਦਾਸਪੁਰ ਵਲੋਂ 96 ਸੈਂਪਲ ਭਰੇ ਗਏ ਹਨ ਜਿਨ੍ਹਾਂ ਵਿੱਚੋਂ 19 ਸੈਂਪਲ ਸਬ ਸਟੈਂਡਰਡ ਹੋਣ 'ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਸਕੂਲ 'ਚ ਰੱਖੜੀ ਬਣਾਉਣ ਦਾ ਮੁਕਾਬਲਾ ਕਰਵਾਇਆ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) - ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਆਫ਼ ਕੈਂਡਿਡ ਸਟਡੀਜ਼ ਵਿਖੇ ਰੱਖੜੀ ਦੇ ਪਵਿੱਤਰ ਤਿਉਹਾਰ ਨੂੰ ਸਮਰਪਿਤ ਇੱਕ ਵਿਸ਼ੇਸ਼ ਰੱਖੜੀ ਬਣਾਉਣ ਦੇ ਮੁਕਾਬਲੇ ਦਾ ਆਯੋਜਨ ਬਹੁਤ ਹੀ ਉਤਸ਼ਾਹਪੂਰਵਕ ਮਾਹੌਲ ਵਿੱਚ ਕੀਤਾ ਗਿਆ । ਸਮਾਗਮ ਦੀ ਪ੍ਰਧਾਨਗੀ ਸਕੂਲ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ, ਚੇਅਰਮੈਨ ਰਵਿੰਦਰ ਕੁਮਾਰ ਅਤੇ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਚਤਰਥ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਸਕੂਲ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਬੱਚਿਆਂ ਦੁਆਰਾ ਬਣਾਈਆਂ ਰੱਖੜੀਆਂ ਦੀ ਪ੍ਰਦਰਸ਼ਨੀ ਦਾ ਨਿਰੀਖਣ ਕੀਤਾ ਅਤੇ ਉਨ੍ਹਾਂ ਦੀ ਬਿਹਤਰੀਨ ਕਲਾਤਮਕ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕਰਦਿਆਂ ਹੌਸਲਾ ਅਫ਼ਜ਼ਾਈ ਕੀਤੀ। ਪ੍ਰਿੰਸੀਪਲ ਅਨੀਤਾ ਚਤਰਥ ਨੇ ਸਮੂਹ ਵਿਦਿਆਰਥੀਆਂ ਨੂੰ ਰੱਖੜੀ ਦੇ ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਬਾਰੇ ਜਾਣੂ ਕਰਵਾਇਆ ਅਤੇ ਭੈਣ-ਭਰਾ ਦੇ ਆਪਸੀ ਪਿਆਰ, ਸਤਿਕਾਰ ਅਤੇ ਪਵਿੱਤਰ ਰਿਸ਼ਤੇ ਦੀ ਅਹਿਮੀਅਤ 'ਤੇ ਚਾਨਣਾ ਪਾਇਆ। ਮੁਕਾਬਲੇ ਦੌਰਾਨ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਗਰੁੱਪ ਵਿੱਚੋ ਰਹਿਤਪ੍ਰੀਤ ਕੌਰ ਜਮਾਤ ਤੀਸਰੀ ਨੇ ਪਹਿਲਾ, ਜਸਲੀਨ ਕੌਰ ਪੰਜਵੀਂ ਜਮਾਤ ਨੇ ਦੂਸਰਾ ਅਤੇ ਜਸਕੀਰਤ ਸਿੰਘ ਪੰਜਵੀਂ ਜਮਾਤ ਨੇ ਤੀਸਰਾ ਸਥਾਨ ਹਾਸਲ ਕੀਤਾ । ਦੂਸਰੇ ਗਰੁੱਪ ਵਿੱਚ ਦਿਵਯਾ ਅਤੇ ਸਮਾਈਲ ਜਮਾਤ ਦਸਵੀਂ ਨੇ ਪਹਿਲਾ ਸਥਾਨ , ਲਵਲੀਨ ਤਨੇਜਾ ਜਮਾਤ ਦਸਵੀਂ ਅਤੇ ਅਗਮਜੋਤ ਸਿੰਘ ਜਮਾਤ ਛੇਵੀਂ ਨੇ ਦੂਸਰਾ ਅਤੇ ਹਰਸਿਮਰਤ ਕੌਰ ਅਤੇ ਮਹਿਰੋਸ ਕੌਰ ਜਮਾਤ ਸੱਤਵੀਂ ਨੇ ਤੀਸਰਾ ਸਥਾਨ ਹਾਸਲ ਕੀਤਾ ।ਸਮਾਗਮ ਦੇ ਅੰਤ ਵਿੱਚ ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਮੁਕਾਬਲੇ ਵਿੱਚੋਂ ਬਿਹਤਰੀਨ ਰੱਖੜੀਆਂ ਬਣਾਉਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੈਡਮ ਮਨਜਿੰਦਰ ਕੌਰ , ਜਸਬੀਰ ਸਿੰਘ , ਰਮਨਦੀਪ ਕੌਰ, ਕੁਲਵਿੰਦਰ ਕੌਰ, ਹਰਪ੍ਰੀਤ ਕੌਰ, ਕੰਵਲਪ੍ਰੀਤ ਕੌਰ, ਅਰਚਨਾ ਮੈਡਮ, ਰਜਨੀਸ਼ ਮੈਡਮ , ਨਵਨੀਤ ਕੌਰ, ਇੰਦੀਪ ਕੌਰ , ਕਿਰਨਦੀਪ ਕੌਰ, ਬਲਜੀਤ ਕੌਰ,ਅੰਤਰਪ੍ਰੀਤ ਕੌਰ , ਕੋਮਲਪ੍ਰੀਤ ਕੌਰ , ਨਵਜੋਤ ਕੌਰ , ਜਸਪ੍ਰੀਤ ਕੌਰ,ਤੇਜਿੰਦਰ ਸਿੰਘ ਆਦਿ ਹਾਜਰ ਸਨ।

## ਅਹਿਮਦੀਆ ਜਮਾਤ ਦੇ ਸਹਿਯੋਗ ਨਾਲ ਖ਼ੂਨ ਦਾਨ ਕੈਂਪ ਲੱਗਾ




ਕਾਦੀਆਂ/ਬਟਾਲਾ ( ਡਾਕਟਰ ਮਲਵਿੰਦਰ ਸਿੰਘ )- ਡਿਪਟੀ ਕਮਿਸ਼ਨਰ ਕਮ ਪ੍ਰਧਾਨ, ਜ਼ਿਲ੍ਹਾ ਰੈਡ ਕਰਾਸ ਸੋਸਾਇਟੀ, ਗੁਰਦਾਸਪੁਰ ਵਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਅਤੇ ਅਹਿਮਦੀਆ ਜਮਾਤ, ਕਾਦੀਆਂ ਦੇ ਸਹਿਯੋਗ ਨਾਲ ਇੱਕ ਸਵੈ ਇਛੱਕ ਖ਼ੂਨ ਦਾਨ ਕੈਂਪ ਨੂਰ ਹਸਪਤਾਲ, ਕਾਦੀਆਂ ਵਿਚ ਲਗਾਇਆ ਗਿਆ। ਜਿਸ ਦਾ ਉਦਘਾਟਨ ਕੁਲਦੀਪ ਚੰਦ, ਪੀ.ਸੀ.ਐਸ, ਸਹਾਇਕ ਕਮਿਸ਼ਨਰ(ਜ) ਕਮ ਅਵੈਤਨੀ ਸਕੱਤਰ, ਜ਼ਿਲ੍ਹਾ ਰੈਡ ਕਰਾਸ ਸੋਸਾਇਟੀ, ਗੁਰਦਾਸਪੁਰ ਵਲੋਂ ਕੀਤਾ ਗਿਆ।ਇਸ ਮੌਕੇ ਅਹਿਮਦੀਆ ਜਮਾਤ ਦੇ ਚੀਫ ਸੈਕਟਰੀ ਮੁਹੰਮਦ ਇਨਾਮ ਗੋਰੀ ਵਲੋਂ ਵੀ ਖ਼ੂਨਦਨ ਦੇਣ ਵਾਲੇ ਵਿਅਕਤੀਆਂ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਅਹਿਮਦੀਆ ਜਮਾਤ ਹਮੇਸਾ ਤੋਂ ਹੀ ਇਸ ਤਰਾਂ ਦੇ ਕੈਂਪ ਲਗਵਾਉਣ ਵਿਚ ਜ਼ਿਲ੍ਹਾ ਪ੍ਰਸਾਸਨ ਅਤੇ ਰੈਡ ਕਰਾਸ ਸੋਸਾਇਟੀ ਦੀ ਮਦਦ ਕਰਦੀ ਰਹੇਗੀ। ਰਾਜੀਵ ਸਿੰਘ ਸਕੱਤਰ ਰੈਡ ਕਰਾਸ ਵਲੋਂ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਖ਼ੂਨਦਾਨ ਮੁਹਿੰਮ ਵਿਚ ਵੱਧ ਤੋ ਵੱਧ ਯੋਗਦਾਨ ਦਿੱਤਾ ਜਾਵੇ। ਇਸ ਮੌਕੇ ਅਹਿਮਦੀਆ ਜਮਾਤ ਦੇ ਵਧੀਕ ਚੀਫ ਸੈਕਟਰੀ ਮਕਦੂਮ ਸਰੀਫ, ਸਰਬਜੀਤ ਸਿੰਘ, ਪ੍ਰਧਾਨ, ਨਗਰ ਕੌਂਸਲ, ਕਾਦੀਆਂ, ਸਈਅਦ ਅਜੀਜ ਅਹਿਮਦ, ਚੇਅਰਮੈਨ, ਹੂਮੈਨਟੀ ਫਸਟ ਇੰਡੀਆ, ਕਾਦੀਆ, ਡਾ ਪੂਜਾ, ਬੀ.ਟੀ.ਓ, ਬਲੱਡ ਬੈਕ,ਗੁਰਦਾਸਪੁਰ, ਪ੍ਰਧਾਨ ਯੁਨਾਇਟਡ ਸਿੱਖ ਵੈਲਫੇਅਰ ਸੋਸਾਇਟੀ, ਗੁਰਦਾਸਪੁਰ ਅਤੇ ਸਿਹਤ ਵਿਭਾਗ ਦੀ ਟੈਕਨੀਕਲ ਟੀਮ ਦੇ ਮੈਂਬਰਾਂ ਤੋਂ ਇਲਾਵਾ ਰੈਡ ਕਰਾਸ ਸੋਸਾਇਟੀ ਦਾ ਸਟਾਫ ਵੀ ਹਾਜਰ ਸੀ।

## 300 ਗ੍ਰਾਮ ਹੈਰੋਇਨ ਸਣੇ 2 ਨੌਜਵਾਨ ਗ੍ਰਿਫਤਾਰ



ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਪੁਰਾਣਾ ਸ਼ਾਲਾ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਵਿਢੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ 300 ਗਰਾਮ ਹੈਰੋਇੰਨ ਸਮੇਤ ਕਾਬੂ ਕੀਤਾ ਹੈ। ਇਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਵਿਅਕਤੀਆਂ ਵਿੱਚ ਪੀਟਰ ਪੁੱਤਰ ਰਾਜੂ ਮਸੀਹ ਵਾਸੀ ਗੁਰਮੁੱਖ ਨਗਰ ਗੋਹਤ ਪੋਕਰ ਥਾਣਾ ਤਿੱਬੜ ਤੇ ਗੁਰਬਾਜ ਸਿੰਘ ਪੁੱਤਰ ਬੂਆ ਸਿੰਘ ਵਾਸੀ ਲੱਖਨਪਾਲ ਥਾਣਾ ਪੁਰਾਣਾ ਸ਼ਾਲਾ ਸ਼ਾਮਿਲ ਹਨ।

## ਲੋਕਾਂ ਨੂੰ ਨਸ਼ਿਆਂ ਖਿਲਾਫ਼ ਕੀਤਾ ਲਾਮਬੰਦ



ਸ੍ਰੀ ਹਰਗੋਬਿੰਦਪੁਰ ਸਾਹਿਬ/ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਡਾ. ਅਰਸ਼ਦੀਪ ਸਿੰਘ, ਜ਼ਿਲ੍ਹਾ ਇੰਚਾਰਜ, ਨਸ਼ਾ ਮੁਕਤੀ ਮੋਰਚਾ ਗੁਰਦਾਸਪੁਰ ਵਲੋਂ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੀ ਨਸ਼ਾ ਮੁਕਤੀ ਟੀਮ ਨਾਲ ਪਨੂੰ ਪੈਲਸ, ਨੇੜੇ ਗੁਰਦੁਆਰਾ ਬਾਬਾ ਮੰਝ ਸਾਹਿਬ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਬਲਾਕ ਸੰਮਤੀ ਮੈਂਬਰ ਮੁਖਤਾਰ ਸਿੰਘ ਬੋਜਾ, ਯੂਥ ਆਗੂ ਅੰਮ੍ਰਿਤ ਪਾਲ ਸਿੰਘ ਸੋਹੀ, ਸਰਪੰਚ ਚਰਨਜੀਤ ਸਿੰਘ ਚੌਧਰੀਵਾਲ,ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਚੱਲ ਰਹੀ ਹੈ ਅਤੇ ਸਮੂਹਿਕ ਯਤਨਾਂ ਨਾਲ ਇਸ ਸਮਾਜਿਕ ਬੁਰਾਈ ਨੂੰ ਜੜੋਂ ਖਤਮ ਕੀਤਾ ਜਾ ਰਿਹਾ ਹੈ । ਡਾ.ਅਰਸ਼ਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

## ਕਾਨਫਰੰਸ ਨੂੰ ਸੰਗਤਾਂ ਦਾ ਵੱਡਾ ਸਹਿਯੋਗ ਮਿਲੇਗਾ : ਕੋਟਲਾ ਭਰਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 28 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਬਾਪੂ ਤਰਸੇਮ ਸਿੰਘ ਦੀ ਅਗਵਾਈ ਹੇਠ ਕੀਤੀ ਜਾ ਰਹੀ ਸਿਆਸੀ ਕਾਨਫਰੰਸ ਸਬੰਧੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ ਇਸ ਕਾਨਫਰੰਸ ਵਿੱਚ ਅਕਾਲੀ ਦਲ ਵਾਰਸ ਪੰਜਾਬ ਨੂੰ ਸੰਗਤਾਂ ਦਾ ਵੱਡਾ ਸਮਰਥਨ ਮਿਲੇਗਾ। ਇਹ ਪ੍ਰਗਟਾਵਾ ਕੋਟਲਾ ਭਰਾ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬਿਕਰਮਜੀਤ ਸਿੰਘ ਕੋਟਲਾ ਅਤੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਕੋਟਲਾ ਵੱਲੋਂ ਹਲਕੇ ਦੇ ਪਿੰਡ ਧਰਮੂ ਚੱਕ ਵਿਖੇ ਸਤਨਾਮ ਸਿੰਘ ਦੇ ਗ੍ਰਹਿ ਵਿਖੇ ਪ੍ਰਭਾਵਸ਼ਾਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ ਗਿਆ । ਕੋਟਲਾ ਭਰਾਵਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਰੀਆਂ ਹੀ ਰਵਾਇਤੀ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ। ਪੰਜਾਬ ਦੇ ਲੋਕਾਂ ਨੇ 2022 ਵਿੱਚ ਇਹ ਸੋਚ ਕੇ ਆਮ ਆਦਮੀ ਨੂੰ ਵੋਟਾਂ ਪਾਈਆਂ ਸਨ ਕਿ ਪੰਜਾਬ ਦਾ ਕੋਈ ਭਲਾ ਕਰ ਸਕਣ ਪਰ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰਨ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰਾਂ ਨਾਕਾਮ ਰਹੀ ਹੈ।

## 'ਕਲਾ ਥਰੈਪੀ ਰਾਹੀਂ ਮਾਨਸਿਕ ਇਲਾਜ' ਵਿਸ਼ੇ 'ਤੇ ਵਰਕਸ਼ਾਪ ਕਰਵਾਈ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)— ਖ਼ਾਲਸਾ ਯੂਨੀਵਰਸਿਟੀ ਦੇ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਵੱਲੋਂ 'ਕਲਾ ਥਰੈਪੀ ਰਾਹੀਂ ਮਾਨਸਿਕ ਇਲਾਜ' ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਕਰਵਾਈ ਗਈ। ਸਾਈਕਾਲੋਜੀ ਕਲੱਬ ਅਤੇ ਕੋਪ ਕਲੱਬ ਦੇ ਸਹਿਯੋਗ ਨਾਲ ਕਰਵਾਈ ਗਈ ਵਰਕਸ਼ਾਪ ਦੌਰਾਨ ਖ਼ਾਲਸਾ 'ਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਅਤੇ ਰਿਸਰਚ ਡੀਨ ਡਾ. ਆਰ. ਕੇ. ਧਵਨ ਨੇ ਸ਼ਿਰਕਤ ਕੀਤੀ। ਵਰਕਸ਼ਾਪ ਦੇ ਪਹਿਲੇ ਦਿਨ ਡਾ. ਸੁਰਿੰਦਰ ਕੌਰ ਨੇ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਸਮਰਪਣ, ਇਮਾਨਦਾਰੀ ਅਤੇ ਵਚਨਬੱਧਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਮਾਨਸਿਕ ਅਤੇ ਭਾਵਨਾਤਮਕ ਸਿਹਤ ਨੂੰ ਵੀ ਜੀਵਨ 'ਚ ਬਰਾਬਰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਸਮਾਗਮ ਦੀ ਕੋਆਰਡੀਨੇਟਰ ਡਾ. ਪੁਨੀਤ ਕੌਰ ਨੇ 'ਭਾਵਨਾਵਾਂ ਦਾ ਮਨੋਵਿਗਿਆਨ' (ਸਾਈਕੋਲੋਜੀ ਆਫ਼ ਇਮੋਸ਼ਨਜ਼) ਵਿਸ਼ੇ 'ਤੇ ਜਾਣਕਾਰੀ ਭਰਪੂਰ ਲੈਕਚਰ ਦਿੱਤਾ। ਵਰਕਸ਼ਾਪ ਦੇ ਦੂਸਰੇ ਦਿਨ ਡਾ. ਮਹਿਲ ਸਿੰਘ ਅਤੇ ਡਾ. ਧਵਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਦਾ ਡਾ. ਸੁਰਿੰਦਰ ਕੌਰ ਵੱਲੋਂ ਸਵਾਗਤ ਕੀਤਾ ਗਿਆ।

ਇਸ ਮੌਕੇ ਡਾ. ਮਹਿਲ ਸਿੰਘ ਨੇ ਮਨੋਵਿਗਿਆਨ ਵਿਭਾਗ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕਰਦਿਆਂ ਫੈਕਲਟੀ ਤੇ ਵਿਦਿਆਰਥੀਆਂ ਨੂੰ ਕੈਂਪਸ 'ਚ ਮਨੋਵਿਗਿਆਨਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਉਪਰਾਲੇ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਡਾ. ਮਹਿਲ ਸਿੰਘ ਨੇ ਡਾ. ਸੁਰਿੰਦਰ ਕੌਰ, ਡਾ. ਧਵਨ ਨਾਲ ਮਿਲ ਕੇ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਵਿਖੇ ਸਾਈਕੋਲੋਜੀਕਲ ਗਾਈਡੈਂਸ ਐਂਡ ਕਾਊਂਸਲਿੰਗ ਸੈੱਲ ਦਾ ਉਦਘਾਟਨ ਵੀ ਕੀਤਾ। ਇਸ ਦੌਰਾਨ ਡਾ. ਪੁਨੀਤ ਕੌਰ ਨੇ ਯੂਨੀਵਰਸਿਟੀ ਵਿਖੇ ਸਫਲਤਾਪੂਰਵਕ ਚਲਾਏ ਜਾ ਰਹੇ ਵੱਖ-ਵੱਖ ਮਨੋਵਿਗਿਆਨ ਕੋਰਸਾਂ ਸਬੰਧੀ ਜਾਣਕਾਰੀ ਦਿੱਤੀ।

## ਜ਼ਿਲ੍ਹਾ ਸਕੂਲ ਚੈੱਕ ਖੇਡਾਂ 'ਚ ਜੇਤੂ ਟੀਮਾਂ ਸਨਮਾਨਿਤ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਸੰਤ ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵੱਲੋਂ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ, ਝਬਾਲ ਰੋਡ, ਨੂਰਦੀ, ਤਰਨ ਤਾਰਨ ਵਿਖੇ 70ਵੀਆਂ ਜ਼ਿਲ੍ਹਾ ਸਕੂਲ ਖੇਡਾਂ ਤਰਨ ਤਾਰਨ ਦੇ ਤਹਿਤ ਜ਼ਿਲ੍ਹਾ ਪੱਧਰੀ ਚੈੱਸ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਦੀ ਸ਼ੁਰੂਆਤ ਮੌਕੇ ਸਕੂਲ ਵੱਲੋਂ ਸ਼ਾਨਦਾਰ ਓਪਨਿੰਗ ਸੈਰੇਮਨੀ ਕਰਵਾਈ ਗਈ, ਜਿਸ ਦੀ ਰਸਮੀ ਸ਼ੁਰੂਆਤ ਸਕੂਲ ਦੀ ਪ੍ਰਿੰਸੀਪਲ ਮੈਡਮ ਸ੍ਰੀਮਤੀ ਜਸਪਾਲ ਕੌਰ ਸਿੱਧੂ ਵੱਲੋਂ ਕੀਤੀ ਗਈ।

ਟੂਰਨਾਮੈਂਟ ਵਿੱਚ ਤਰਨ ਤਾਰਨ ਜ਼ਿਲ੍ਹੇ ਦੇ ਵੱਖ-ਵੱਖ ਜ਼ੋਨਾਂ ਤੋਂ ਲੜਕੀਆਂ ਦੀਆਂ ਅੰਡਰ-14, ਅੰਡਰ-17 ਅਤੇ ਅੰਡਰ-19 ਵਰਗ ਦੀਆਂ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ। ਸਖ਼ਤ ਮੁਕਾਬਲਿਆਂ ਤੋਂ ਬਾਅਦ ਤਿੰਨਾਂ ਵਰਗਾਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਦੇ ਨਤੀਜੇ ਇਸ ਪ੍ਰਕਾਰ ਰਹੇ ਅੰਡਰ-14 ਲੜਕੀਆਂ ਪਹਿਲਾ ਸਥਾਨ ਗੋਇੰਦਵਾਲ ਜ਼ੋਨ, ਦੂਜਾ ਸਥਾਨ ਤਰਨ ਤਾਰਨ-1,ਤੀਜਾ ਸਥਾਨ ਖਡੂਰ ਸਾਹਿਬ ਜ਼ੋਨ, ਅੰਡਰ-17 ਲੜਕੀਆਂ ਪਹਿਲਾ ਸਥਾਨ, ਤਰਨ ਤਾਰਨ-2, ਦੂਜਾ ਸਥਾਨ ਖਡੂਰ ਸਾਹਿਬ ਜ਼ੋਨ, ਤੀਜਾ ਸਥਾਨ ਤਰਨ ਤਾਰਨ ਅੰਡਰ-19 ਲੜਕੀਆਂ ਪਹਿਲਾ ਸਥਾਨ ਤਰਨ ਤਾਰਨ-2,ਦੂਜਾ ਸਥਾਨ ਖਡੂਰ ਸਾਹਿਬ ਜ਼ੋਨ,ਤੀਜਾ ਸਥਾਨ ਤਰਨ ਤਾਰਨ-1।

ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਜੇਤੂ ਟੀਮਾਂ ਨੂੰ ਸਕੂਲ ਦੀ ਪ੍ਰਿੰਸੀਪਲ ਮੈਡਮ ਸ੍ਰੀਮਤੀ ਜਸਪਾਲ ਕੌਰ ਸਿੱਧੂ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਆਫੀਸ਼ੀਅਲ ਡਿਊਟੀ 'ਤੇ ਤਾਇਨਾਤ ਡਾ. ਸਾਹਿਲ , ਹਰਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਡੀ.ਪੀ. ਤਰਲੋਚਨ ਸਿੰਘ, ਡੀ.ਪੀ. ਕਰਨਪ੍ਰੀਤ ਸਿੰਘ, ਡੀ.ਪੀ. ਪਿਯੂਸ਼ ਅਰੋੜਾ ਅਤੇ ਡੀ.ਪੀ. ਮਲਕੀਤ ਕੌਰ ਦੀ ਨਿਗਰਾਨੀ ਹੇਠ ਸਾਰੇ ਮੁਕਾਬਲੇ ਬਹੁਤ ਹੀ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਕਰਵਾਏ ਗਏ। ਟੂਰਨਾਮੈਂਟ ਦੇ ਆਯੋਜਕ ਰਜੇਸ਼ ਥਾਪਾ ਵੱਲੋਂ ਵੀ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਈ ਗਈ।

## ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ




ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਭਰੋਵਾਲ ਵਿਖੇ ਰੱਖੜੀ ਦਾ ਤਿਉਹਾਰ ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵਿੱਚ ਰੱਖੜੀ ਬਣਾਉਣ ਦਾ ਸੁੰਦਰ ਮੁਕਾਬਲਾ ਵੀ ਕਰਵਾਇਆ ਗਿਆ। ਬੱਚਿਆਂ ਨੇ ਵੱਖ-ਵੱਖ ਰੰਗਾਂ ਅਤੇ ਸਜਾਵਟੀ ਸਮੱਗਰੀ ਦੀ ਵਰਤੋਂ ਕਰਕੇ ਬਹੁਤ ਹੀ ਸੋਹਣੀਆਂ ਅਤੇ ਆਕਰਸ਼ਕ ਰੱਖੜੀਆਂ ਤਿਆਰ ਕੀਤੀਆਂ। ਸਕੂਲ ਦੇ ਪ੍ਰਧਾਨ ਸ਼੍ਰੀਮਤੀ ਸੁਖਵਿੰਦਰ ਕੌਰ, ਐਮ.ਡੀ. ਸਰਦਾਰ ਤਜਿੰਦਰ ਸਿੰਘ, ਸੈਕਟਰੀ ਸਰਦਾਰ ਬਨਵੀਰ ਸਿੰਘ, ਮੈਨੇਜਮੈਂਟ ਮੈਂਬਰ ਸੰਗੀਤ ਕੌਰ, ਪ੍ਰਿੰਸੀਪਲ ਮੈਡਮ ਨਵਜੋਤੀ ਅਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਪਵਿੱਤਰ ਤਿਉਹਾਰ ਦੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ।

ਨਵਾਂ ਜ਼ਮਾਨਾ
ਸ਼ੁੱਕਰਵਾਰ 28 ਅਗਸਤ 2026

# ਐੱਫ ਆਈ ਆਰ ਰਾਜ

ਉੱਤਰ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਪੀ ਐੱਸ ਸੀ) ਨਾਲ ਸੰਬੰਧਤ ਸੋਸ਼ਲ ਮੀਡੀਆ ਪੋਸਟ ਦੇ ਮਾਮਲੇ ਵਿੱਚ ਮੁਕੇਸ਼ ਕੁਮਾਰ ਵਰਮਾ ਵਿਰੁੱਧ ਐੱਫ ਆਈ ਆਰ ਦਰਜ ਕਰ ਲਈ ਗਈ ਹੈ। ਉਸ ਦਾ ਕਸੂਰ ਇਹ ਹੈ ਕਿ ਉਹ ਆਪਣੇ 'ਐੱਕਸ' ਹੈਂਡਲ 'ਤੇ ਯੂ ਪੀ ਪੀ ਐੱਸ ਸੀ ਭਰਤੀ ਪ੍ਰੀਖਿਆਵਾਂ ਵਿੱਚ ਰਾਖਵੇਂਕਰਨ ਨੂੰ ਲਾਗੂ ਕਰਨ ਵਿੱਚ ਕਥਿਤ ਬੇਨੇਮੀਆਂ ਅਤੇ ਅੰਤਰ ਸੰਬੰਧੀ ਮੀਡੀਆ ਰਿਪੋਰਟਾਂ ਨੂੰ ਨਿਯਮਿਤ ਤੌਰ 'ਤੇ ਸਾਂਝਾ ਕਰਦਾ ਰਿਹਾ ਹੈ। ਹਾਲ ਹੀ ਵਿੱਚ ਉਸ ਨੇ ਆਪਣੇ ਹੈਂਡਲ 'ਤੇ 'ਨਵਭਾਰਤ ਟਾਈਮਜ਼' ਅਤੇ 'ਭਾਰਤ ਸਮਾਚਾਰ' ਦੀਆਂ ਉਨ੍ਹਾਂ ਖਬਰਾਂ ਨੂੰ ਸਾਂਝੀਆਂ ਕੀਤਾ, ਜਿਸ ਵਿੱਚ ਯੂ ਪੀ ਪੀ ਐੱਸ ਸੀ ਨੂੰ ਮੌਜੂਦਾ ਸਮੇਂ ਵਿੱਚ ਮੌਜੂਦ ਸਭ ਤੋਂ ਭ੍ਰਿਸ਼ਟ ਕਮਿਸ਼ਨ ਕਿਹਾ ਗਿਆ।

ਆਪਣੀ ਪੋਸਟ ਵਿੱਚ ਉਸ ਨੇ ਲਿਖਿਆ, "ਯੂ ਪੀ ਪੀ ਐੱਸ ਸੀ ਕਮਿਸ਼ਨ ਦੁਨੀਆ ਦਾ ਸਭ ਤੋਂ ਭ੍ਰਿਸ਼ਟ ਕਮਿਸ਼ਨ ਬਣ ਗਿਆ ਹੈ। ਕਈ ਵਾਰ ਯੂ ਪੀ ਪੀ ਐੱਸ ਸੀ-ਜੇ ਮੇਨਜ਼ ਪ੍ਰੀਖਿਆ ਦੇ ਪੇਪਰ ਬਦਲ ਦਿੱਤੇ ਜਾਂਦੇ ਹਨ ਅਤੇ ਕਈ ਵਾਰ ਆਰ ਓ/ਏ ਆਰ ਓ ਪੇਪਰ ਲੀਕ ਹੋ ਜਾਂਦੇ ਹਨ। ਇਸ ਤੋਂ ਬਾਅਦ, ਜੇ ਕੋਈ ਪ੍ਰੀਖਿਆ ਹੁੰਦੀ ਹੈ, ਤਾਂ ਮਾਈਗ੍ਰੇਸ਼ਨ ਘੁਟਾਲੇ (ਰਿਜ਼ਰਵੇਸ਼ਨ ਘੁਟਾਲੇ) ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਕਾਰਨ ਸਾਰੀਆਂ ਪ੍ਰੀਖਿਆਵਾਂ ਅਦਾਲਤ ਵਿੱਚ ਪਹੁੰਚ ਗਈਆਂ ਹਨ ਅਤੇ ਉਸੇ ਕ੍ਰਮ ਵਿੱਚ ਸਮੀਖਿਆ ਅਧਿਕਾਰੀਆਂ ਦੀ ਜੁਆਇਨਿੰਗ ਨੂੰ ਵੀ ਰੋਕ ਦਿੱਤਾ ਗਿਆ ਹੈ।" ਕਮਿਸ਼ਨ ਦੇ ਸੈਕਸ਼ਨ ਅਫਸਰ ਵਕਾਰ ਅਹਿਮਦ ਅਨਸਾਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਸਿਵਲ ਲਾਈਨਜ਼ ਪੁਲਸ ਸਟੇਸ਼ਨ ਵਿੱਚ ਮੁਕੇਸ਼ ਵਰਮਾ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਉਸ 'ਤੇ ਗਲਤ ਅਤੇ ਗੁੰਮਰਾਹਕੁੰਨ ਜਾਣਕਾਰੀ ਪੋਸਟ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਯੋਗੀ ਆਦਿੱਤਿਆਨਾਥ ਦੇ ਰਾਜ ਵਿੱਚ ਵਰਮਾ ਨੂੰ ਹੀ ਨਹੀਂ ਲਪੇਟਿਆ ਗਿਆ, ਜੌਨਪੁਰ ਦੇ ਸ਼ਾਹਗੰਜ ਵਿੱਚ ਲੇਖਾਕਾਰ ਅਸ਼ੋਕ ਕੁਮਾਰ ਯਾਦਵ ਨੂੰ ਇਸ ਕਰਕੇ ਮੁਅੱਤਲ ਕਰ ਦਿੱਤਾ ਗਿਆ ਹੈ ਕਿ ਉਸ ਨੇ ਪਿਛਲੇ ਐਤਵਾਰ ਆਪਣੇ ਫੇਸਬੁੱਕ ਅਕਾਊਂਟ 'ਤੇ ਇਹ ਵਿਅੰਗਮਈ ਪੋਸਟ ਪਾ ਦਿੱਤੀ ਸੀ-ਚਾਯ ਖਤਰੇ ਮੇਂ ਹੈ ਮਿੱਤਰ, ਚੀਨੀ ਪਹੁੰਚ ਗਈ ਸੱਤਰ। ਤਹਿਸੀਲਦਾਰ ਸੌਰਭ ਕੁਮਾਰ ਨੇ ਕਿਹਾ ਕਿ ਇੱਕ ਸਰਕਾਰੀ ਕਰਮਚਾਰੀ ਨੇ ਸੋਸ਼ਲ ਮੀਡੀਆ 'ਤੇ ਸਰਕਾਰੀ ਨੀਤੀਆਂ 'ਤੇ ਟਿੱਪਣੀ ਕੀਤੀ, ਜੋ ਕਿ ਉਚਿਤ ਨਹੀਂ ਹੈ। ਸਰਕਾਰੀ ਸੇਵਾ ਵਿੱਚ ਲੱਗੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ ਅਜਿਹੀਆਂ ਪੋਸਟਾਂ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਵਿਭਾਗ ਦੀ ਛਵੀ ਨੂੰ ਖਰਾਬ ਕਰ ਸਕਦੀਆਂ ਹਨ ਅਤੇ ਵਿਵਾਦ ਪੈਦਾ ਕਰ ਸਕਦੀਆਂ ਹਨ।

ਇਹ ਧਿਆਨ ਦੇਣਯੋਗ ਹੈ ਕਿ ਪਹਿਲਾਂ ਵੀ ਰਾਜ ਵਿੱਚ ਸਮੇਂ-ਸਮੇਂ 'ਤੇ ਕਈ ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਅਤੇ ਸਰਕਾਰ ਤੇ ਪ੍ਰਸ਼ਾਸਨ ਦੀ ਆਲੋਚਨਾ ਕਰਨ ਵਾਲੇ ਲੋਕਾਂ ਵਿਰੁੱਧ ਕਾਰਵਾਈ ਅਤੇ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ। ਭਾਜਪਾ ਦੀ ਯੋਗੀ ਦੀ ਅਗਵਾਈ ਵਾਲੀ ਸਰਕਾਰ ਆਪਣੀ ਅਲੋਚਨਾ ਸੁਣਨ ਲਈ ਜ਼ਰਾ ਵੀ ਤਿਆਰ ਨਹੀਂ। ਹੋ ਸਕਦਾ ਹੈ ਕਿ ਥੋੜ੍ਹੇ ਦਿਨਾਂ ਤੱਕ ਯੋਗੀ ਵਰਮਾ ਤੇ ਯਾਦਵ ਦੇ ਘਰਾਂ 'ਤੇ ਇਹ ਕਹਿ ਕੇ ਬੁਲਡੋਜ਼ਰ ਚਲਵਾ ਦੇਣ ਕਿ ਇਨ੍ਹਾਂ ਨੇ ਸਰਕਾਰੀ ਥਾਂ ਘੇਰੀ ਹੋਈ ਹੈ।

# ਵਿਕਸਿਤ ਭਾਰਤ 2047 : ਟੀਚੇ ਤੋਂ ਹਕੀਕਤ ਤੱਕ ਦਾ ਸਫ਼ਰ


ਐੱਮ ਐੱਸ ਭਾਟੀਆ

ਭਾਰਤ ਨੂੰ 2047 ਤੱਕ ਇੱਕ ਵਿਕਸਿਤ ਰਾਸ਼ਟਰ ਬਣਾਉਣ ਦਾ ਟੀਚਾ ਅੱਜ ਦੇਸ਼ ਦੀ ਆਰਥਿਕ ਅਤੇ ਰਾਜਨੀਤਕ ਚਰਚਾ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਆਜ਼ਾਦੀ ਦੀ ਸੌਵੀਂ ਵਰ੍ਹੇਗੰਢ ਮੌਕੇ ਭਾਰਤ ਨੂੰ ਇੱਕ ਖੁਸ਼ਹਾਲ, ਆਤਮ-ਨਿਰਭਰ, ਤਕਨਾਲੋਜੀ ਪੱਖੋਂ ਅਗਾਂਹ ਅਤੇ ਸਮਾਜਿਕ ਤੌਰ 'ਤੇ ਨਿਆਂਪੂਰਨ ਦੇਸ਼ ਬਣਾਉਣ ਦੀ ਕਲਪਨਾ ਨਿਸਚਿਤ ਤੌਰ 'ਤੇ ਆਕਰਸ਼ਕ ਹੈ, ਪਰ ਕਿਸੇ ਵੀ ਵੱਡੇ ਟੀਚੇ ਦੀ ਸਫ਼ਲਤਾ ਸਿਰਫ਼ ਉਸ ਦੇ ਐਲਾਨ ਨਾਲ ਨਹੀਂ, ਸਗੋਂ ਉਸ ਨੂੰ ਹਾਸਲ ਕਰਨ ਲਈ ਲੋੜੀਂਦੀਆਂ ਆਰਥਿਕ, ਸਮਾਜਿਕ ਅਤੇ ਸੰਸਥਾਗਤ ਬੁਨਿਆਦਾਂ ਦੀ ਮਜ਼ਬੂਤੀ ਨਾਲ ਨਿਰਧਾਰਤ ਹੁੰਦੀ ਹੈ।

ਇਸੇ ਸੰਦਰਭ ਵਿੱਚ ਇੰਸਟੀਚਿਊਟ ਆਫ਼ ਪਾਲਿਸੀ ਸਟੱਡੀਜ਼ ਐਂਡ ਐਡਵੋਕੇਸੀ (ਇਪਸਾ) ਵੱਲੋਂ ਆਪਣੀ ਸਥਾਪਨਾ ਦੀ 10ਵੀਂ ਵਰ੍ਹੇਗੰਢ ਮੌਕੇ ਨਵੀਂ ਦਿੱਲੀ ਸਥਿਤ ਇੰਡੀਅਨ ਸੋਸ਼ਲ ਸਾਇੰਸ ਇੰਸਟੀਚਿਊਟ ਵਿੱਚ ਕਰਵਾਇਆ ਗਿਆ ਰਾਸ਼ਟਰੀ ਨੀਤੀ ਸੰਵਾਦ ਮਹੱਤਵਪੂਰਨ ਹੈ। ਵਿਕਸਿਤ ਭਾਰਤ 2047: ਟਿਕਾਊ ਵਿਕਾਸ ਨੂੰ ਅੱਗੇ ਵਧਾਉਣ ਦੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਵਿਸ਼ੇ 'ਤੇ ਹੋਏ ਇਸ ਸੰਵਾਦ ਵਿੱਚ ਅਰਥ-ਸ਼ਾਸਤਰੀਆਂ, ਨੀਤੀ ਮਾਹਰਾਂ, ਅਕਾਦਮਿਕ ਵਿਦਵਾਨਾਂ, ਸਿਵਲ ਸੋਸਾਇਟੀ ਦੇ ਨੁਮਾਇੰਦਿਆਂ ਅਤੇ ਸਰਕਾਰੀ ਅਧਿਕਾਰੀਆਂ ਨੇ ਹਿੱਸਾ ਲਿਆ।

ਚਰਚਾ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਸੀ ਕਿ ਵਿਕਸਿਤ ਭਾਰਤ ਦੇ ਸੁਪਨੇ ਨੂੰ ਕੇਵਲ ਉਚੀ ਜੀ ਡੀ ਪੀ ਵਿਕਾਸ ਦਰ ਨਾਲ ਨਹੀਂ ਜੋੜਿਆ ਗਿਆ, ਸਗੋਂ ਇਹ ਸਵਾਲ ਵੀ ਉਠਾਇਆ ਗਿਆ ਕਿ ਵਿਕਾਸ ਦਾ ਲਾਭ ਕਿਸ ਨੂੰ ਮਿਲ ਰਿਹਾ ਹੈ ਅਤੇ ਦੇਸ਼ ਦੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਇਸ ਦਾ ਕੀ ਅਸਰ ਪੈ ਰਿਹਾ ਹੈ? ਸਿਰਫ਼ ਜੀ ਡੀ ਪੀ ਵਾਧਾ ਵਿਕਾਸ ਦੀ ਗਾਰੰਟੀ ਨਹੀਂ

ਮੁੱਖ ਭਾਸ਼ਣ ਦਿੰਦਿਆਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਅਰਥ ਸ਼ਾਸਤਰ ਦੇ ਪ੍ਰੋ. ਅਰੁਣ ਕੁਮਾਰ ਨੇ ਵਿਕਸਿਤ ਭਾਰਤ 2047 ਦੇ ਰਾਹ ਵਿੱਚ ਮੌਜੂਦ ਕਈ ਬੁਨਿਆਦੀ ਚੁਣੌਤੀਆਂ ਵੱਲ ਧਿਆਨ ਦਿਵਾਇਆ। ਉਨ੍ਹਾ ਦਾ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਜੇਕਰ ਅਰਥ ਵਿਵਸਥਾ ਦਾ ਆਕਾਰ ਵਧਦਾ ਹੈ, ਪਰ ਉਸ ਵਾਧੇ ਦਾ ਲਾਭ ਸਮਾਜ ਦੇ ਇੱਕ ਛੋਟੇ ਹਿੱਸੇ ਤੱਕ ਹੀ ਸੀਮਤ ਰਹਿੰਦਾ ਹੈ ਤਾਂ ਕੀ ਉਸ ਨੂੰ ਅਸਲ ਅਰਥਾਂ ਵਿੱਚ ਵਿਕਾਸ ਕਿਹਾ ਜਾ ਸਕਦਾ ਹੈ? ਇਹ ਸਵਾਲ ਅੱਜ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਭਾਰਤੀ ਅਰਥ ਵਿਵਸਥਾ ਵਿੱਚ ਇੱਕ ਪਾਸੇ ਵੱਡੀਆਂ ਕੰਪਨੀਆਂ, ਡਿਜੀਟਲ ਅਰਥ ਵਿਵਸਥਾ, ਸ਼ੇਅਰ ਬਾਜ਼ਾਰ ਅਤੇ ਉੱਚ ਆਮਦਨ ਵਾਲੇ ਵਰਗ ਦਾ ਵਿਸਥਾਰ ਹੋ ਰਿਹਾ ਹੈ, ਜਦਕਿ ਦੂਜੇ ਪਾਸੇ ਵੱਡੀ ਗਿਣਤੀ ਵਿੱਚ ਲੋਕ ਅਜੇ ਵੀ ਅਸੰਗਠਿਤ ਖੇਤਰ, ਛੋਟੇ ਕਾਰੋਬਾਰਾਂ, ਦਿਹਾੜੀਦਾਰੀ ਅਤੇ ਘੱਟ ਉਤਪਾਦਕਤਾ ਵਾਲੇ ਕੰਮਾਂ 'ਤੇ ਨਿਰਭਰ ਹਨ।

**ਅੰਕੜਿਆਂ ਦੀ ਭਰੋਸੇਯੋਗਤਾ ਬੁਨਿਆਦੀ ਸਵਾਲ**

ਪ੍ਰੋ. ਅਰੁਣ ਕੁਮਾਰ ਨੇ ਭਾਰਤ ਦੀ ਅੰਕੜਾ ਪ੍ਰਣਾਲੀ ਬਾਰੇ ਵੀ ਗੰਭੀਰ ਸਵਾਲ ਉਠਾਏ। ਉਨ੍ਹਾ ਅਨੁਸਾਰ ਜੇਕਰ ਆਰਥਿਕ ਹਕੀਕਤ ਨੂੰ ਮਾਪਣ ਵਾਲੇ ਅੰਕੜੇ ਹੀ ਅਧੂਰੇ ਜਾਂ ਭਰੋਸੇਯੋਗ ਨਹੀਂ ਹਨ ਤਾਂ ਉਨ੍ਹਾਂ ਦੇ ਆਧਾਰ 'ਤੇ ਬਣਾਈਆਂ ਜਾਣ ਵਾਲੀਆਂ ਨੀਤੀਆਂ ਵੀ ਹਕੀਕਤ ਤੋਂ ਦੂਰ ਹੋ ਸਕਦੀਆਂ ਹਨ।

ਇਹ ਚਿੰਤਾ ਖ਼ਾਸ ਤੌਰ 'ਤੇ ਭਾਰਤ ਦੇ ਵਿਸ਼ਾਲ ਅਸੰਗਠਿਤ ਖੇਤਰ ਦੇ ਸੰਦਰਭ ਵਿੱਚ ਮਹੱਤਵਪੂਰਨ ਹੈ। ਛੋਟੇ ਦੁਕਾਨਦਾਰ, ਸੜਕਾਂ 'ਤੇ ਕੰਮ ਕਰਨ ਵਾਲੇ ਵਿਕਰੇਤਾ, ਦਿਹਾੜੀਦਾਰ ਮਜ਼ਦੂਰ, ਘਰੇਲੂ ਕਾਮੇ, ਛੋਟੇ ਉਤਪਾਦਕ ਅਤੇ ਅਨੇਕਾਂ ਸਵੈ-ਰੁਜ਼ਗਾਰ ਲੋਕ ਭਾਰਤੀ ਅਰਥ ਵਿਵਸਥਾ ਦਾ ਵੱਡਾ ਹਿੱਸਾ ਹਨ। ਉਨ੍ਹਾਂ ਦੀ ਆਮਦਨ, ਰੁਜ਼ਗਾਰ ਦੀ ਸਥਿਰਤਾ ਅਤੇ ਕੰਮ ਦੀਆਂ ਹਾਲਤਾਂ ਨੂੰ ਸਹੀ ਢੰਗ ਨਾਲ ਮਾਪਣਾ ਨੀਤੀ-ਨਿਰਮਾਣ ਲਈ ਬਹੁਤ ਜ਼ਰੂਰੀ ਹੈ।

ਸਹੀ ਅੰਕੜੇ ਕਿਸੇ ਵੀ ਲੋਕ-ਪੱਖੀ ਆਰਥਿਕ ਨੀਤੀ ਦੀ ਪਹਿਲੀ ਸ਼ਰਤ ਹਨ।

**2,700 ਡਾਲਰ ਤੋਂ 14,000 ਡਾਲਰ ਤੱਕ**

ਪ੍ਰੋ. ਕੁਮਾਰ ਨੇ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ (2700 ਡਾਲਰ) ਅਤੇ ਵਿਕਸਿਤ ਦੇਸ਼ਾਂ (14000 ਡਾਲਰ) ਦੇ ਪੱਧਰ ਵਿਚਕਾਰ ਵੱਡੇ ਫ਼ਰਕ ਵੱਲ ਧਿਆਨ ਦਿਵਾਇਆ। ਉਨ੍ਹਾ ਦੇ ਅਨੁਸਾਰ ਮੌਜੂਦਾ ਪੱਧਰ ਤੋਂ ਪ੍ਰਤੀ ਵਿਅਕਤੀ ਆਮਦਨ ਨੂੰ 2047 ਤੱਕ ਲਗਭਗ 14,000 ਅਮਰੀਕੀ ਡਾਲਰ ਤੱਕ ਲਿਜਾਣ ਲਈ ਲੰਮੇ ਸਮੇਂ ਤੱਕ ਉੱਚੀ ਅਸਲ ਆਰਥਿਕ ਵਿਕਾਸ ਦਰ ਕਾਇਮ ਰੱਖਣੀ ਪਵੇਗੀ, ਪਰ ਇੱਥੇ ਇੱਕ ਹੋਰ ਪੱਖ ਵੀ ਹੈ। ਜੇਕਰ ਭਾਰਤ ਦੀ ਆਮਦਨ ਵਧਦੀ ਹੈ ਤਾਂ ਹੋਰ ਦੇਸ਼ ਵੀ ਆਪਣੀ ਆਮਦਨ ਵਧਾਉਂਦੇ ਰਹਿਣਗੇ। ਇਸ ਤੋਂ ਇਲਾਵਾ ਮੁਦਰਾ ਦੀ ਕੀਮਤ ਵਿੱਚ ਤਬਦੀਲੀਆਂ ਵੀ ਡਾਲਰ ਵਿੱਚ ਮਾਪੀ ਜਾਣ ਵਾਲੀ ਪ੍ਰਤੀ ਵਿਅਕਤੀ ਆਮਦਨ ਨੂੰ ਪ੍ਰਭਾਵਿਤ ਕਰਦੀਆਂ ਹਨ।

ਇਸ ਲਈ 2047 ਦਾ ਟੀਚਾ ਹਾਸਲ ਕਰਨ ਲਈ ਸਿਰਫ਼ ਉੱਚੀ ਵਿਕਾਸ ਦਰ ਕਾਫ਼ੀ ਨਹੀਂ ਹੋਵੇਗੀ। ਉਤਪਾਦਕਤਾ ਵਿੱਚ ਵਾਧਾ, ਰੁਜ਼ਗਾਰ-ਕੇਂਦਰਤ ਉਦਯੋਗੀਕਰਨ, ਮਜ਼ਬੂਤ ਘਰੇਲੂ ਮੰਗ, ਮਨੁੱਖੀ ਪੂੰਜੀ ਵਿੱਚ ਨਿਵੇਸ਼ ਅਤੇ ਤਕਨਾਲੋਜੀਕਲ ਸਮਰੱਥਾ ਦਾ ਵਿਕਾਸ ਇਕੱਠੇ ਲੋੜੀਂਦੇ ਹਨ।

**ਰੁਜ਼ਗਾਰ ਸਭ ਤੋਂ ਵੱਡੀ ਚੁਣੌਤੀ**

ਵਿਕਸਿਤ ਭਾਰਤ ਦੀ ਕਲਪਨਾ ਦਾ ਸਭ ਤੋਂ ਮਹੱਤਵਪੂਰਨ ਪੱਖ ਰੁਜ਼ਗਾਰ ਹੈ।ਜੇਕਰ ਦੇਸ਼ ਦੀ ਨੌਜਵਾਨ ਆਬਾਦੀ ਨੂੰ ਸਿੱਖਿਆ ਦੇਣ ਤੋਂ ਬਾਅਦ ਢੁਕਵਾਂ ਅਤੇ ਸਨਮਾਨਜਨਕ ਰੁਜ਼ਗਾਰ ਨਹੀਂ ਮਿਲਦਾ ਤਾਂ ਇਸ ਦਾ ਲਾਭ ਆਪਣੇ ਆਪ ਆਰਥਿਕ ਲਾਭ ਵਿੱਚ ਨਹੀਂ ਬਦਲ ਸਕਦਾ।ਪ੍ਰੋ. ਕੁਮਾਰ ਨੇ ਭਾਰਤ ਦੀ ਵੱਡੀ ਮਜ਼ਦੂਰ ਸ਼ਕਤੀ ਦੇ ਘੱਟ ਆਮਦਨ ਵਾਲੇ ਅਸੰਗਠਿਤ ਖੇਤਰ ਵਿੱਚ ਹੋਣ ਵੱਲ ਧਿਆਨ ਦਿਵਾਇਆ। ਬੇਰੁਜ਼ਗਾਰੀ ਦੇ ਨਾਲ-ਨਾਲ ਅਧੂਰਾ ਰੁਜ਼ਗਾਰ ਅਤੇ ਛੁਪੀ ਹੋਈ ਬੇਰੁਜ਼ਗਾਰੀ ਵੀ ਵੱਡੀ ਸਮੱਸਿਆ ਹੈ।

ਕਿਸੇ ਵਿਅਕਤੀ ਦਾ ਕੰਮ ਕਰ ਰਹੇ ਹੋਣਾ ਆਪਣੇ ਆਪ ਵਿੱਚ ਇਹ ਸਾਬਤ ਨਹੀਂ ਕਰਦਾ ਕਿ ਉਸ ਕੋਲ ਲੋੜੀਂਦੀ ਆਮਦਨ ਜਾਂ ਸੁਰੱਖਿਅਤ ਰੁਜ਼ਗਾਰ ਹੈ। ਜੇਕਰ ਕੋਈ ਮਜ਼ਦੂਰ ਦਿਨ ਵਿੱਚ ਕਈ ਘੰਟੇ ਕੰਮ ਕਰਨ ਦੇ ਬਾਵਜੂਦ ਪਰਿਵਾਰ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕਦਾ ਤਾਂ ਇਹ ਵੀ ਵਿਕਾਸ ਦੀ ਨਾਕਾਮੀ ਦਾ ਸੰਕੇਤ ਹੈ।

**ਸਿੱਖਿਆ ਤੋਂ ਬਿਨਾਂ ਵਿਕਸਿਤ ਭਾਰਤ ਸੰਭਵ ਨਹੀਂ**

2047 ਦੀ ਅਰਥਵਿਵਸਥਾ ਦੀ ਨੀਂਹ ਅੱਜ ਦੇ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਰੱਖੀ ਜਾ ਰਹੀ ਹੈ। ਪਰ ਸਿੱਖਿਆ ਵਿੱਚ ਸਰਕਾਰੀ ਨਿਵੇਸ਼, ਸਿੱਖਣ ਦੇ ਨਤੀਜੇ ਅਤੇ ਉੱਚ ਸਿੱਖਿਆ ਦੀ ਗੁਣਵੱਤਾ ਅਜੇ ਵੀ ਗੰਭੀਰ ਚਿੰਤਾ ਦੇ ਵਿਸ਼ੇ ਹਨ।

ਵਿਕਸਿਤ ਦੇਸ਼ ਬਣਨ ਲਈ ਸਿਰਫ਼ ਡਿਗਰੀਆਂ ਦੀ ਗਿਣਤੀ ਵਧਾਉਣਾ ਕਾਫ਼ੀ ਨਹੀਂ। ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ, ਆਲੋਚਨਾਤਮਕ ਚਿੰਤਨ, ਖੋਜ ਦੀ ਸਮਰੱਥਾ ਅਤੇ ਨਵੀਂ ਤਕਨਾਲੋਜੀ ਵਿਕਸਿਤ ਕਰਨ ਦੀ ਯੋਗਤਾ ਪੈਦਾ ਕਰਨੀ ਪਵੇਗੀ।ਅੱਜ ਦੀ ਦੁਨੀਆ ਵਿੱਚ ਕਿਸੇ ਵੀ ਦੇਸ਼ ਦੀ ਆਰਥਿਕ ਤਾਕਤ ਦਾ ਨਿਰਧਾਰਨ ਸਿਰਫ਼ ਉਸ ਦੀਆਂ ਫੈਕਟਰੀਆਂ ਅਤੇ ਕੁਦਰਤੀ ਸੰਸਾਧਨਾਂ ਨਾਲ ਨਹੀਂ ਹੁੰਦਾ। ਖੋਜ, ਨਵੀਨਤਾ ਅਤੇ ਤਕਨਾਲੋਜੀ ਆਰਥਿਕ ਤਾਕਤ ਦੇ ਕੇਂਦਰ ਬਣ ਚੁੱਕੇ ਹਨ।

ਭਾਰਤ ਵੱਲੋਂ ਖੋਜ ਅਤੇ ਵਿਕਾਸ 'ਤੇ ਜੀ ਡੀ ਪੀ ਦਾ ਲਗਭਗ 0.8 ਫ਼ੀਸਦੀ ਖ਼ਰਚ ਕਰਨਾ ਇੱਕ ਗੰਭੀਰ ਚੁਣੌਤੀ ਹੈ। ਦੁਨੀਆ ਦੀਆਂ ਪ੍ਰਮੁੱਖ ਅਰਥ ਵਿਵਸਥਾਵਾਂ ਨਾਲ ਮੁਕਾਬਲਾ ਕਰਨ ਲਈ ਸਰਕਾਰੀ ਅਤੇ ਨਿੱਜੀ ਦੋਵਾਂ ਖੇਤਰਾਂ ਵੱਲੋਂ ਖੋਜ ਵਿੱਚ ਨਿਵੇਸ਼ ਵਧਾਉਣਾ ਪਵੇਗਾ।

ਇਸ ਦੇ ਨਾਲ ਹੀ ਦੇਸ਼ ਵਿੱਚ ਤਿਆਰ ਹੋਣ ਵਾਲੇ ਹੁਨਰਮੰਦ ਵਿਗਿਆਨੀਆਂ, ਇੰਜੀਨੀਅਰਾਂ, ਡਾਕਟਰਾਂ ਅਤੇ ਤਕਨਾਲੋਜੀ ਮਾਹਰਾਂ ਨੂੰ ਦੇਸ਼ ਵਿੱਚ ਹੀ ਕੰਮ ਕਰਨ ਲਈ ਬਿਹਤਰ ਮੌਕੇ ਦੇਣੇ ਪੈਣਗੇ।

**ਏ ਆਈ : ਮੌਕਾ ਵੀ, ਖ਼ਤਰਾ ਵੀ**

ਕ੍ਰਿਤ੍ਰਿਮ ਬੁੱਧੀ (ਏ ਆਈ) ਆਉਣ ਵਾਲੇ ਦਹਾਕੇ ਦੀ ਅਰਥਵਿਵਸਥਾ ਨੂੰ ਬਦਲ ਸਕਦੀ ਹੈ। ਏ ਆਈ ਉਤਪਾਦਕਤਾ ਵਧਾ ਸਕਦੀ ਹੈ, ਨਵੇਂ ਉਦਯੋਗ ਪੈਦਾ ਕਰ ਸਕਦੀ ਹੈ ਅਤੇ ਸਿਹਤ, ਸਿੱਖਿਆ, ਖੇਤੀਬਾੜੀ ਅਤੇ ਪ੍ਰਸ਼ਾਸਨ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆ ਸਕਦੀ ਹੈ, ਪਰ ਇਸ ਦਾ ਦੂਜਾ ਪੱਖ ਵੀ ਹੈ। ਜੇਕਰ ਤਕਨਾਲੋਜੀ ਮਜ਼ਦੂਰਾਂ ਦੀ ਥਾਂ ਲੈਣ ਲੱਗਦੀ ਹੈ ਅਤੇ ਨਵੇਂ ਰੁਜ਼ਗਾਰ ਉਸੇ ਗਤੀ ਨਾਲ ਪੈਦਾ ਨਹੀਂ ਹੁੰਦੇ ਤਾਂ ਆਮਦਨ ਅਤੇ ਸੰਪਤੀ ਦੀ ਅਸਮਾਨਤਾ ਹੋਰ ਵਧ ਸਕਦੀ ਹੈ।ਇਸ ਲਈ ਭਾਰਤ ਨੂੰ ਤਕਨਾਲੋਜੀ ਨੂੰ ਰੁਜ਼ਗਾਰ ਦਾ ਬਦਲ ਬਣਾਉਣ ਦੀ ਬਜਾਏ ਮਨੁੱਖੀ ਸਮਰੱਥਾ ਵਧਾਉਣ ਦੇ ਸਾਧਨ ਵਜੋਂ ਵਰਤਣ ਦੀ ਨੀਤੀ ਬਣਾਉਣੀ ਪਵੇਗੀ।ਜਲਵਾਯੂ ਪਰਿਵਰਤਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਵਿਕਾਸ ਦਾ ਮਾਡਲ ਵਾਤਾਵਰਣ ਦੀ ਕੀਮਤ 'ਤੇ ਨਹੀਂ ਬਣਾਇਆ ਜਾ ਸਕਦਾ। ਭਾਰਤ ਪਹਿਲਾਂ ਹੀ ਗਰਮੀ ਦੀਆਂ ਲਹਿਰਾਂ, ਬੇਤਰਤੀਬ ਮੀਂਹ, ਹੜ੍ਹਾਂ, ਸੁੱਕੇ ਅਤੇ ਖੇਤੀਬਾੜੀ 'ਤੇ ਪੈਂਦੇ ਜਲਵਾਯੂ ਪ੍ਰਭਾਵਾਂ ਦਾ ਸਾਹਮਣਾ ਕਰ ਰਿਹਾ ਹੈ।ਇਸ ਲਈ 2047 ਦੀ ਯੋਜਨਾ ਵਿੱਚ ਹਰੀ ਊਰਜਾ, ਜਨਤਕ ਆਵਾਜਾਈ, ਪਾਣੀ ਦੀ ਸੰਭਾਲ, ਟਿਕਾਊ ਖੇਤੀਬਾੜੀ ਅਤੇ ਪ੍ਰਦੂਸ਼ਣ ਕੰਟਰੋਲ ਨੂੰ ਕੇਂਦਰੀ ਸਥਾਨ ਦੇਣਾ ਪਵੇਗਾ।

**ਖੇਤੀਬਾੜੀ ਅਤੇ ਪੇਂਡੂ ਭਾਰਤ**

ਵਿਕਸਿਤ ਭਾਰਤ ਦੀ ਤਸਵੀਰ ਉਸ ਸਮੇਂ ਤੱਕ ਅਧੂਰੀ ਰਹੇਗੀ, ਜਦੋਂ ਤੱਕ ਪੇਂਡੂ ਭਾਰਤ ਦੀ ਆਮਦਨ ਅਤੇ ਜੀਵਨ ਪੱਧਰ ਵਿੱਚ ਬੁਨਿਆਦੀ ਸੁਧਾਰ ਨਹੀਂ ਹੁੰਦਾ। ਕਿਸਾਨਾਂ ਦੀ ਆਮਦਨ, ਖੇਤੀ ਦੀ ਵਧਦੀ ਲਾਗਤ, ਪਾਣੀ ਦਾ ਸੰਕਟ, ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਆਰਥਿਕ ਸਥਿਤੀ ਅਤੇ ਖੇਤੀ ਉਤਪਾਦਾਂ ਦੀ ਮਾਰਕੀਟਿੰਗ ਵਰਗੇ ਮੁੱਦੇ ਸਿੱਧੇ ਤੌਰ 'ਤੇ ਭਾਰਤ ਦੇ ਭਵਿੱਖ ਨਾਲ ਜੁੜੇ ਹੋਏ ਹਨ।

**ਸਿਹਤ ਅਤੇ ਸਮਾਜਿਕ ਸੁਰੱਖਿਆ ਵੀ ਵਿਕਾਸ ਦਾ ਹਿੱਸਾ**

ਵਿਕਸਿਤ ਰਾਸ਼ਟਰ ਦਾ ਅਰਥ ਸਿਰਫ਼ ਵੱਡੀਆਂ ਇਮਾਰਤਾਂ, ਐਕਸਪ੍ਰੈੱਸਵੇਅ, ਤੇਜ਼ ਰੇਲਾਂ ਅਤੇ ਡਿਜੀਟਲ ਸੇਵਾਵਾਂ ਨਹੀਂ। ਇੱਕ ਵਿਕਸਿਤ ਦੇਸ਼ ਉਹ ਹੈ, ਜਿੱਥੇ ਆਮ ਨਾਗਰਿਕ ਨੂੰ ਸਸਤੀ ਅਤੇ ਗੁਣਵੱਤਾ ਵਾਲੀ ਸਿੱਖਿਆ, ਸਿਹਤ ਸੇਵਾਵਾਂ, ਪੀਣ ਵਾਲਾ ਪਾਣੀ, ਪੋਸ਼ਣ, ਰਹਿਣ ਲਈ ਘਰ ਅਤੇ ਸਮਾਜਿਕ ਸੁਰੱਖਿਆ ਮਿਲੇ।

ਜੇਕਰ ਆਰਥਿਕ ਵਿਕਾਸ ਦੇ ਨਾਲ ਸਮਾਜਿਕ ਸੁਰੱਖਿਆ ਕਮਜ਼ੋਰ ਹੁੰਦੀ ਹੈ ਤਾਂ ਅਰਥ ਵਿਵਸਥਾ ਦਾ ਵਿਕਾਸ ਸਮਾਜਿਕ ਅਸਥਿਰਤਾ ਨੂੰ ਜਨਮ ਦੇ ਸਕਦਾ ਹੈ।

**ਸਮਾਵੇਸ਼ੀ ਵਿਕਾਸ ਹੀ ਅਸਲ ਵਿਕਾਸ**

ਇਸ ਪੂਰੀ ਚਰਚਾ ਦਾ ਕੇਂਦਰੀ ਸਵਾਲ ਇਹ ਹੈ ਕਿ 2047 ਦਾ ਭਾਰਤ ਕਿਸ ਲਈ ਵਿਕਸਿਤ ਹੋਵੇਗਾ?

ਜੇਕਰ ਵਿਕਾਸ ਦਾ ਵੱਡਾ ਹਿੱਸਾ ਵੱਡੀਆਂ ਕਾਰਪੋਰੇਟ ਕੰਪਨੀਆਂ ਅਤੇ ਉੱਚ ਆਮਦਨ ਵਾਲੇ ਵਰਗ ਤੱਕ ਸੀਮਤ ਰਹਿੰਦਾ ਹੈ ਅਤੇ ਮਜ਼ਦੂਰ, ਕਿਸਾਨ, ਛੋਟੇ ਵਪਾਰੀ, ਨੌਜਵਾਨ ਅਤੇ ਮੱਧ ਵਰਗ ਵਧਦੀ ਮਹਿੰਗਾਈ ਅਤੇ ਅਸੁਰੱਖਿਅਤ ਰੁਜ਼ਗਾਰ ਦਾ ਸਾਹਮਣਾ ਕਰਦੇ ਰਹਿੰਦੇ ਹਨ ਤਾਂ ਜੀ ਡੀ ਪੀ ਦੀ ਉੱਚੀ ਦਰ ਵੀ ਸਮਾਜਿਕ ਖ਼ੁਸ਼ਹਾਲੀ ਦੀ ਗਾਰੰਟੀ ਨਹੀਂ ਦੇ ਸਕਦੀ।ਵਿਕਾਸ ਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਸਮਾਜ ਦੇ ਸਭ ਤੋਂ ਕਮਜ਼ੋਰ ਵਰਗ ਦੀ ਜ਼ਿੰਦਗੀ ਵਿੱਚ ਵੀ ਸੁਧਾਰ ਆਵੇ।

**ਸਰਕਾਰ ਦੀ ਭੂਮਿਕਾ**

ਨੀਤੀ ਆਯੋਗ ਦੇ ਪ੍ਰਤੀਨਿਧੀ ਨੇ ਸੰਵਾਦ ਵਿੱਚ ਹੁਨਰ ਵਿਕਾਸ, ਖੋਜ, ਬੁਨਿਆਦੀ ਢਾਂਚੇ ਅਤੇ ਸਮਾਵੇਸ਼ੀ ਵਿਕਾਸ ਵਿੱਚ ਨਿਵੇਸ਼ ਰਾਹੀਂ ਭਾਰਤ ਨੂੰ ਵਿਕਸਿਤ ਅਤੇ ਆਤਮ ਨਿਰਭਰ ਬਣਾਉਣ ਲਈ ਸਰਕਾਰ ਦੀ ਰਣਨੀਤੀ ਪੇਸ਼ ਕੀਤੀ। ਇਹ ਸਾਰੇ ਖੇਤਰ ਨਿਸ਼ਚਿਤ ਤੌਰ 'ਤੇ ਮਹੱਤਵਪੂਰਨ ਹਨ, ਪਰ ਨੀਤੀ ਅਤੇ ਨਤੀਜੇ ਵਿਚਕਾਰ ਦੀ ਦੂਰੀ ਨੂੰ ਵੀ ਮਾਪਣਾ ਜ਼ਰੂਰੀ ਹੈ। ਯੋਜਨਾਵਾਂ ਦੀ ਗਿਣਤੀ ਨਾਲੋਂ ਇਹ ਦੇਖਣਾ ਵਧੇਰੇ ਮਹੱਤਵਪੂਰਨ ਹੈ ਕਿ ਉਨ੍ਹਾਂ ਦਾ ਅਸਲ ਲਾਭ ਆਮ ਨਾਗਰਿਕ ਤੱਕ ਕਿੰਨਾ ਪਹੁੰਚਿਆ।

**2047 ਲਈ ਅੱਜ ਤੋਂ ਹੀ ਬੁਨਿਆਦੀ ਤਬਦੀਲੀਆਂ**

2047 ਅਜੇ ਦੂਰ ਲੱਗਦਾ ਹੈ, ਪਰ ਇੱਕ ਦੇਸ਼ ਦੀ ਆਰਥਿਕ ਬਣਤਰ ਬਦਲਣ ਲਈ ਦੋ ਦਹਾਕੇ ਬਹੁਤ ਲੰਮਾ ਸਮਾਂ ਨਹੀਂ ਹੁੰਦੇ। ਇਸ ਲਈ ਅੱਜ ਕੀਤੇ ਜਾਣ ਵਾਲੇ ਫ਼ੈਸਲੇ ਹੀ 2047 ਦੇ ਭਾਰਤ ਦੀ ਤਸਵੀਰ ਤੈਅ ਕਰਨਗੇ।

ਸਾਨੂੰ ਦੂਰ ਦੇ ਟੀਚਿਆਂ ਦੇ ਐਲਾਨਾਂ ਨਾਲੋਂ ਅੱਜ ਦੀਆਂ ਬੁਨਿਆਦੀ ਸਮੱਸਿਆਵਾਂ 'ਤੇ ਵੱਧ ਧਿਆਨ ਦੇਣ ਦੀ ਲੋੜ ਹੈ—ਸਿੱਖਿਆ ਦੀ ਗੁਣਵੱਤਾ, ਰੁਜ਼ਗਾਰ ਦੀ ਕਮੀ, ਅਸਮਾਨਤਾ, ਸਿਹਤ, ਖੇਤੀਬਾੜੀ ਸੰਕਟ, ਖੋਜ ਵਿੱਚ ਘੱਟ ਨਿਵੇਸ਼, ਅਸੰਗਠਿਤ ਖੇਤਰ ਦੀ ਅਸੁਰੱਖਿਆ ਅਤੇ ਭਰੋਸੇਯੋਗ ਅੰਕੜਿਆਂ ਦੀ ਲੋੜ।

ਵਿਕਸਿਤ ਭਾਰਤ ਬਣਾਉਣ ਲਈ ਤੇਜ਼ ਆਰਥਿਕ ਵਿਕਾਸ ਜ਼ਰੂਰੀ ਹੈ, ਪਰ ਤੇਜ਼ ਵਿਕਾਸ ਅਤੇ ਨਿਆਂਪੂਰਨ ਵਿਕਾਸ ਵਿੱਚ ਫਰਕ ਹੁੰਦਾ ਹੈ। ਭਾਰਤ ਨੂੰ ਅਜਿਹੇ ਵਿਕਾਸ ਮਾਡਲ ਦੀ ਲੋੜ ਹੈ ਜੋ ਉਤਪਾਦਨ ਵਧਾਉਣ ਦੇ ਨਾਲ ਰੁਜ਼ਗਾਰ ਪੈਦਾ ਕਰੇ, ਤਕਨਾਲੋਜੀ ਵਿਕਸਿਤ ਕਰਨ ਦੇ ਨਾਲ ਮਨੁੱਖੀ ਹੁਨਰ ਨੂੰ ਮਜ਼ਬੂਤ ਕਰੇ ਅਤੇ ਦੌਲਤ ਪੈਦਾ ਕਰਨ ਦੇ ਨਾਲ ਉਸ ਦੀ ਵੰਡ ਵਿੱਚ ਵੀ ਸਮਾਜਿਕ ਨਿਆਂ ਯਕੀਨੀ ਬਣਾਏ।

ਅਸਲ ਵਿਕਸਿਤ ਭਾਰਤ ਉਹ ਨਹੀਂ ਹੋਵੇਗਾ ਜਿਸ ਵਿੱਚ ਸਿਰਫ਼ ਭਾਰਤ ਦੀ ਜੀਡੀਪੀ ਦੁਨੀਆ ਦੀਆਂ ਵੱਡੀਆਂ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੋਵੇ। ਅਸਲ ਵਿਕਸਿਤ ਭਾਰਤ ਉਹ ਹੋਵੇਗਾ ਜਿੱਥੇ ਆਮ ਨਾਗਰਿਕ ਨੂੰ ਰੁਜ਼ਗਾਰ, ਸਨਮਾਨਜਨਕ ਆਮਦਨ, ਗੁਣਵੱਤਾ ਵਾਲੀ ਸਿੱਖਿਆ ਅਤੇ ਸਿਹਤ, ਸਮਾਜਿਕ ਸੁਰੱਖਿਆ ਅਤੇ ਬਿਹਤਰ ਜੀਵਨ ਦੀ ਗਾਰੰਟੀ ਮਿਲੇ।

2047 ਦਾ ਸੁਪਨਾ ਵੱਡਾ ਹੈ। ਪਰ ਉਸ ਨੂੰ ਹਕੀਕਤ ਬਣਾਉਣ ਲਈ ਸੁਪਨਿਆਂ ਨਾਲੋਂ ਵੱਧ ਲੋੜ ਹੈ—ਸਹੀ ਅੰਕੜਿਆਂ, ਸਹੀ ਨੀਤੀਆਂ, ਵੱਡੇ ਜਨਤਕ ਨਿਵੇਸ਼ ਅਤੇ ਅਜਿਹੇ ਵਿਕਾਸ ਮਾਡਲ ਦੀ ਜੋ ਦੇਸ਼ ਦੀ ਬਹੁਗਿਣਤੀ ਆਬਾਦੀ ਨੂੰ ਆਪਣੇ ਨਾਲ ਲੈ ਕੇ ਚੱਲੇ।

# ਸੰਪਰਕ : +91 99884-91002

# ਰੱਬਾ ਹਰ ਖ਼ੁਸ਼ੀ ਦੇਵੀਂ ਮੇਰੇ ਵੀਰੇ ਨੂੰ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਪਰਿਵਾਰਕ ਰਿਸ਼ਤਿਆਂ ਵਿੱਚੋਂ ਭੈਣ-ਭਰਾ ਦੇ ਰਿਸ਼ਤੇ ਦੀ ਇਕ ਆਪਣੀ ਹੀ ਅਹਿਮੀਅਤ ਹੈ ਤੇ ਇਕ ਵੱਖਰੀ ਕਿਸਮ ਦਾ ਹੀ ਮੋਹ-ਪਿਆਰ ਹੈ, ਜਿਸ ਵਿੱਚ ਸ਼ਰਾਰਤ ਹੈ, ਬਹਿਸ ਹੈ, ਤਕਰਾਰ ਹੈ, ਥੋੜ੍ਹੀ ਜਿਹੀ ਪਿਆਰ ਭਰੀ ਮਾਰਕੁੱਟ ਹੈ ਤੇ ਫਿਰ ਭੈਣ ਦੇ ਵਿਆਹ ਪਿੱਛੋਂ ਡੋਲੀ ਤੁਰਨ ਵੇਲੇ ਭੈਣ ਅਤੇ ਵੀਰ ਵੱਲੋਂ ਪਾਈ ਗਈ ਘੁੱਟ ਗਲਵਕੜੀ ਤੇ ਅੱਖਾਂ 'ਚ ਠਾਠਾਂ ਮਾਰਦਾ ਹੰਝੂਆਂ ਦਾ ਸਮੁੰਦਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭੈਣ ਅਤੇ ਵੀਰ ਦਰਮਿਆਨ ਕਿੰਨੀ ਮੁਹੱਬਤ, ਕਿੰਨਾ ਮੋਹ ਤੇ ਕਿੰਨੀ ਅਪਣੱਤ ਹੁੰਦੀ ਹੈ।

ਸਹੁਰੇ ਘਰ ਬੈਠੀ ਭੈਣ ਚੱਤੇ ਪਹਿਰ ਆਪਣੇ ਮਾਪਿਆਂ ਦੀ ਅਤੇ ਆਪਣੇ ਵੀਰ ਦੀ ਸੁੱਖ ਮੰਗਦੀ ਹੈ। ਜੇ ਵੀਰ ਨਿੱਕਾ ਹੋਵੇ ਤਾਂ ਭੈਣ ਫ਼ੋਨ 'ਤੇ ਉਸ ਨੂੰ ,'ਆਪਣਾ ਖਿਆਲ ਰੱਖਿਆ ਕਰ.. ਹੁਣ ਮੈਂ ਤੇਰੇ ਕੋਲ ਨਹੀਂ ਹਾਂ..ਮੈਨੂੰ ਤੇਰੀ ਬੜੀ ਫ਼ਿਕਰ ਰਹਿੰਦੀ ਆ' ਆਖ਼ਦਿਆਂ ਹੋਇਆਂ ਅੱਖਾਂ ਹੰਝੂਆਂ ਨਾਲ ਸਰਸ਼ਾਰ ਕਰ ਲੈਂਦੀ ਹੈ। ਇਕ ਭੈਣ ਲਈ ਵੀਰ ਦਾ ਹੋਣਾ ਅਤੇ ਕੋਈ ਮੁਸ਼ਕਲ ਪੈਣ 'ਤੇ ਵੀਰ ਦਾ ਤੁਰੰਤ ਉਸ ਦੇ ਕੋਲ ਪੁੱਜ ਜਾਣਾ ਬਹੁਤ ਅਹਿਮੀਅਤ ਰੱਖਦਾ ਹੈ। ਭੈਣਾਂ ਤਾਂ ਆਪਣੇ ਵੀਰ ਦੇ ਸਿਰ 'ਤੇ ਉੱਡਦੀਆਂ ਫਿਰਦੀਆਂ ਹਨ। ਇਸੇ ਪ੍ਰਥਾਇ ਕਿਸੇ ਸ਼ਾਇਰ ਨੇ ਬੜਾ ਹੀ ਖ਼ੂਬਸੂਰਤ ਕਿਹਾ ਹੈ, 'ਜਿੱਥੇ ਵੀ ਹੈ ਬਚਪਨ ਲੰਘਿਆ, ਉਹ ਥਾਂ ਪਿਆਰੀ ਰਹਿੰਦੀ ਹੈ, ਭੈਣ ਲਈ ਤਾਂ ਲੋਕੋ ਵੀਰਾਂ ਨਾਲ ਸਰਦਾਰੀ ਰਹਿੰਦੀ ਹੈ।' ਭਰਾ ਅਤੇ ਭਰਾ ਦੇ ਬੱਚਿਆਂ ਪ੍ਰਤੀ ਉਨ੍ਹਾਂ ਦਾ ਪਿਆਰ ਤਾਂ ਅਤੁੱਲ ਅਤੇ ਅਮੁੱਲ ਹੁੰਦਾ ਹੈ। ਬੜੀ ਦਿਲਚਸਪ ਗੱਲ ਹੈ ਕਿ ਭੈਣਾਂ ਅਤੇ ਭਰਾਵਾਂ ਦਰਮਿਆਨ ਕਈ ਵਾਰ ਰੋਸੇ, ਗਿਲੇ ਤੇ ਸ਼ਿਕਵੇ ਉੱਭਰ ਆਉਂਦੇ ਹਨ, ਪਰ ਇਹ ਕਸ਼ੀਦਗੀ ਦਿਲਾਂ ਦੀਆਂ ਗਹਿਰਾਈਆਂ ਵਿੱਚ ਨਹੀਂ ਹੁੰਦੀ। ਆਪਣੀ ਨਾਰਾਜ਼ ਹੋਈ ਭੈਣ ਨਾਲ ਬਿਤਾਏ ਜ਼ਿੰਦਗੀ ਦੇ ਪਲਾਂ ਨੂੰ ਯਾਦ ਕਰਦਿਆਂ ਹੋਇਆਂ ਇਕ ਵੀਰ ਆਖ਼ਦਾ ਹੈ-'ਯਾਦ ਆਤਾ ਹੈ ਅਕਸਰ ਵੋ ਗੁਜ਼ਰਾ ਜ਼ਮਾਨਾ, ਤੇਰੀ ਮੀਠੀ ਸੀ ਆਵਾਜ਼ ਮੇਂ ਵੋ ਭਾਈ ਕਹਿਲਾਨਾ।' ਕਿਹਾ ਜਾਂਦਾ ਹੈ ਕਿ ਭੈਣ ਅਤੇ ਭਰਾ ਦੇ ਪਿਆਰ ਵਿਚ ਬਸ ਐਨਾ ਕੁ ਅੰਤਰ ਹੈ ਕਿ ਜੋ ਪਹਿਲਾਂ ਰੁਆ ਕੇ ਫਿਰ ਮਨਾ ਲਵੇ, ਉਹ ਭਰਾ ਹੈ ਤੇ ਜੋ ਵੀਰ ਨੂੰ ਰੁਆ ਕੇ ਫਿਰ ਖ਼ੁਦ ਵੀ ਜ਼ਾਰ-ਜ਼ਾਰ ਰੋ ਪਵੇ, ਉਹ ਭੈਣ ਹੁੰਦੀ ਹੈ। ਭੈਣਾਂ ਤਾਂ ਰੱਖੜੀ ਦੇ ਤਿਉਹਾਰ ਤੋਂ ਇਲਾਵਾ ਵੀ ਇਕ ਭੈਣ ਹਰ ਘੜੀ ਇਹੋ ਹੀ ਦੁਆ ਮੰਗਦੀ ਰਹਿੰਦੀ ਹੈ-'ਸੋਹਣੇ ਵੀਰ ਨੂੰ ਦੇਈਂ ਨਾ ਦੁੱਖ ਕੋਈ, ਮੇਰੀ ਭਾਵੇਂ ਜਿੰਦ ਕੱਢ ਲਈਂ।' ਕਈ ਵੀਰ ਆਪਣੀਆਂ ਭੈਣਾਂ ਦੀ ਪੜ੍ਹਾਈ ਅਤੇ ਕੈਰੀਅਰ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ ਤੇ ਭੈਣ 'ਤੇ ਜਦ ਵੀ ਭੀੜ ਬਣਦੀ ਹੈ, ਉਸੇ ਪਲ ਬਹੁੜ ਜਾਂਦੇ ਹਨ। ਇਸੇ ਕਰਕੇ ਇਕ ਭੈਣ ਆਖ਼ਦੀ ਹੈ- 'ਗਿਰ ਕਰ ਫਿਰ ਸੇ ਉਠਨਾ ਸਿਖਾ ਦੇਤਾ ਹੈ, ਵੋ ਭਾਈ ਹੀ ਤੋ ਹੈ, ਜੋ ਮੁਝ ਮੇਂ ਹਿੰਮਤ ਜਗਾ ਦੇਤਾ ਹੈ।' ਸਾਡੇ ਸੱਭਿਅਕ ਸਮਾਜ ਵਿੱਚ ਭੈਣ ਤੇ ਭਰਾ ਦੇ ਰਿਸ਼ਤੇ ਦੀ ਅਹਿਮੀਅਤ ਐਨੀ ਜ਼ਿਆਦਾ ਹੈ ਕਿ ਰੱਖੜੀ ਦੇ ਪਾਵਨ ਮੌਕੇ 'ਤੇ ਜਿਨ੍ਹਾਂ ਵੀਰਾਂ ਦੀ ਕੋਈ ਭੈਣ ਨਹੀਂ ਹੁੰਦੀ, ਉਹ ਵੀ ਤੇ ਜਿਨ੍ਹਾ ਭੈਣਾਂ ਦਾ ਕੋਈ ਵੀਰ ਨਹੀਂ ਹੁੰਦਾ, ਉਹ ਵੀ ਕਿਸੇ ਆਪਣੇ ਜਾਂ ਪਰਾਏ ਨੂੰ ਰੱਖੜੀ ਬੰਨ੍ਹ ਕੇ ਭੈਣ-ਭਰਾ ਦਾ ਰਿਸ਼ਤਾ ਜ਼ਰੂਰ ਕਾਇਮ ਕਰ ਲੈਂਦੇ ਹਨ ਤੇ ਫਿਰ ਕੱਚੇ ਧਾਗੇ ਨਾਲ ਮਾਰੀਆਂ ਉਨ੍ਹਾਂ ਕੱਚੀਆਂ ਗੰਢਾਂ ਦੇ ਬਾਵਜੂਦ ਪੱਕੇ ਸੰਬੰਧ ਬਣਾ ਕੇ ਉਮਰ ਭਰ ਇਕ-ਦੂਜੇ ਪ੍ਰਤੀ ਆਪਣੇ ਫ਼ਰਜ਼ ਅਦਾ ਕਰਦੇ ਹਨ।

ਪੰਜਾਬੀ ਲੋਕ ਕਾਵਿ ਵਿਚ ਵੀਰ ਵਿਹੂਣੀ ਭੈਣ ਦੇ ਬੋਲ ਕੁਝ ਇੰਜ ਦਰਜ ਕੀਤੇ ਗਏ ਹਨ-'ਇਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।' ਅਤੇ ਜੇਕਰ ਭੈਣ ਦੀ ਸੱਸ ਆਪਣੀ ਭੈਣ ਨੂੰ ਮਿਲਣ ਆਏ ਵੀਰ ਦੀ ਸੇਵਾ ਚੱਜ ਨਾਲ ਨਾ ਕਰੇ ਤਾਂ ਨਿਹੋਰਾ ਦਿੰਦੀ ਹੋਈ ਭੈਣ ਆਖ਼ਦੀ ਹੈ, 'ਨੀ ਸੱਸੇ ਤੇਰੀ ਮੱਝ ਮਰਜੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।' ਸਾਡੇ ਸਮਾਜਿਕ ਤਾਣੇ-ਬਾਣੇ ਵਿੱਚ ਇਹ ਰੀਤ ਪਾਈ ਗਈ ਹੈ ਕਿ ਪਿਤਾ ਦੇ ਅਕਾਲ ਚਲਾਣੇ ਉਪਰੰਤ ਇਕ ਵਿਆਹੁਤਾ ਜਾਂ ਅਣਵਿਆਹੀ ਭੈਣ ਲਈ ਉਸ ਦਾ ਵੀਰ ਹੀ ਪਿਤਾ ਦੇ ਸਾਰੇ ਫ਼ਰਜ਼ ਅਦਾ ਕਰਦਾ ਹੈ। ਰੱਖੜੀ ਮੌਕੇ ਆਪਣੀਆਂ ਭੈਣਾਂ ਤੋਂ ਦੂਰ ਬੈਠੇ ਸਾਡੇ ਫ਼ੌਜੀ ਵੀਰਾਂ ਨੂੰ ਨਜ਼ਦੀਕੀ ਇਲਾਕਿਆਂ ਦੀਆਂ ਕੁੜੀਆਂ ਜਾਂ ਔਰਤਾਂ ਹੀ ਰੱਖੜੀ ਬੰਨ੍ਹ ਦਿੰਦੀਆਂ ਹਨ। ਉਹ ਵੀਰ ਉਨ੍ਹਾਂ ਭੈਣਾਂ ਦੀ ਪੱਤ ਦੀ ਰਾਖੀ ਦਾ ਵਚਨ ਲੈਂਦੇ ਹਨ ਤੇ ਖ਼ੁਸ਼ੀ 'ਚ ਖੀਵੀਆਂ ਹੋਈਆਂ ਭੈਣਾਂ ਆਪਣੇ ਵੀਰ ਜਵਾਨਾਂ ਦੀ ਜਾਨ ਦੀ ਖ਼ੈਰ ਮੰਗਦੀਆਂ ਹਨ।

ਭੈਣ-ਭਰਾ ਦੇ ਰਿਸ਼ਤੇ ਦਾ ਇਕ ਕੌੜਾ ਸੱਚ ਇਹ ਹੈ ਕਿ ਜਦੋਂ ਵੀਰ ਵਿਆਹਿਆ ਜਾਂਦਾ ਹੈ ਤਾਂ ਘਰ ਆਈ ਬਹੂ ਅਕਸਰ ਹੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਭੈਣ ਤੇ ਭਰਾ ਦਰਮਿਆਨ ਮਨਮੁਟਾਵ ਦਾ ਕਾਰਨ ਬਣਦੀ ਦਿਸਦੀ ਹੈ। ਦਰਅਸਲ ਹੁੰਦਾ ਇਹ ਹੈ ਕਿ ਨਵੀਂ ਬਹੂ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਦਾ ਖ਼ਿਆਲ ਰੱਖੇ, ਪੁੱਛ-ਪ੍ਰਤੀਤ ਕਰੇ ਤੇ ਉਸ ਨਾਲ ਵੱਧ ਸਮਾਂ ਬਿਤਾਵੇ ਤੇ ਉਧਰ ਭੈਣ ਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਵਿਆਹ ਪਿੱਛੋਂ ਸ਼ਾਇਦ ਵੀਰ 'ਬਦਲ' ਗਿਆ ਹੈ ਤੇ ਉਸ ਵੱਲ ਘੱਟ ਧਿਆਨ ਦਿੰਦਾ ਹੈ, ਉਸ ਦੀਆਂ ਖ਼ਾਹਿਸ਼ਾਂ ਘੱਟ ਪੂਰੀਆਂ ਕਰਦਾ ਹੈ। ਇਹ ਗੱਲਾਂ ਗ਼ਲ਼ਤਫ਼ਹਿਮੀ ਪੈਦਾ ਕਰਦੀਆਂ ਹਨ ਤੇ ਗ਼ਲ਼ਤਫ਼ਹਿਮੀ ਅੱਗੇ ਜਾ ਕੇ ਨਾਰਾਜ਼ਗੀ, ਗੁੱਸੇ ਅਤੇ ਝਗੜੇ ਦਾ ਕਾਰਨ ਹੋ ਨਿੱਬੜਦੀ ਹੈ। ਭਾਬੀ ਹਰ ਹਾਲ ਵਿਚ ਆਪਣੀ ਨਣਦ ਦਾ ਦਖ਼ਲ ਆਪਣੀ ਵਿਆਹੁਤਾ ਜ਼ਿੰਦਗੀ 'ਚ ਘਟਾਉਣਾ ਚਾਹੁੰਦੀ ਹੈ ਤੇ ਉਸ ਦੀ ਇਹ ਸੋਚ ਜਾਂ ਕਾਰਜਸ਼ੈਲੀ ਭੈਣ-ਭਰਾ ਦੇ ਸੰਬੰਧਾਂ ਵਿਚ ਕਸ਼ੀਦਗੀ ਪੈਦਾ ਕਰ ਦਿੰਦੀ ਹੈ। ਜੇਕਰ ਇਕ ਵੀਰ ਸਿਆਣਾ ਹੈ ਤਾਂ ਉਹ ਪਤਨੀ ਅਤੇ ਭੈਣ ਨਾਲ ਇਸ ਕਦਰ ਪੇਸ਼ ਆਵੇਗਾ ਕਿ ਇੰਜ ਦੀ ਗ਼ਲ਼ਤਫ਼ਹਿਮੀ ਪੈਦਾ ਹੋਣ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦੇਵੇਗਾ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਭੈਣ ਆਪਣੇ ਪਿਤਾ ਦੀ ਜਾਇਦਾਦ ਵਿੱਚ ਰੱਤੀ ਜਿੰਨਾ ਵੀ ਹਿੱਸਾ ਨਹੀਂ ਚਾਹੁੰਦੀ ਹੈ, ਪਰ ਪਤੀ ਜਾਂ ਸਹੁਰਿਆਂ ਦੇ ਦਬਾਅ ਹੇਠ ਉਸ ਨੂੰ ਆਪਣੇ ਵੀਰ ਕੋਲ ਜਾ ਕੇ ਇਹ ਅੱਕ ਚੱਬਣਾ ਪੈਂਦਾ ਹੈ, ਜੋ ਭੈਣ-ਭਰਾ ਦੇ ਰਿਸ਼ਤੇ ਵਿਚਕਾਰ ਤਲਖ਼ੀ ਤੇ ਨਾਰਾਜ਼ਗੀ ਦਾ ਕਾਰਨ ਹੋ ਨਿੱਬੜਦਾ ਹੈ।




ਅਜੋਕਾ ਪੰਜਾਬ ਇਕ ਬੇਹੱਦ ਗੰਭੀਰ ਸਥਿਤੀ ਵਿੱਚੋਂ ਗੁਜ਼ਰ ਰਿਹਾ ਹੈ। ਬੀਤੇ ਕਈ ਵਰ੍ਹਿਆਂ ਤੋਂ ਪੰਜਾਬ ਵਿੱਚ ਵੱਖ-ਵੱਖ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਆਮਦ, ਸਮਗਲਿੰਗ, ਵਿਕਰੀ ਅਤੇ ਵਰਤੋਂ ਜ਼ੋਰਾਂ 'ਤੇ ਹੈ, ਜਿਸ ਦਾ ਸਿੱਟਾ ਇਹ ਹੈ ਕਿ ਇਥੇ ਆਏ ਦਿਨ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਕਰਕੇ ਜਾਂ ਵਿੱਤੀ ਕਾਰਨਾਂ ਕਰਕੇ ਨਸ਼ੇ ਦੀ ਲੋੜ ਪੂਰੀ ਨਾ ਹੋਣ ਕਾਰਨ ਪੰਜਾਬ ਦੇ ਗੱਭਰੂ ਮੌਤ ਦੇ ਮੂੰਹ ਵਿਚ ਪੈ ਰਹੇ ਹਨ, ਜਿਸ ਕਰਕੇ ਭੈਣਾਂ ਆਪਣੇ ਲਾਡਲੇ ਵੀਰਾਂ ਨੂੰ ਰੱਖੜੀਆਂ ਬੰਨ੍ਹਣ ਦੀ ਥਾਂ ਉਨ੍ਹਾਂ ਦੀ ਮੌਤ ਦਾ ਮਾਤਮ ਮਨਾ ਰਹੀਆਂ ਹਨ। ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ, 'ਹੱਥਾਂ ਵਿਚ ਰੱਖੜੀਆਂ ਤੇ ਨੈਣਾਂ ਵਿੱਚ ਨੀਰ, ਭੈਣਾਂ ਫ਼ਿਰਨ ਲੱਭਦੀਆਂ ਚਿੱਟੇ 'ਚ ਗੁਆਚੇ ਵੀਰ।' ਦੂਜੇ ਪਾਸੇ ਪੰਜਾਬ ਵਿਚ ਲਗਾਤਾਰ ਵਧ ਰਹੇ ਮਾਦਾ ਭਰੂਣ ਹੱਤਿਆ ਦੇ ਮਾਮਲਿਆਂ ਕਰਕੇ ਲੜਕੀਆਂ ਦਾ ਜਨਮ ਲੈਣਾ ਕਠਿਨ ਹੁੰਦਾ ਜਾ ਰਿਹਾ ਹੈ ਤੇ ਵੀਰਾਂ ਨੂੰ ਗੁੱਟਾਂ 'ਤੇ ਰੱਖੜੀਆਂ ਬੰਨ੍ਹਵਾਉਣ ਲਈ ਭੈਣਾਂ ਨਹੀਂ ਮਿਲ ਰਹੀਆਂ ਹਨ।

ਸੋ ਮੁੱਕਦੀ ਗੱਲ ਇਹ ਹੈ ਕਿ ਭਾਵੇਂ ਦੂਰ ਰਹਿੰਦੇ ਹੋਣ ਤੇ ਭਾਵੇਂ ਨੇੜੇ, ਪਰ ਭੈਣ-ਭਰਾ ਦਾ ਸਾਥ ਬਚਪਨ ਤੋਂ ਬੁਢਾਪੇ ਤੱਕ ਨਿਭਣਾ ਚਾਹੀਦਾ ਹੈ। ਜੇਕਰ ਕਿਸੇ ਕਾਰਨ ਇਸ ਰਿਸ਼ਤੇ ਵਿਚ ਕਸ਼ੀਦਗੀ ਜਾਂ ਕੜਵਾਹਟ ਆ ਵੀ ਗਈ ਹੈ ਤਾਂ ਉਸ ਨੂੰ ਭੁਲਾ ਕੇ ਮੁੜ ਤੋਂ 'ਟੁੱਟੀ ਗੰਢ ਲੈਣੀ' ਚਾਹੀਦੀ ਹੈ, ਕਿਉਂਕਿ ਇਕ ਬਹੁਤ ਹੀ ਹੋਣਹਾਰ ਸ਼ਾਇਰ ਦੇ ਬੋਲ ਨੇ , 'ਇੱਕੋ ਘਰ ਨਹੀਂ ਜੰਮਣਾ ਮੁੜ ਕੇ ਇਕ ਟੱਬਰ ਦਿਆਂ ਜੀਆਂ ਨੇ।' ਭਾਵ ਕਿ ਇਹ ਪਰਵਾਰ, ਇਹ ਰਿਸ਼ਤੇ ਸਾਨੂੰ ਇਕ ਵਾਰ ਹੀ ਮਿਲਦੇ ਹਨ ਤੇ ਜੇਕਰ ਦੂਜਾ ਜਨਮ ਇਸ ਧਰਤੀ 'ਤੇ ਸੰਭਵ ਵੀ ਹੈ ਤਾਂ ਵੀ ਅਸੀਂ ਬਤੌਰ ਭੈਣ-ਭਰਾ ਇੱਕੋ ਹੀ ਟੱਬਰ ਵਿਚ ਦੂਜੀ ਵਾਰ ਜਨਮ ਨਹੀਂ ਲੈ ਪਾਉਣਾ। ਇਸ ਲਈ ਭੈਣ-ਭਰਾ ਦੇ ਰਿਸ਼ਤੇ ਨੂੰ ਪੂਰੀ ਸ਼ਿੱਦਤ ਨਾਲ ਨਿਭਾਇਆ ਜਾਣਾ ਚਾਹੀਦਾ ਹੈ ਤੇ ਪਰਵਾਰ ਦੇ ਬਾਕੀ ਰਿਸ਼ਤਿਆਂ ਦੀ ਵੀ ਕਦਰ ਕਰਨੀ ਚਾਹੀਦੀ ਹੈ। ਵੀਰਾਂ ਨੂੰ ਇਹ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਭੈਣਾਂ ਦੇ ਬੁੱਲ੍ਹਾਂ 'ਤੇ ਆਪਣੇ ਵੀਰਾਂ ਲਈ ਸਦਾ ਇਹੋ ਦੁਆ ਰਹਿੰਦੀ ਹੈ-

ਰੱਬਾ ਹਰ ਖ਼ੁਸ਼ੀ ਦੇਵੀਂ ਮੇਰੇ ਵੀਰੇ ਨੂੰ,
ਮੇਰੇ ਇਸ ਕੋਹਿਨੂਰ ਵਰਗੇ ਹੀਰੇ ਨੂੰ।
ਮੇਰੀ ਹਸਤੀ ਵੀ ਚਾਹੇ ਮਿਟਾ ਦੇਵੀਂ,
ਮੇਰੀ ਉਮਰ ਵੀ ਲਾ ਦੇਵੀਂ ਵੀਰੇ ਨੂੰ।

# ਸੰਪਰਕ : :97816-46008

ਨਵਦੀਪ ਸਿੰਘ ਝੁਨੀਰ

ਜਨਮ ਵਰ੍ਹੇਗੰਢ 'ਤੇ ਵਿਸ਼ੇਸ਼

# ਹਾਕੀ ਸਟਿੱਕ ਨਾਲ ਇਤਿਹਾਸ ਲਿਖਣ ਵਾਲਾ ਜਾਦੂਗਰ

ਆਸਟਰੀਆ ਦੀ ਰਾਜਧਾਨੀ ਵੀਆਨਾ ਨਾਲ ਮੇਜਰ ਧਿਆਨ ਚੰਦ ਦੀ ਖੇਡ-ਕਲਾ ਬਾਰੇ ਇੱਕ ਬੜੀ ਦਿਲਚਸਪ ਕਥਾ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਉੱਥੋਂ ਦੇ ਇੱਕ ਸਪੋਰਟਸ ਕਲੱਬ ਵਿੱਚ ਉਨ੍ਹਾ ਦਾ ਅਜਿਹਾ ਬੁੱਤ ਸਥਾਪਤ ਕੀਤਾ ਗਿਆ ਸੀ, ਜਿਸ ਦੇ ਚਾਰ ਹੱਥ ਸਨ ਅਤੇ ਚਾਰਾਂ ਹੱਥਾਂ ਵਿੱਚ ਹਾਕੀ ਦੀਆਂ ਸਟਿੱਕਾਂ ਸਨ। ਇਹ ਅਜੀਬੋ-ਗਰੀਬ ਰੂਪਕ ਉਸ ਖਿਡਾਰੀ ਦੀ ਅਸਾਧਾਰਨ ਕਲਾ ਨੂੰ ਦਰਸਾਉਂਦਾ ਸੀ, ਜਿਸ ਨੂੰ ਗੇਂਦ 'ਤੇ ਇੰਨਾ ਅਦਭੁਤ ਕਾਬੂ ਸੀ ਕਿ ਦੇਖਣ ਵਾਲਿਆਂ ਨੂੰ ਲੱਗਦਾ ਸੀ, ਜਿਵੇਂ ਉਸ ਦੇ ਦੋ ਨਹੀਂ, ਚਾਰ ਹੱਥ ਹੋਣ। ਹਾਲਾਂਕਿ ਇਸ ਬੁੱਤ ਦੀ ਹੋਂਦ ਬਾਰੇ ਬਾਅਦ ਵਿੱਚ ਸਵਾਲ ਵੀ ਉਠੇ ਹਨ, ਪਰ ਇਹ ਕਥਾ ਧਿਆਨ ਚੰਦ ਦੀ ਖੇਡ ਨੇ ਲੋਕ-ਕਲਪਨਾ ਉੱਤੇ ਪਾਏ ਪ੍ਰਭਾਵ ਦੀ ਇੱਕ ਦਿਲਚਸਪ ਮਿਸਾਲ ਜ਼ਰੂਰ ਬਣ ਚੁੱਕੀ ਹੈ।

29 ਅਗਸਤ 1905 ਨੂੰ ਇਲਾਹਾਬਾਦ ਵਿੱਚ ਜਨਮੇ ਧਿਆਨ ਸਿੰਘ ਨੇ ਅੱਗੇ ਚੱਲ ਕੇ ਦੁਨੀਆ ਨੂੰ ਆਪਣੇ ਅਸਾਧਾਰਨ ਹਾਕੀ-ਹੁਨਰ ਨਾਲ ਹੈਰਾਨ ਕਰ ਦਿੱਤਾ।ਉਨ੍ਹਾ ਦਾ ਜਨਮ ਮਾਤਾ ਸ਼ਾਰਧਾ ਦੇਵੀ ਅਤੇ ਪਿਤਾ ਸੂਬੇਦਾਰ ਸਮੇਸ਼ਵਰ ਦੱਤ ਸਿੰਘ ਦੇ ਘਰ ਹੋਇਆ। ਉਨ੍ਹਾ ਦੇ ਦੋ ਹੋਰ ਭਰਾ ਹਵਾਲਦਾਰ ਮੂਲ ਸਿੰਘ ਅਤੇ ਰੂਪ ਸਿੰਘ ਸਨ। ਪਿਤਾ ਫ਼ੌਜ ਵਿੱਚ ਸੇਵਾ ਕਰਦੇ ਸਨ ਅਤੇ ਉਨ੍ਹਾਂ ਦੀਆਂ ਬਦਲੀਆਂ ਕਾਰਨ ਪਰਵਾਰ ਨੂੰ ਵੱਖ-ਵੱਖ ਥਾਵਾਂ 'ਤੇ ਰਹਿਣਾ ਪੈਂਦਾ ਸੀ। ਇਸੇ ਕਾਰਨ ਧਿਆਨ ਚੰਦ ਦਾ ਬਚਪਨ ਵੀ ਕਈ ਥਾਵਾਂ 'ਤੇ ਬੀਤਿਆ, ਪਰ ਝਾਂਸੀ ਨਾਲ ਉਨ੍ਹਾ ਦਾ ਜੀਵਨ ਖ਼ਾਸ ਤੌਰ 'ਤੇ ਜੁੜ ਗਿਆ। ਬਚਪਨ ਵਿੱਚ ਹਾਕੀ ਉਨ੍ਹਾ ਦੀ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਸੀ, ਪਰ ਲਗਭਗ ਸੋਲਾਂ-ਸਤਾਰਾਂ ਸਾਲ ਦੀ ਉਮਰ ਵਿੱਚ ਫ਼ੌਜ ਵਿੱਚ ਭਰਤੀ ਹੋਣ ਤੋਂ ਬਾਅਦ ਹਾਕੀ ਹੌਲੀ-ਹੌਲੀ ਉਨ੍ਹਾ ਦੀ ਜ਼ਿੰਦਗੀ ਦਾ ਰਾਹ ਬਣ ਗਈ।



ਫ਼ੌਜੀ ਮੈਦਾਨ ਨੇ ਧਿਆਨ ਸਿੰਘ ਦੇ ਅੰਦਰ ਲੁਕੀ ਪ੍ਰਤਿਭਾ ਨੂੰ ਨਿਖਾਰਨ ਲਈ ਮੰਚ ਪ੍ਰਦਾਨ ਕੀਤਾ। ਉਹ ਅਭਿਆਸ ਵਿੱਚ ਏਨੇ ਲੀਨ ਰਹਿੰਦੇ ਕਿ ਕਈ ਵਾਰ ਰਾਤ ਪੈ ਜਾਂਦੀ, ਪਰ ਉਹ ਚਾਂਦਨੀ ਵਿੱਚ ਵੀ ਹਾਕੀ ਖੇਡਦੇ ਰਹਿੰਦੇ। ਇਸੇ ਕਰਕੇ ਉਨ੍ਹਾ ਦੇ ਸਾਥੀਆਂ ਵੱਲੋਂ ਧਿਆਨ ਸਿੰਘ ਨੂੰ 'ਧਿਆਨ ਚੰਦ' ਕਹੇ ਜਾਣ ਦੀ ਪ੍ਰਸਿੱਧ ਕਹਾਣੀ ਜਨਮ ਲੈਂਦੀ ਹੈ। ਨਾਂਅ ਨਾਲ ਚੰਦ ਜੁੜ ਗਿਆ, ਪਰ ਉਸ ਨਾਂਅ ਨੂੰ ਅਸਲ ਚਮਕ ਉਨ੍ਹਾ ਦੀ ਅਣਥੱਕ ਮਿਹਨਤ, ਅਭਿਆਸ ਅਤੇ ਸਾਧਨਾ ਨੇ ਦਿੱਤੀ।

ਧਿਆਨ ਚੰਦ ਦੀ ਖੇਡ ਦਾ ਜਾਦੂ ਸਿਰਫ਼ ਤੇਜ਼ੀ ਜਾਂ ਗੋਲ ਕਰਨ ਦੀ ਕਲਾ ਵਿੱਚ ਨਹੀਂ ਸੀ, ਉਹ ਮੈਦਾਨ ਨੂੰ ਪੜ੍ਹਦੇ ਸਨ। ਉਨ੍ਹਾਂ ਦੀ ਨਜ਼ਰ ਗੇਂਦ ਦੇ ਨਾਲ-ਨਾਲ ਆਪਣੇ ਸਾਥੀ ਖਿਡਾਰੀਆਂ ਅਤੇ ਵਿਰੋਧੀਆਂ ਦੀ ਸਥਿਤੀ ਉੱਤੇ ਵੀ ਰਹਿੰਦੀ ਸੀ। ਉਹ ਗੇਂਦ ਨੂੰ ਬੇਲੋੜਾ ਆਪਣੇ ਕੋਲ ਰੱਖਣ ਦੀ ਥਾਂ ਸਹੀ ਸਮੇਂ 'ਤੇ ਸਹੀ ਸਾਥੀ ਨੂੰ ਪਾਸ ਦੇਣ ਨੂੰ ਵਧੇਰੇ ਮਹੱਤਵ ਦਿੰਦੇ ਸਨ। ਉਨ੍ਹਾ ਦੀ ਡ੍ਰਿਬਲਿੰਗ, ਗੇਂਦ 'ਤੇ ਕਾਬੂ ਅਤੇ ਵਿਰੋਧੀ ਨੂੰ ਚਕਮਾ ਦੇਣ ਦੀ ਕਲਾ ਅਜਿਹੀ ਸੀ ਕਿ ਲੋਕਾਂ ਨੂੰ ਗੇਂਦ ਉਨ੍ਹਾਂ ਦੀ ਸਟਿੱਕ ਨਾਲ ਚਿਪਕੀ ਹੋਈ ਜਾਪਦੀ। ਕਈ ਵਾਰ ਵਿਰੋਧੀਆਂ ਨੇ ਉਨ੍ਹਾ ਦੀ ਹਾਕੀ ਦੀ ਜਾਂਚ ਤੱਕ ਕੀਤੀ ਕਿ ਕਿਤੇ ਉਸ ਵਿੱਚ ਚੁੰਬਕ ਤਾਂ ਨਹੀਂ ਲੱਗਾ ਹੋਇਆ। ਉਨ੍ਹਾਂ ਦੀ ਖੇਡ ਨਾਲ ਜੁੜੀਆਂ ਅਜਿਹੀਆਂ ਕਈ ਕਹਾਣੀਆਂ ਬਾਅਦ ਵਿੱਚ ਦੰਦ-ਕਥਾਵਾਂ ਦਾ ਰੂਪ ਧਾਰ ਗਈਆਂ।ਇਨ੍ਹਾਂ ਕਥਾਵਾਂ ਤੋਂ ਪਰੇ ਇੱਕ ਗੱਲ ਨਿਰਵਿਵਾਦ ਸੀ, ਉਹ ਸੀ ਧਿਆਨ ਚੰਦ ਦਾ ਗੇਂਦ 'ਤੇ ਬੇਮਿਸਾਲ ਕਾਬੂ।

1926 ਵਿੱਚ ਭਾਰਤੀ ਫ਼ੌਜ ਦੀ ਹਾਕੀ ਟੀਮ ਨਾਲ ਵਿਦੇਸ਼ੀ ਦੌਰੇ ਨੇ ਧਿਆਨ ਚੰਦ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਈ। ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੇ ਦੌਰੇ ਦੌਰਾਨ ਉਨ੍ਹਾ ਦੀ ਖੇਡ ਦੀ ਭਰਪੂਰ ਪ੍ਰਸੰਸਾ ਹੋਈ। ਇਸ ਤੋਂ ਬਾਅਦ 1928 ਦੀਆਂ ਐਮਸਟਰਡਮ ਓਲੰਪਿਕ ਖੇਡਾਂ ਵਿੱਚ ਉਹ ਭਾਰਤੀ ਟੀਮ ਦੇ ਸੈਂਟਰ ਫਾਰਵਰਡ ਵਜੋਂ ਖੇਡੇ। ਭਾਰਤ ਨੇ ਓਲੰਪਿਕ ਹਾਕੀ ਦਾ ਪਹਿਲਾ ਸੋਨ ਤਮਗਾ ਜਿੱਤਿਆ ਅਤੇ ਪੂਰੇ ਟੂਰਨਾਮੈਂਟ ਵਿੱਚ ਇੱਕ ਵੀ ਗੋਲ ਨਹੀਂ ਖਾਧਾ।

1932 ਦੀਆਂ ਲਾਸ ਏਂਜਲਸ ਓਲੰਪਿਕ ਖੇਡਾਂ ਵਿੱਚ ਧਿਆਨ ਚੰਦ ਦੇ ਨਾਲ ਉਨ੍ਹਾ ਦੇ ਛੋਟੇ ਭਰਾ ਰੂਪ ਸਿੰਘ ਵੀ ਭਾਰਤੀ ਟੀਮ ਦਾ ਹਿੱਸਾ ਸਨ। ਦੋਵੇਂ ਭਰਾ ਫਾਰਵਰਡ ਲਾਈਨ ਵਿੱਚ ਖੇਡਦੇ ਤਾਂ ਉਨ੍ਹਾਂ ਦੀ ਆਪਸੀ ਸਮਝ ਵਿਰੋਧੀ ਟੀਮ ਲਈ ਵੱਡੀ ਮੁਸੀਬਤ ਬਣ ਜਾਂਦੀ। ਭਾਰਤ ਨੇ ਜਪਾਨ ਨੂੰ 11-1 ਅਤੇ ਅਮਰੀਕਾ ਨੂੰ 24-1 ਨਾਲ ਹਰਾਇਆ। ਇਸ ਓਲੰਪਿਕ ਵਿੱਚ ਧਿਆਨ ਚੰਦ ਨੇ ਕੁੱਲ 12 ਗੋਲ ਕੀਤੇ, ਜਿਨ੍ਹਾਂ ਵਿੱਚੋਂ ਅਮਰੀਕਾ ਵਿਰੁੱਧ ਇਤਿਹਾਸਕ ਜਿੱਤ ਵਿੱਚ ਉਨ੍ਹਾ ਨੇ 8 ਗੋਲ ਅਤੇ ਉਨ੍ਹਾ ਦੇ ਭਰਾ ਰੂਪ ਸਿੰਘ ਨੇ 10 ਗੋਲ ਦਾਗੇ। ਭਾਰਤ ਨੇ ਦੂਜਾ ਓਲੰਪਿਕ ਸੋਨ ਤਮਗਾ ਜਿੱਤਿਆ। ਇਸੇ ਸਾਲ ਦੇ ਵਿਸ਼ਵ ਦੌਰੇ ਦੌਰਾਨ ਭਾਰਤ ਵੱਲੋਂ ਖੇਡੇ ਗਏ 37 ਮੈਚਾਂ ਵਿੱਚ ਕੀਤੇ ਗਏ 338 ਗੋਲਾਂ ਵਿੱਚੋਂ ਇਕੱਲੇ ਧਿਆਨ ਚੰਦ ਨੇ 133 ਗੋਲ ਕੀਤੇ। ਇਹ ਅੰਕੜਾ ਧਿਆਨ ਚੰਦ ਦੀ ਗੋਲ ਕਰਨ ਦੀ ਅਸਾਧਾਰਨ ਸਮਰੱਥਾ ਦੀ ਗਵਾਹੀ ਦਿੰਦਾ ਹੈ।

1935 ਦੇ ਦੌਰੇ ਦੌਰਾਨ ਮਹਾਨ ਆਸਟ੍ਰੇਲੀਆਈ ਕ੍ਰਿਕਟਰ ਡੌਨ ਬਰੈਡਮੈਨ ਨੇ ਵੀ ਧਿਆਨ ਚੰਦ ਨੂੰ ਖੇਡਦਿਆਂ ਦੇਖਿਆ ਅਤੇ ਹੈਰਾਨੀ ਨਾਲ ਪੁੱਛਿਆ, 'ਧਿਆਨ ਬਾਈ! ਤੂੰ ਸਟਿੱਕ ਨਾਲ ਐਨੇ ਗੋਲ ਕਿਸ ਤਰ੍ਹਾਂ ਕਰ ਲੈਂਦਾ ਹੈਂ? ਇਸ 'ਤੇ ਧਿਆਨ ਚੰਦ ਨੇ ਹੱਸਦਿਆ ਕਿਹਾ, 'ਜਿਵੇਂ ਤੁਸੀ ਬੱਲੇ ਨਾਲ ਦੌੜਾਂ ਬਣਾਉਂਦੇ ਹੋ।' ਇਸ 1935 ਦੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੌਰੇ ਦੌਰਾਨ ਭਾਰਤ ਵੱਲੋਂ ਕੀਤੇ ਗਏ ਕੁੱਲ 584 ਗੋਲਾਂ ਵਿੱਚੋਂ ਧਿਆਨ ਚੰਦ

ਬਾਕੀ ਸਫਾ 9 'ਤੇ

# ਸਰਕਾਰ ਵਿਰੁੱਧ ਮੁਲਾਜ਼ਮ ਰੋਸ ਸਿਖ਼ਰ 'ਤੇ, ਇਤਿਹਾਸਕ ਹੋ ਨਿੱਬੜੀ ਮਹਾਂ-ਹੜਤਾਲ




























**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)** : ਪੰਜਾਬ ਸਰਕਾਰ ਵਿਰੁੱਧ ਸਰਕਾਰੀ ਮੁਲਾਜ਼ਮਾਂ ਦਾ ਰੋਹ ਸਿਖ਼ਰ 'ਤੇ ਪਹੁੰਚ ਚੁੱਕਾ ਹੈ, ਜਿਸ ਦੇ ਚਲਦਿਆਂ ਅੱਜ ਸੂਬੇ ਦੇ ਸਮੂਹ ਸਰਕਾਰੀ ਵਿਭਾਗਾਂ ਦੇ ਕਰਮਚਾਰੀ ਸਮੂਹਿਕ ਛੁੱਟੀ ਲੈ ਕੇ ਜ਼ਿਲ੍ਹਾ ਪੱਧਰੀ ਧਰਨਿਆਂ ਵਿੱਚ ਇਕੱਠੇ ਹੋਏ। ਇਨ੍ਹਾਂ ਰੋਸ ਧਰਨਿਆਂ ਵਿੱਚ ਮੁਲਾਜ਼ਮਾਂ ਦਾ ਇਕੱਠ ਇੰਜ ਹੜ੍ਹ ਵਾਂਗ ਆਇਆ ਕਿ ਪੰਡਾਲ ਛੋਟੇ ਜਾਪਣ ਲੱਗ ਗਏ।ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਫ਼ਤਰ ਡਿਪਟੀ ਕਮਿਸ਼ਨ ਦੇ ਸਾਹਮਣੇ ਸਾਂਝਾ ਮੁਲਾਜ਼ਮ ਮੰਚ ਤੇ ਸਾਂਝੀ ਐਕਸ਼ਨ ਤਾਲਮੇਲ ਕਮੇਟੀ ਵੱਲੋਂ ਰੱਖੇ ਗਏ ਰੋਸ ਪ੍ਰਦਰਸ਼ਨ ਵਿੱਚ ਸਰਕਾਰੀ ਮੁਲਾਜ਼ਮ ਏਨੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਕਿ ਇਹ ਜ਼ਿਲ੍ਹਾ ਪੱਧਰੀ ਨਾ ਹੋ ਕੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਜਾਪ ਰਿਹਾ ਸੀ। ਇਸ ਮੌਕੇ ਕਰਮਚਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਇਤਿਹਾਸ ਦਾ ਸਭ ਤੋਂ ਨਿਕੰਮਾ ਮੁੱਖ ਮੰਤਰੀ ਸਾਬਿਤ ਹੋਇਆ ਹੈ, ਕਿਉਂਕਿ ਸਾਢੇ 4 ਸਾਲ ਦੇ ਕਾਰਜਕਾਲ ਦੌਰਾਨ ਮੁੱਖ ਮੰਤਰੀ ਵੱਲੋਂ ਕਰਮਚਾਰੀਆਂ ਨੂੰ ਕੇਵਲ ਲਾਰੇ ਹੀ ਲਗਾਏ ਗਏ ਹਨ, ਜਦਕਿ ਜ਼ਮੀਨੀ ਪੱਧਰ ਦੇ ਕਰਮਚਾਰੀਆਂ ਨੂੰ ਕੁਝ ਵੀ ਨਹੀਂ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਟੇਜਾਂ 'ਤੇ ਅਕਸਰ ਹੀ ਕਿਹਾ ਜਾਂਦਾ ਹੈ ਕਿ ਉਹ ਜਥੇਬੰਦੀਆਂ ਨਾਲ ਗੱਲਬਾਤ ਕਰਨ ਲਈ ਹਮੇਸ਼ਾ ਤਿਆਰ ਹਨ, ਪ੍ਰੰਤੂ ਪਿਛਲੇ ਸਾਢੇ 4 ਸਾਲ ਦੌਰਾਨ 16-17 ਵਾਰ ਮੀਟਿੰਗਾਂ ਰੱਖ ਕੇ ਮੁਲਵਤੀ ਕੀਤੀਆਂ ਗਈਆਂ ਹਨ, ਜਿਸ ਕਾਰਨ ਇਹ ਸਰਕਾਰ ਆਪਣਾ ਵਿਸ਼ਵਾਸ ਕਰਮਚਾਰੀਆਂ ਤੋਂ ਗਵਾ ਚੁੱਕੀ ਹੈ।ਇਸ ਮੌਕੇ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਕਰਮਚਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰ ਦੇ ਝੂਠਾਂ ਤੇ ਲਾਅਰਿਆਂ ਦਾ ਪਤਾ ਲੱਗ ਚੁੱਕਾ, ਜਿਸ ਵਿੱਚ ਹੁਣ ਕਰਮਚਾਰੀ ਨਹੀਂ ਆਉਣਗੇ।ਉਨ੍ਹਾਂ ਕਿਹਾ ਕਿ ਸਰਕਾਰ ਇੱਕ ਪਾਸੇ ਕਰੋੜਾਂ ਰੁਪਇਆ ਸਰਕਾਰੀ ਇਸ਼ਤਿਹਾਰਾਂ ਵਿੱਚ ਖਰਚ ਕਰ ਰਹੀ ਹੈ, ਉੱਥੇ ਦੂਜੇ ਪਾਸੇ ਸਰਕਾਰੀ ਕਰਮਚਾਰੀਆਂ ਦਾ ਜਮਹੂਰੀ ਹੱਕ ਜਿਵੇਂ ਮਹਿੰਗਾਈ ਭੱਤਾ ਤੇ ਪੁਰਾਣੀ ਪੈਨਸ਼ਨ ਸਕੀਮ ਤੋਂ ਵਾਂਝੇ ਰੱਖਿਆ ਗਿਆ ਹੈ।ਆਗੂਆਂ ਨੇ ਕਿਹਾ ਕਿ ਇਸ ਹੰਕਾਰੀ ਮੁੱਖ ਮੰਤਰੀ ਤੇ ਝੂਠਾਂ ਦੀ ਪੰਡ ਵਾਲੀ ਪਾਰਟੀ ਨੂੰ ਮੁਲਾਜ਼ਮਾਂ ਨੇ ਹੁਣ ਚਲਦਾ ਕਰਨ ਦਾ ਮਨ ਬਣਾ ਲਿਆ ਹੈ, ਕਿਉਂਕਿ ਸਰਕਾਰ ਮੁਲਾਜ਼ਮਾਂ ਨਾਲ ਕੀਤੇ ਗਏ ਹਰੇਕ ਵਾਅਦੇ ਨੂੰ ਪੂਰਾ ਕਰਨ ਵਿੱਚ ਫੇਲ੍ਹ ਸਾਬਿਤ ਹੋਈ ਹੈ।ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਜਿੱਥੇ ਸਰਕਾਰ ਨਾਲ ਕਰਮਚਾਰੀਆਂ ਦੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਨ ਦਾ ਵਾਅਦਾ ਕੀਤਾ ਗਿਆ ਸੀ, ਉੱਥੇ ਮੁਲਾਜ਼ਮ ਮਾਰੂ 15-1-2015 ਅਤੇ 17-7-2020 ਦੇ ਪੱਤਰਾਂ ਨੂੰ ਵਾਪਸ ਲੈਣ ਸੰਬੰਧੀ ਵੀ ਆਖਿਆ ਸੀ, ਪ੍ਰੰਤੂ ਚੋਣਾਂ ਉਪਰੰਤ ਸਰਕਾਰ ਨੇ ਕਿਸੇ ਵੀ ਵਾਅਦੇ ਨੂੰ ਵੀ ਪੂਰਾ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਰਮਚਾਰੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਨਾ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ।ਰੋਸ ਰੈਲੀ ਉਪਰੰਤ ਹਜ਼ਾਰਾਂ ਕਰਮਚਾਰੀਆਂ ਵੱਲੋਂ ਰੋਸ ਮਾਰਚ ਕਰਦੇ ਹੋਏ ਬਠਿੰਡਾ ਰੋਡ ਚੌਂਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਪ੍ਰਦਰਸ਼ਨ ਦੌਰਾਨ ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ, ਗੌਰਮਿੰਟ ਟੀਚਰਜ਼ ਯੂਨੀਅਨ, ਖੇਤੀਬਾੜੀ ਵਿਭਾਗ, ਏ.ਡੀ.ਓ., ਪੈਨਸ਼ਨਰਜ਼ ਐਸੋਸੀਏਸ਼ਨ, ਆਂਗਣਵਾੜੀ ਵਰਕਰ ਯੂਨੀਅਨ, ਸੀ.ਪੀ.ਐੱਫ. ਕਰਮਚਾਰੀ ਯੂਨੀਅਨ, ਕਿਸਾਨ ਯੂਨੀਅਨ ਕੇ.ਕੇ.ਯੂ, ਟੈਕਨੀਕਲ ਐਂਡ ਮਕੈਨੀਕਲ ਸਰਵਿਸਜ਼ ਯੂਨੀਅਨ, ਪੰਜਾਬ ਰੋਡਵੇਜ਼ ਪੈਨਸ਼ਨਰਜ਼ ਯੂਨੀਅਨ, ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੀ.ਡਬਲਯੂ.ਡੀ. ਐਂਡ. ਅਲਾਈਡ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਸਿੱਖਿਆ ਵਿਭਾਗ, ਪਟਵਾਰ ਯੂਨੀਅਨ, ਮਿਉਂਸਪਲ ਪੈਨਸ਼ਨਰਜ਼ ਯੂਨੀਅਨ, ਪੀ.ਐਸ.ਪੀ.ਸੀ.ਐਲ. ਪੈਨਸ਼ਨਰਜ਼ ਐਸੋਸੀਏਸ਼ਨ, ਸਿਵਲ ਹਸਪਤਾਲ, ਐਨ.ਐਸ.ਕਿਊ.ਐਫ., ਮਿੱਡ ਡੇ ਮੀਲ ਕਰਮਚਾਰੀ ਯੂਨੀਅਨ, ਲੋਕ ਮੋਰਚਾ ਪੰਜਾਬ, ਜੰਗਲਾਤ ਕਾਰਪੋਰੇਸ਼ਨ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ, ਪੰਚਾਇਤ ਸਕੱਤਰ ਯੂਨੀਅਨ, ਮਾਰਕੀਟ ਕਮੇਟੀ ਯੂਨੀਅਨ, ਨਰਸਿੰਗ ਐਸੋਸੀਏਸ਼ਨ, ਮਾਸਟਰ ਕੇਡਰ ਯੂਨੀਅਨ ਪੰਜਾਬ, ਰੋਡਵੇਜ਼ ਦਫ਼ਤਰ, ਭੂਮੀ ਰੱਖਿਆ, ਪਸ਼ੂ ਪਾਲਣ, ਜੰਗਲਾਤ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ, ਜਲ ਸਪਲਾਈ ਵਿਭਾਗ, ਨਹਿਰੀ ਵਿਭਾਗ, ਲੋਕ ਸੰਪਰਕ ਵਿਭਾਗ, ਬੀ. ਐਂਡ ਆਰ., ਮਾਰਕੀਟ ਕਮੇਟੀ ਆਦਿ ਵੱਡੀ ਵਿੱਚ ਕਰਮਚਾਰੀ ਤੇ ਆਪ ਮੁਹਾਰੇ ਜਾਗਦੀ ਜ਼ਮੀਰ ਵਾਲੇ ਲੋਕ ਹਾਜ਼ਰ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)** : ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਪੰਜਾਬ ਦੇ ਦਿੱਤੇ ਗਏ ਸੱਦੇ ਤੇ ਸਾਂਝਾ ਮੁਲਾਜ਼ਮ ਮੰਚ/ਮੁਲਾਜ਼ਮ/ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ ਦਾ ਮਹਾਂਬੰਦ ਕਰਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਦੇ ਸਾਹਮਣੇ ਕੇਜਰੀਵਾਲ, ਭਗਵੰਤ ਮਾਨ ਤੇ ਸੌਰਵ ਦਾਸ (ਕਾਕਰੋਚ ਪਾਰਟੀ) ਦੇ ਪੁਤਲੇ ਫੂਕ ਕੇ ਵੱਡੀ ਰੋਸ ਰੈਲੀ ਕੀਤੀ ਗਈ।ਇਸ ਰੋਸ ਰੈਲੀ ਵਿੱਚ ਮੁਲਾਜ਼ਮ ਅਲੱਗ-ਅਲੱਗ ਜਥੇਬੰਦੀਆਂ ਤੋਂ ਵੱਡੀ ਗਿਣਤੀ ਦੇ ਵਿੱਚ ਡੀ.ਸੀ. ਦਫ਼ਤਰ ਮੋਗਾ ਦੇ ਸਾਹਮਣੇ ਰੋਸ ਰੈਲੀ ਵਿੱਚ ਪਹੁੰਚੇ, ਇਸ ਰੈਲੀ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਹੱਕੀ ਮੰਗਾਂ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ।ਇਸ ਤੋਂ ਇਲਾਵਾ ਅੱਜ ਰੋਸ ਰੈਲੀ ਵਿੱਚ ਮੁਲਾਜ਼ਮਾਂ ਤੋਂ ਇਲਾਵਾ ਕਿਸਾਨਾਂ ਨੇ ਵੀ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਲਵਾਈ।ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ, ਦਲਬੀਰ ਸਿੰਘ ਜ਼ਿਲ੍ਹਾ ਪ੍ਰਧਾਨ ਡੀ.ਸੀ. ਦਫ਼ਤਰ ਯੂਨੀਅਨ, ਗੁਰਜੀਤ ਸਿੰਘ ਔਲਖ ਜਨਰਲ ਸੱਕਤਰ, ਹਰਜੀਤ ਸਿੰਘ ਜ਼ੀਰਾ, ਬਲੌਰ ਸਿੰਘ ਘੱਲ ਕਲਾਂ, ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ, ਸਮਸ਼ੇਰ ਸਿੰਘ ਜ਼ਿਲ੍ਹਾ ਪ੍ਰਧਾਨ, ਨਿਧੀ ਮੈਡਮ, ਨਿਰਮਲ ਸਿੰਘ ਸੂਬਾ ਜਨਰਲ ਸੱਕਤਰ ਆਈ.ਟੀ.ਆਈ. ਇੰਮਪਲਾਈਜ਼ ਯੂਨੀਅਨ, ਕੁਲਬੀਰ ਸਿੰਘ ਢਿੱਲੋਂ, ਰਾਜਿੰਦਰ ਸਿੰਘ ਰਿਆੜ, ਭੁਪਿੰਦਰ ਸਿੰਘ ਸੇਖੋਂ, ਗੁਰਮੀਤ ਰਖਰਾ, ਗੁਰਮੇਲ ਸਿੰਘ ਨਾਹਰ, ਗੁਰਜੀਤ ਸਿੰਘ ਮੱਲੀ, ਸਰਬਜੀਤ ਸਿੰਘ ਦੌਧਰ ਪੈਨਸਨ ਯੂਨੀਅਨ, ਸੁਖਚੈਨ ਸਿੰਘ ਈ.ਟੀ.ਟੀ. ਯੂਨੀਅਨ ਸੂਬਾ ਕਨਵੀਨਰ, ਪਰਮਪਾਲ ਸਿੰਘ, ਜਗਜੀਤ ਕੌਰ ਖੋਸਾ, ਸਰਬ ਆਂਗਣਵਾੜੀ ਵਰਕਰ/ਹੈਲਪਰ ਪ੍ਰਧਾਨ, ਪ੍ਰੇਮ ਕੁਮਾਰ, ਭੁਪਿੰਦਰ ਸਿੰਘ ਪ੍ਰਧਾਨ ਪੈਨਸ਼ਨ ਯੂਨੀਅਨ, ਸੁਖਮੰਦਰ ਸਿੰਘ ਗੱਜਣਵਾਲਾ, ਗੁਰਪ੍ਰੀਤ ਸਿੰਘ ਗੌਰਮਿੰਟ ਟੀਚਰ ਯੂਨੀਅਨ, ਹਰਦੇਵ ਸਿੰਘ ਪੈਨਸ਼ਨ ਯੂਨੀਅਨ ਆਈ.ਟੀ.ਆਈ, ਬੂਟਾ ਸਿੰਘ ਐੱਚ.ਡੀ.ਐੱਮ., ਅਮਨਦੀਪ ਸਿੰਘ ਡੀ.ਟੀ.ਐੱਫ., ਧਰਮਪ੍ਰੀਤ ਸਿੰਘ ਪ੍ਰਧਾਨ ਦਰਜਾ-4, ਹਰਦੇਵ ਸਿੰਘ ਬੱਡੂਵਾਲ ਪੈਨਸ਼ਨ ਯੂਨੀਅਨ, ਅਸ਼ੋਕ ਵਰਮਾ ਰੈਵੀਨਿਊ ਇੰਪਲਾਈਜ਼ ਯੂਨੀਅਨ, ਸੁਰਿੰਦਰ ਸਿੰਘ ਬਰਾੜ ਪੰਜਾਬ ਰੋਡਵੇਜ਼, ਦਰਸ਼ਨ ਸਿੰਘ ਪੈਨਸ਼ਨਾਰ ਆਗੂ, ਬਲੌਰ ਸਿੰਘ ਬੀ. ਐਂਡ ਅਧਿਆਪਕ ਫਰੰਟ, ਸੁਖਵੰਤ ਸਿੰਘ ਢਿੱਲੋਂ, ਹਰਸ਼ ਗੋਇਲ ਸੀ.ਪੀ.ਐੱਫ. ਯੂਨੀਅਨ, ਮਨਦੀਪ ਕੌਰ ਆਸ਼ਾ ਵਰਕਰ ਯੂਨੀਅਨ ਤੋਂ ਇਲਾਵਾ ਹੋਰ ਵੀ ਜਥੇਬੰਦੀਆਂ ਦੇ ਆਗੂ ਤੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਚੌਥਾ ਦਰਜਾ ਮੁਲਾਜ਼ਮਾਂ ਕੱਚਿਆਂ-ਪੱਕਿਆਂ ਪੰਜਾਬ ਮਹਾਂਬੰਦ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਤੇ ਖੇਤਰੀ ਰੈਲੀ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇੱਥੇ ਸਮੂਹ ਤੌਰ 'ਤੇ ਵਣ ਵਿਭਾਗ ਦੇ ਦਫਤਰ ਅੱਗੇ ਸਵੇਰੇ ਤੋਂ ਹੀ ਇਕੱਠਾ ਹੋਣਾ ਸ਼ੁਰੂ ਕਰ ਦਿੱਤਾ, ਇੱਥੇ ਸਰਕਾਰ ਵਿਰੁੱਧ ਜ਼ੋਰਦਾਰ ਨਾਹਰੇਬਾਜ਼ੀ ਕਰਕੇ ਪਿੱਟ ਸਿਆਪਾ ਕੀਤਾ ਤੇ ਆਪ ਸਰਕਾਰ ਨੂੰ ਚਲਦੀ ਕਰਨ ਦਾ ਅਹਿਦ ਵੀ ਕੀਤਾ ਗਿਆ।ਇੱਥੇ ਵੱਡੀ ਗਿਣਤੀ ਵਿੱਚ ਵਿਸ਼ੇਸ਼ ਔਰਤਾਂ ਵੀ ਸ਼ਾਮਲ ਸਨ, ਮਾਰਚ ਕਰਦੇ ਹੋਏ ਮੁਲਾਜ਼ਮ ਮੰਗ ਕਰ ਰਹੇ ਸਨ ਕਿ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਡੀ.ਏ. ਸਾਡਾ ਹੱਕ ਹੈ, ਸਮੁੱਚੇ ਕੱਚੇ ਕਰਮਚਾਰੀਆਂ ਨੂੰ ਬਿਨਾਂ ਸ਼ਰਤਾਂ 'ਤੇ ਪੱਕਾ ਕੀਤਾ ਜਾਵੇ, ਠੇਕੇਦਾਰੀ ਪ੍ਰਥਾ ਦਾ ਮੁਕੰਮਲ ਖਾਤਮਾ ਕੀਤਾ ਜਾਵੇ, ਕਰਮੀਆਂ ਤੇ ਪੱਕਾ ਕਰਨ ਸਮੇਂ ਆਊਟ ਸੋਰਸ ਸੇਵਾਵਾਂ ਵਿੱਚ ਸ਼ਾਮਲ ਕੀਤੀਆਂ ਜਾਣ, ਸਫ਼ਾਈ ਸੇਵਕਾਂ, ਸੀਵਰਮੈਨ ਤੇ ਸਮੁੱਚੇ ਚੌਥਾ ਦਰਜਾ ਕਰਮੀਆਂ ਤੇ ਵਿਦਿਅਕ ਯੋਗਤਾ ਤੇ ਉਮਰ ਦੀ ਸਮਾਂ ਸੀਮਾ ਦੀ ਸ਼ਰਤਾਂ ਖਤਮ ਕੀਤੀਆਂ ਜਾਣ, ਘੱਟੋ ਘੱਟ ਤਨਖਾਹ ਸਕੇਲਾਂ ਸਮੇਤ ਭੱਤੇ ਦਿੱਤੇ ਜਾਣ, ਪਰਖ ਸਮਾਂ ਸਮਾਪਤ ਕੀਤਾ ਜਾਵੇ, ਚੌਥਾ ਦਰਜਾ ਚਾਰ ਕਰਮਚਾਰੀਆਂ ਨੂੰ 2011 ਤੋਂ ਮਿਲਦਾ ਇੱਕ ਵਿਸ਼ੇਸ਼ ਇੰਕਰੀਮੈਂਟ ਜੋ ਖੋਹਿਆ ਗਿਆ ਹੈ, ਸਮੇਤ ਖੋਹੇ ਸਾਰੇ ਭੱਤੇ ਬਹਾਲ ਕੀਤੇ ਜਾਣ, ਮੰਗ ਕੀਤੀ ਪਿਛਲੀ ਕਾਂਗਰਸ ਸਰਕਾਰ ਸਮੇਂ ਮੁਲਾਜ਼ਮਾਂ ਤੇ ਲਾਇਆ ਗਿਆ 200 ਰੁਪਏ ਜਜ਼ੀਆਂ ਟੈਕਸ ਵਾਪਸ ਲਿਆ ਜਾਵੇ, ਮਿੱਡ ਡੇ ਮੀਲ ਸਮੇਤ ਸਮੂਹ ਸਕੀਮ ਕਰਮੀਆਂ ਤੇ ਵੇਤਨ ਕਮਿਸ਼ਨ ਵੱਲੋਂ ਸੋਧੇ ਤਨਖਾਹ ਸਕੇਲ ਲਾਗੂ ਕੀਤੇ ਜਾਣ ਤੇ ਸੇਵਾਵਾਂ ਨਿਯਮਤ ਕੀਤੀਆਂ ਜਾਣ, ਸਮੁੱਚੇ ਵਿਭਾਗ ਵਿੱਚ ਚੌਥਾ ਦਰਜਾ ਮੁਲਾਜ਼ਮਾਂ ਦੀ 1992 ਤੋਂ ਬਾਅਦ ਭਰਤੀ ਨਹੀਂ ਕੀਤੀ ਜਾ ਰਹੀ, ਰੈਗੂਲਰ ਭਰਤੀ ਕੀਤੀ ਜਾਵੇ, ਵਿਭਾਗਾਂ ਦੇ ਪੁਨਰਗਠਨ ਦੌਰਾਨ ਖਤਮ ਕੀਤੀਆਂ ਅਸਾਮੀਆਂ ਬਹਾਲ ਕੀਤੀਆਂ ਜਾਣ, ਜੰਗਲਾਤ ਵਿਭਾਗ ਵਿਚ ਪੱਕੇ ਕੀਤੇ ਕਰਮੀਆਂ ਤੇ ਰੈਗੂਲਰ ਤਨਖਾਹ ਸਕੇਲ ਲਾਗੂ ਕੀਤੇ ਜਾਣ।ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਸ਼ਿਵ ਚਰਨ, ਇੰਦਰਪਾਲ ਵਾਲਿਆ ਰਾਮ ਪ੍ਰਸਾਦ ਸਹੋਤਾ, ਸੁਰਜਪਾਲ ਯਾਦਵ, ਪ੍ਰਕਾਸ਼ ਲੁਬਾਣਾ ਪ੍ਰਧਾਨ ਫੈਡਰੇਸ਼ਨ, ਨਰੰਗ ਸਿੰਘ ਆਦਿ ਹਾਜ਼ਰ ਸਨ।

**ਲੁਧਿਆਣਾ (ਸਤੀਸ਼ ਸਚਦੇਵਾ)** : ਸਮੂਹ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੀ ਕਮੇਟੀ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫ਼ਤਰ ਅੱਗੇ ਹਜ਼ਾਰਾਂ ਮੁਲਾਜ਼ਮ ਛੁੱਟੀਆਂ ਲੈ ਕੇ ਆਪਣੇ ਬੈਨਰ ਲੈਕੇ ਪੰਜਾਬ ਸਰਕਾਰ ਦੇ ਖਿਲਾਫ਼ ਪਿੱਟ ਸਿਆਪਾ ਕਰਨ ਲਈ ਵਹੀਰਾਂ ਘੱਤ ਕੇ ਪਹੁੰਚੇ।ਇੱਥੇ ਦੱਸਣਯੋਗ ਹੈ ਕਿ ਮੁਲਾਜ਼ਮ/ਪੈਨਸ਼ਨਰ ਮਹਿੰਗਾਈ ਭੱਤਾ 60% ਕਰਨ ਸਾਰਾ ਬਕਾਇਆ ਯਕਮੁਸ਼ਤ ਇੱਕੋ ਵਾਰੀ ਦੇਣ, ਕੱਚੇ ਮੁਲਾਜ਼ਮ ਪੱਕੇ ਕਰਨ 17/7/2020 ਦਾ ਪੱਤਰ ਰੱਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਆਦਿ ਮੰਗਾਂ ਨੂੰ ਲੈ ਕੇ ਸੰਘਰਸ਼ ਤੇ ਹਨ।ਇਸ ਤੋਂ ਪਹਿਲਾਂ 7 ਅਗਸਤ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਚੰਡੀਗੜ੍ਹ ਵਿਖੇ ਇੱਕ ਰੋਜ਼ਾ ਧਰਨਾ ਦੇ ਕੇ ਆਏ ਹਨ, ਸਰਕਾਰ ਨੇ ਇੱਕ ਵਾਰ ਵੀ ਪੈਨਸ਼ਨਰਾਂ/ਮੁਲਾਜ਼ਮਾਂ ਨੂੰ ਗੱਲਬਾਤ ਲਈ ਨਹੀਂ ਬੁਲਾਇਆ।ਮੀਟਿੰਗ ਨੂੰ ਵੱਖ ਵੱਖ-ਵੱਖ ਆਗੂਆਂ ਕੇਵਲ ਸਿੰਘ ਬਨਵੈਤ, ਵਿਜੇ ਕੁਮਾਰ ਲੋਕਲ ਬਾਡੀਜ਼, ਸੁਖਵਿੰਦਰ ਸਿੰਘ ਸਿਹਤ ਵਿਭਾਗ, ਸੁਸ਼ੀਲ ਕੁਮਾਰ, ਗੁਰਮੇਲ ਸਿੰਘ ਮੈਲਡੇ, ਨਿਰਮਲ ਸਿੰਘ ਲਲਤੋਂ, ਬਲਕੌਰ ਸਿੰਘ, ਗੁਰਚਰਨ ਸਿੰਘ, ਕਸਤੂਰੀ ਲਾਲ ਬਿਜਲੀ ਬੋਰਡ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਬਲਦੇਵ ਸਿੰਘ, ਜਸਵੰਤ ਜੀਰਖ, ਸਤੀਸ਼ ਸਚਦੇਵਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

**ਜ਼ੀਰਾ (ਨਰਿੰਦਰ ਅਨੇਜਾ)** : ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਤੇ ਸਾਂਝਾ ਮੁਲਾਜ਼ਮ ਮੰਚ ਦੇ ਸੱਦੇ 'ਤੇ ਤਹਿਸੀਲ ਜ਼ੀਰਾ ਦੇ ਅਧਿਆਪਕਾਂ, ਸਰਕਾਰੀ ਮੁਲਾਜ਼ਮਾਂ, ਕੰਪਿਊਟਰ ਅਧਿਆਪਕਾਂ, ਵੱਖ-ਵੱਖ ਸਕੀਮ ਵਰਕਰਾਂ ਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸਮੂਹਿਕ ਛੁੱਟੀ ਲੈ ਕੇ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ।ਇਸ ਦੌਰਾਨ ਜ਼ੀਰਾ ਦੇ ਬਾਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਰੋਸ ਮਾਰਚ ਉਪਰੰਤ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਜ਼ੀਰਾ ਦੇ ਮੇਨ ਚੌਕ ਵਿੱਚ ਵਿਸ਼ਾਲ ਰੋਸ ਰੈਲੀ ਕੀਤੀ ਗਈ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕ ਕੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ ਗਿਆ।ਇਸ ਤੋਂ ਪਹਿਲਾਂ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਤੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਖਿਲਾਫ ਸਮੂਹਿਕ ਛੁੱਟੀ ਲੈ ਕੇ ਰੋਸ ਰੈਲੀ ਵਿੱਚ ਸ਼ਮੂਲੀਅਤ ਕੀਤੀ।ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਬਲਵਿੰਦਰ ਸਿੰਘ ਭੁੱਟੋ, ਨਵੀਨ ਸਚਦੇਵਾ, ਬਲਵਿੰਦਰ ਸਿੰਘ ਸੰਧੂ, ਬਲਰਾਮ ਸ਼ਰਮਾ, ਹਰਸੇਵਕ ਸਿੰਘ ਸਾਧੂਵਾਲਾ, ਸ਼ਲਿੰਦਰ ਕੰਬੋਜ, ਕਿੱਕਰ ਸਿੰਘ, ਜੋਗਿੰਦਰ ਸਿੰਘ, ਦਵਿੰਦਰ ਸਿੰਘ ਸੰਧੂ, ਗੁਰਵਿੰਦਰ ਸਿੰਘ ਖੋਸਾ, ਗੁਰਜੀਤ ਸਿੰਘ ਦਫ਼ਤਰੀ ਕਰਮਚਾਰੀ, ਪਿਆਰ ਕੌਰ, ਸੁਖਵਿੰਦਰ ਸਿੰਘ ਬਿਜਲੀ ਬੋਰਡ, ਵਿਸ਼ੇਸ਼ ਸਚਦੇਵਾ, ਸੁਖਵਿੰਦਰ ਸਿੰਘ ਪ੍ਰਿੰਸੀਪਲ ਤੇ ਡਾ. ਟੀਨਾ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਰਾਜਬੀਰ ਸਿੰਘ ਢਿੱਲੋਂ, ਬਾਜ਼ ਸਿੰਘ ਭੁੱਲਰ, ਜਗਸੀਰ ਸਿੰਘ ਗਿੱਲ, ਗੁਰਵਿੰਦਰ ਸਿੰਘ, ਕੁਲਵਿੰਦਰ ਕੌਰ ਆਂਗਣਵਾੜੀ, ਅਰਵਿੰਦਰ ਸਿੰਘ ਹੈੱਡਮਾਸਟਰ, ਯੁੱਧਜੀਤ ਸਿੰਘ ਸਰਾਂ, ਸੁਖਦੀਪ ਸਿੰਘ ਔਲਖ, ਗੁਰਪ੍ਰੀਤ ਸਿੰਘ, ਨਵਨੀਤ ਕੌਰ, ਦੀਪਕਾ, ਰਾਧਾ ਗਰੋਵਰ, ਮੈਡਮ ਮੰਜੂ ਬਾਲਾ, ਹਰਪ੍ਰੀਤ ਕੌਰ, ਰੁਪਪ੍ਰੀਤ ਕੌਰ, ਕਮਲਪ੍ਰੀਤ ਕੌਰ, ਮੈਡਮ ਅਰਚਨਾ, ਰਵਨੀਤ ਕੌਰ, ਅਮਨਦੀਪ ਕੌਰ, ਅਵਨੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ, ਮੁਲਾਜ਼ਮ, ਸਕੀਮ ਵਰਕਰ ਤੇ ਪੈਨਸ਼ਨਰ ਹਾਜ਼ਰ ਸਨ।

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ, ਸੁਖਦੇਵ ਧੂਰੀ)** : ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਥਾਨਕ ਸਿਵਲ ਹਸਪਤਾਲ ਤੋਂ ਇੱਕ ਰੋਸ ਰੈਲੀ ਕਰਨ ਉਪਰੰਤ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ 'ਚ ਰੋਸ ਮਾਰਚ ਕੀਤਾ ਗਿਆ ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਅੱਗੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਵੱਖ ਵੱਖ ਬੁਲਾਰਿਆਂ ਵੱਲੋਂ ਮੁਲਾਜ਼ਮਾਂ ਤੇ ਸਮੂਹ ਪੈਨਸ਼ਨਰਜ਼ ਦੀਆਂ ਹੱਕੀ ਮੰਗਾਂ ਪ੍ਰਤੀ ਪੰਜਾਬ ਸਰਕਾਰ ਖਿਲਾਫ ਪਿੱਟ ਸਿਆਪਾ ਕੀਤਾ ਗਿਆ ਤੇ ਮੁਲਾਜ਼ਮ ਮਾਰੂ ਨੀਤੀਆਂ ਦੀ ਮੁਲਾਜ਼ਮਾਂ ਤੇ ਪੈਨਸ਼ਨਰ ਵੱਲੋਂ ਨਿਖੇਧੀ ਕੀਤੀ ਗਈ।ਇਸ ਮੌਕੇ ਵਾਸਵੀਰ ਸਿੰਘ ਭੁੱਲਰ, ਹਰਦੇਵ ਸਿੰਘ ਜਵੰਦਾ, ਜਸਵੀਰ ਸਿੰਘ ਧੂਰੀ, ਰਾਜਵੀਰ ਸਿੰਘ ਸ਼ੇਰਪੁਰ, ਅਸ਼ੋਕ ਕੁਮਾਰ ਧੂਰੀ, ਗਗਨਦੀਪ ਸ਼ਰਮਾ, ਸੁਖਦੇਵ ਸ਼ਰਮਾ, ਸੰਦੀਪ ਰਿਖੀ, ਅਵਤਾਰ ਸਿੰਘ ਭਲਵਾਨ, ਜਸਵੀਰ ਸਿੰਘ ਗਿੱਲ, ਸਰਬਜੀਤ ਸਿੰਘ ਰਾਜੋਮਾਜਰਾ, ਪਰਮਜੀਤ ਕੌਰ ਖੇੜੀ ਕਲਾਂ, ਮਨਪ੍ਰੀਤ ਕੌਰ ਜਹਾਂਗੀਰ, ਅਮਰਜੀਤ ਕੌਰ ਧਾਂਦਰਾ, ਸੰਦੀਪ ਕੁਮਾਰ ਲੱਧੜ, ਕੁਲਵਿੰਦਰ ਸਿੰਘ ਜਹਾਂਗੀਰ, ਹਰਜਿੰਦਰ ਸਿੰਘ, ਭੀਮ ਸਿੰਘ, ਮਨਪ੍ਰੀਤ ਸਿੰਘ ਮੰਨਾ, ਰਣਧੀਰ ਸਿੰਘ, ਕੁਲਦੀਪ ਸਿੰਘ, ਚੰਦ ਸਿੰਘ, ਕਿਰਨ ਲਤਾ, ਸ਼ਕੁੰਤਲਾ ਦੇਵੀ ਤੇ ਜਗਰੂਪ ਸਿੰਘ ਧਾਂਦਰਾ ਨੇ ਇਸ ਰੈਲੀ ਨੂੰ ਸੰਬੋਧਨ ਕੀਤਾ।ਇਸ ਸਮੇਂ ਸਟੇਜ ਸੈਕਟਰੀ ਦੀ ਭੂਮਿਕਾ ਸੁਖਦੇਵ ਸ਼ਰਮਾ ਤੇ ਚੰਦ ਸਿੰਘ ਨਿਭਾਈ।

**ਕੋਟਕਪੂਰਾ (ਰਛਪਾਲ ਭੁੱਲਰ)** : ਸਥਾਨਕ ਲਾਲਾ ਲਾਜਪਤ ਰਾਏ ਮਿਉਂਸਪਲ ਪਾਰਕ ਵਿੱਚ ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਦੇ ਸੱਦੇ 'ਤੇ ਕੋਟਕਪੂਰਾ ਤਹਿਸੀਲ ਦੇ ਸੈਂਕੜੇ ਅਧਿਆਪਕਾਂ, ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਤੇ ਪੈਨਸ਼ਨਰਾਂ ਨੇ ਰੋਸ ਰੈਲੀ ਕਰਕੇ ਪੰਜਾਬ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਖਿਲਾਫ ਤਿੱਖੀ ਨਾਅਰੇਬਾਜ਼ੀ ਕੀਤੀ।ਇਸ ਤੋਂ ਬਾਅਦ ਸ਼ਹਿਰ ਦੇ ਬਜ਼ਾਰਾਂ ਫੌਜੀ ਰੋਡ, ਢੋਡਾ ਚੌਂਕ, ਰੇਲਵੇ ਰੋਡ, ਮਹਿਤਾ ਚੌਂਕ ਤੋਂ ਬੱਤੀਆਂ ਵਾਲੇ ਚੌਂਕ ਤੱਕ ਰੋਸ ਮਾਰਚ ਕਰਨ ਤੋਂ ਬਾਅਦ ਬੱਤੀਆਂ ਵਾਲੇ ਚੌਕ ਵਿੱਚ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ।ਰੈਲੀ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵਿੰਦਰ ਸਿੰਘ ਮੌੜ, ਸੁਭਾਸ਼ ਚੰਦਰ ਸ਼ਰਮਾ, ਵੀਰ ਇੰਦਰਜੀਤ ਸਿੰਘ ਪੁਰੀ, ਕੁਲਵੰਤ ਸਿੰਘ ਚਾਨੀ, ਸੁਖਮੰਦਰ ਸਿੰਘ ਸੰਧਵਾਂ, ਜਗਸੀਰ ਸਿੰਘ ਖਾਰਾ, ਹਰਦੀਪ ਸਿੰਘ ਕਟਾਰੀਆ, ਅਵਤਾਰ ਸਿੰਘ ਸਹੋਤਾ, ਨਗਰ ਕੌਂਸਲ ਮੁਲਾਜ਼ਮ ਆਗੂ ਸ਼ਰਨ ਕੁਮਾਰ, ਲਖਵੀਰ ਸਿੰਘ, ਜੈ ਚੰਦ, ਪਾਵਰਕਾਮ ਪੈਨਸ਼ਨਰ ਆਗੂ ਰੇਸ਼ਮ ਸਿੰਘ, ਦਰਸ਼ਨ ਕੁਮਾਰ ਬਾਵਾ, ਜਸਕਰਨ ਸਿੰਘ, ਇੰਦਰਜੀਤ ਸਿੰਘ, ਪਰਮਜੀਤ ਸ਼ਰਮਾ, ਹਰਪ੍ਰੀਤ ਸਿੰਘ ਖਾਲਸਾ, ਹਰਪ੍ਰੀਤ ਸਿੰਘ ਵਾੜਾ ਦਰਾਕਾ ਤੇ ਮਨਪ੍ਰੀਤ ਸਿੰਘ ਆਗੂ ਬਿਜਲੀ ਬੋਰਡ, ਸਵਰਨਪਾਲ ਸਿੰਘ ਪ੍ਰਧਾਨ ਪਟਵਾਰ ਯੂਨੀਅਨ ਕੋਟਕਪੂਰਾ, ਸੁਖਦੇਵ ਸਿੰਘ ਸਿਵਲ ਹਸਪਤਾਲ ਕੋਟਕਪੂਰਾ, ਮੋਹਨ ਲਾਲ ਪ੍ਰੈੱਸ ਸਕੱਤਰ ਪੰਜਾਬ ਸਟੇਟ ਮਨਿਸਟੀਰੀਅਲ ਸਟਾਫ ਯੂਨੀਅਨ ਜ਼ਿਲ੍ਹਾ ਫਰੀਦਕੋਟ, ਅਧਿਆਪਕ ਆਗੂ ਪ੍ਰੀਤ ਭਗਵਾਨ ਸਿੰਘ ਐਲੀਮੈਂਟਰੀ ਟੀਚਰਜ਼ ਯੂਨੀਅਨ, ਮਾਸਟਰ ਕੇਡਰ ਯੂਨੀਅਨ ਅਮਨਦੀਪ ਸਿੰਘ ਜੱਸਲ, ਅਜਾਇਬ ਸਿੰਘ ਡੈਮੋਕਰੇਟਿਕ ਟੀਚਰਜ਼ ਫਰੰਟ, ਆਲ ਇੰਡੀਆ ਆਸ਼ਾ ਵਰਕਰਾਂ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਸੁਖਮੰਦਰ ਕੌਰ ਮੱਤਾ ਤੇ ਭਰਾਤਰੀ ਤੌਰ 'ਤੇ ਸ਼ਾਮਲ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੌਰਾਨ ਸੰਘਰਸ਼ਾਂ ਦੀ ਰੂਪ ਰੇਖਾ ਹੋਰ ਤਿੱਖੀ ਕੀਤੀ ਜਾਵੇਗੀ।ਅੱਜ ਦੇ ਰੋਸ ਪ੍ਰਦਰਸ਼ਨ ਦੀ ਇਹ ਵੀ ਵਿਸ਼ੇਸ਼ਤਾ ਰਹੀ ਕਿ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਵੀ ਰੈਲੀ ਵਿੱਚ ਸ਼ਾਮਲ ਹੋ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕੀਤੀ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** : ਸਾਂਝੀ ਤਾਲਮੇਲ ਕਮੇਟੀ ਵੱਲੋਂ 27 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਸਮੁੱਚਾ ਸਰਕਾਰੀ ਤੰਤਰ ਬੰਦ ਕਰਨ ਕਰਕੇ ਪੰਜਾਬ ਮਹਾਂਬੰਦ ਦੇ ਦਿੱਤੇ ਸੱਦੇ ਨੂੰ ਤਹਿਸੀਲ ਸਮਾਣਾ ਦੇ ਅਧਿਆਪਕਾਂ ਨੇ ਵੱਡਾ ਹੁੰਗਾਰਾ ਦਿੱਤਾ ਹੈ।ਜ਼ਿਲ੍ਹੇ ਦੀਆਂ ਸੰਘਰਸ਼ੀਲ ਅਧਿਆਪਕ ਜਥੇਬੰਦੀਆਂ ਦੀ ਅਗਵਾਈ ਵਿੱਚ ਸੈਂਕੜੇ ਅਧਿਆਪਕਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਸਮਾਣਾ ਤਹਿਸੀਲ ਦਫ਼ਤਰ ਦੇ ਗੇਟ ਅੱਗੇ ਵਿਸ਼ਾਲ ਧਰਨਾ ਦਿੱਤਾ ਤੇ ਉਪਰੰਤ ਮਾਰਚ ਕਰਕੇ ਪੰਜਾਬ ਸਰਕਾਰ ਦਾ ਪੁਤਲਾ ਵੀ ਫੂਕਿਆ ਗਿਆ।ਇਸ ਮਹਾਂਬੰਦ ਨੂੰ ਸੰਬੋਧਨ ਕਰਦਿਆਂ ਜਸਵਿੰਦਰ ਸਿੰਘ ਸਮਾਣਾ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਘੱਗਾ, ਅਧਿਆਪਕ ਦਲ ਤੋਂ ਹਰਵਿੰਦਰਪਾਲ ਸਿੰਘ, ਡੈਮੋਕਰੇਟਿਕ ਟੀਚਰਜ਼ ਫਰੰਟ ਤੋਂ ਹਰਵਿੰਦਰ ਬੇਲੂਮਾਜਰਾ, ਗੌਰਮਿੰਟ ਟੀਚਰਜ਼ ਯੂਨੀਅਨ ਤੋਂ ਗੁਰਵਿੰਦਰ ਖੰਗੂੜਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਤੋਂ ਸਤਪਾਲ ਸਮਾਣਵੀ, ਪੈਨਸ਼ਨਰ ਐਸੋਸੀਏਸ਼ਨ ਤੋਂ ਸੋਹਣ ਸਿੰਘ ਤੇ ਬਾਬੂ ਨਾਰਾਇਣ ਦਾਸ ਜਨਰਲ ਸਕੱਤਰ, ਐੱਸ ਸੀ, ਬੀ ਸੀ ਅਧਿਆਪਕ ਯੂਨੀਅਨ ਤੋਂ ਭੀਮ ਸਿੰਘ, ਕੰਪਿਊਟਰ ਅਧਿਆਪਕ ਯੂਨੀਅਨ ਤੋਂ ਹਨੀ ਗਰਗ, ਸੀ ਪੀ ਐਫ ਕਰਮਚਾਰੀ ਯੂਨੀਅਨ ਤੋਂ ਜਗਤਾਰ ਲਾਲ ਨੇ ਕਿਹਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਮੰਗਾਂ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਮੁਲਾਜ਼ਮਾਂ ਖ਼ਿਲਾਫ਼ ਦੁਸ਼ਮਣਾਨਾ ਵਿਰੋਧ ਵਿੱਚ ਖੜੀ ਹੋ ਚੁੱਕੀ ਆਪ ਸਰਕਾਰ ਖਿਲਾਫ ਮੁਲਾਜ਼ਮਾਂ ਦਾ ਰੋਹ ਸਿਖਰ 'ਤੇ ਪਹੁੰਚ ਚੁੱਕਿਆ ਹੈ।ਮੁਲਾਜ਼ਮਾਂ ਦੇ ਇਸ ਜਨਉਭਾਰ ਨੂੰ ਅਣਡਿੱਠਾ ਕਰਨ ਦੀ ਆਪ ਸਰਕਾਰ ਨੂੰ ਵੱਡੀ ਸਿਆਸੀ ਕੀਮਤ ਚੁਕਾਉਣੀ ਪਵੇਗੀ।ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਡੀ.ਟੀ.ਐੱਫ. ਦੇ ਜ਼ਿਲ੍ਹਾ ਆਗੂ ਰਾਜਿੰਦਰ ਸਮਾਣਾ, ਜੀਟੀਯੂ ਦੇ ਆਗੂ ਸੁਪਿੰਦਰ ਸ਼ਰਮਾ ਤੋਂ ਇਲਾਵਾ ਡੀ.ਟੀ.ਐੱਫ. ਦੇ ਜ਼ਿਲ੍ਹਾ ਆਗੂ ਗੁਰਵਿੰਦਰ ਸਿੰਘ ਖੱਟੜਾ, ਮੈਡਮ ਮਨਦੀਪ ਕੌਰ, ਜੀਟੀਯੂ ਤੋਂ ਮੈਡਮ ਸੀਮਾ ਰਾਣੀ, ਜੁਗਾਪ੍ਰਗਟ ਸਿੰਘ, 5994 ਅਧਿਆਪਕ ਯੂਨੀਅਨ ਤੋਂ ਅਨਮੋਲ ਸਿੰਘ, 6635 ਅਧਿਆਪਕ ਯੂਨੀਅਨ ਤੋਂ ਰਾਜਵਿੰਦਰ ਸਿੰਘ, ਸਫਾਈ ਕਰਮਚਾਰੀ ਯੂਨੀਅਨ ਤੋਂ ਸੋਨੂ ਸੁੰਦਰ ਨੇ ਸੰਬੋਧਨ ਕੀਤਾ।ਇਸ ਧਰਨੇ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਲਵਿੰਦਰ ਸਿੰਘ ਤੇ ਹਰਵਿੰਦਰ ਸਿੰਘ ਗਿੱਲ ਵੱਲੋਂ ਵੀ ਆਪਣਾ ਸਮਰਥਨ ਪ੍ਰਗਟ ਕੀਤਾ ਗਿਆ।

**ਜਲਾਲਾਬਾਦ (ਜੀਤ ਕੁਮਾਰ, ਬਲਵਿੰਦਰ ਸਿੰਘ)** : ਸਮੂਹ ਮੁਲਾਜ਼ਮ ਵਰਗ ਵੱਲੋਂ ਅੱਜ ਸਾਂਝਾ ਮੁਲਾਜ਼ਮ ਮੰਚ ਪੰਜਾਬ ਤੇ ਪੈਨਸ਼ਨਰ ਫਰੰਟ ਪੰਜਾਬ ਦੀ ਅਗਵਾਈ ਵਿੱਚ ਸਥਾਨਕ ਤਹਿਸੀਲ ਕੰਪਲੈਕਸ ਵਿੱਚ ਐੱਸ ਡੀ ਐੱਮ ਦਫਤਰ ਅੱਗੇ ਵਿਸ਼ਾਲ ਰੋਸ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ। ਮੁਲਾਜ਼ਮ ਵਰਗ ਵੱਲੋਂ ਅੱਜ ਮਹਾਂਬੰਦ ਦੌਰਾਨ ਇਸ ਤਹਿਸੀਲ ਪੱਧਰੀ ਰੋਸ ਰੈਲੀ ਤੇ ਧਰਨੇ ਦੀ ਪ੍ਰਧਾਨਗੀ ਨਿਰਮਲਜੀਤ ਬਰਾੜ, ਸੁਰਿੰਦਰ ਕੰਬੋਜ ਵਿਗਿਆਨਕ ਜਥੇਬੰਦੀ, ਕ੍ਰਿਸ਼ਨ ਬਲਦੇਵ, ਜਗਨੰਦਨ ਸਿੰਘ ਤੇ ਅਸ਼ੋਕ ਸਰਾਰੀ ਸਟੇਟ ਆਗੂ ਈ ਟੀ ਯੂ, ਗੁਰਮੀਤ ਸਿੰਘ ਢਾਬਾਂ ਸਟੇਟ ਆਗੂ ਈ ਟੀ ਟੀ ਟੀਚਰ ਯੂਨੀਅਨ, ਦਵਿੰਦਰ ਖੇੜਾ ਮਾਸਟਰ ਕੇਡਰ, ਆਸ਼ੂਤੋਸ਼ ਲੈਕਚਰਾਰ ਯੂਨੀਅਨ, ਰੋਹਿਤ ਬਘਲਾ ਪੀ ਸੀ ਪੀ ਸੀ ਐੱਲ, ਅਵਨਿੰਦਰ ਸਿੰਘ ਐੱਸ ਡੀ ਐੱਮ ਦਫ਼ਤਰ ਵੱਲੋਂ ਕੀਤੀ ਗਈ। ਇਸ ਪ੍ਰਦਰਸ਼ਨ ਵਿੱਚ ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਹਰਜਿੰਦਰ ਸਿੰਘ, ਗੁਰਚਰਨ ਸਿੰਘ ਅਰੋੜਾ, ਨੱਥਾ ਸਿੰਘ, ਹਰਭਜਨ ਠਠੇਰਾ, ਜਗਨੰਦਨ ਸਿੰਘ ਈ ਟੀ ਯੂ, ਅਸ਼ੋਕ ਸਰਾਰੀ, ਗੁਰਮੀਤ ਢਾਬਾਂ, ਪਵਨ ਕਮਰਾ, ਭੈਣ ਸਰੋਜ ਛਪੜੀ ਵਾਲਾ, ਅਮਰਜੀਤ ਸਿੰਘ ਢਾਬਾਂ ਪੈਰਾ ਮੈਡੀਕਲ ਸਟਾਫ, ਮਨਤਿੰਦਰ ਸਿੰਘ ਢਾਬਾਂ ਮਨਿਸਟੀਰੀਅਲ ਸਟਾਫ ਡੀ ਸੀ ਦਫ਼ਤਰ, ਅਸ਼ੋਕ ਕੁਮਾਰ, ਗੁਰਿੰਦਰ ਸਿੰਘ, ਹਰੀਸ਼ ਥਿੰਦ, ਰਵਿੰਦਰ ਕੁਮਾਰ, ਕਪਿਲ ਕਪੂਰ, ਦੀਪਕ ਕੰਪਿਊਟਰ ਅਧਿਆਪਕ, ਹਰਭਜਨ ਸਵਾਹ ਵਾਲਾ ਆਦਿ ਆਗੂ ਹਾਜ਼ਰ ਸਨ। ਇੱਥੇ ਰੋਸ ਰੈਲੀ 'ਤੇ ਧਰਨਾ ਦੇਣ ਉਪਰੰਤ ਮੁਲਾਜ਼ਮਾਂ ਵੱਲੋਂ ਜਲਾਲਾਬਾਦ ਸ਼ਹਿਰ ਵਿੱਚ ਰੋਸ ਮਾਰਚ ਵੀ ਕੱਢਿਆ ਗਿਆ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੈਰਾਮੈਡੀਕਲ ਯੂਨੀਅਨ ਦੇ ਬੈਨਰ ਹੇਠ ਪੂਰੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਮੁਕੰਮਲ ਹੜਤਾਲ ਕੀਤੀ ਗਈ। ਇਸ ਮੌਕੇ ਸਿਹਤ ਮੁਲਾਜ਼ਮਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਫ਼ਿਰੋਜ਼ਪੁਰ ਤੋਂ ਵਿਸ਼ਾਲ ਬਾਈਕ ਰੈਲੀ ਕੱਢੀ ਗਈ, ਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੁੰਦੀ ਹੋਈ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਤੋਂ ਹੁੰਦੀ ਹੋਈ ਡੀ.ਸੀ. ਦਫ਼ਤਰ ਫ਼ਿਰੋਜ਼ਪੁਰ ਵਿਖੇ ਪਹੁੰਚੀ। ਡੀ.ਸੀ. ਦਫ਼ਤਰ ਵਿਖੇ ਯੂਨੀਅਨ ਆਗੂਆਂ ਤੇ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਇਸ ਮੌਕੇ ਆਸ਼ਾ ਪ੍ਰਧਾਨ ਰਾਜਵੰਤ ਕੌਰ, ਆਮ ਆਦਮੀ ਕਲਿਨਿਕ ਯੂਨੀਅਨ ਪ੍ਰਧਾਨ ਜਸਵਿੰਦਰ ਸਿੰਘ, ਕਮਿਊਨਿਟੀ ਹੈਲਥ ਅਫ਼ਸਰ ਡਾ. ਪ੍ਰੀਤ ਮੁਖੀਜਾ, ਕਰਨਜੀਤ ਸਿੰਘ, ਗੁਰਮੇਲ ਸਿੰਘ, ਬਲਦੇਵ ਸਿੰਘ ਰਾਜਵੰਤ ਕੌਰ ਵੰਸ਼, ਜਸਵਿੰਦਰ, ਮਨਪ੍ਰੀਤ ਕੌਰ, ਸਰਬਜੋਤ ਕੌਰ, ਪ੍ਰਭਜੋਤ ਕੌਰ, ਗੁਰਦੇਵ ਸਿੰਘ, ਸਤਨਾਮ ਸਿੰਘ, ਬਗੀਚ ਸਿੰਘ, ਕੌਰ ਜੀ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀ ਮੌਜੂਦ ਸਨ।

ਇਸੇ ਦੌਰਾਨ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਇਕੱਠੇ ਹੋ ਕੇ ਰੋਹ ਭਰਪੂਰ ਰੈਲੀ ਕੀਤੀ ਗਈ। ਇਸ ਤੋਂ ਬਾਅਦ ਬਾਜ਼ਾਰਾਂ ਵਿੱਚ ਰੋਸ ਮਾਰਚ ਵੀ ਕੱਢਿਆ ਗਿਆ। ਰੈਲੀ ਦੀ ਅਗਵਾਈ ਰਵਿੰਦਰ ਲੂਥਰਾ, ਗੁਰਜੰਟ ਸਿੰਘ, ਰਾਜ ਕੁਮਾਰ ਕੁੱਕੜ ਤੇ ਕੰਤਾ ਰਾਣੀ ਨੇ ਕੀਤੀ। ਇਸ ਮੌਕੇ ਸਾਂਝਾ ਬਿਆਨ ਜਾਰੀ ਕਰਦਿਆਂ ਅੰਕੁਸ਼ ਭੰਡਾਰੀ ਤੇ ਗੁਰਮੇਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕਈ ਵਾਅਦੇ ਕੀਤੇ ਸਨ, ਪਰ ਉਨ੍ਹਾਂ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਆਊਟਸੋਰਸ, ਡੇਲੀ ਵੇਜਿਜ਼, ਕੰਟਰੈਕਟ, ਐਨਐਚਐਮ ਅਤੇ ਵੱਖ-ਵੱਖ ਸਕੀਮਾਂ ਅਧੀਨ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਡੀਏ ਦੀਆਂ ਰੁਕੀਆਂ ਕਿਸ਼ਤਾਂ ਜਾਰੀ ਕਰਨਾ, ਪੇ ਕਮਿਸ਼ਨ ਦੀ ਰਿਪੋਰਟ ਨੂੰ ਇਨ-ਬਿਨ ਲਾਗੂ ਕਰਨਾ ਤੇ ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣਾ ਸਮੇਤ ਕਈ ਮੰਗਾਂ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ। ਉਨ੍ਹਾਂ ਨੇ 15 ਜਨਵਰੀ 2015 ਤੇ 17 ਜੁਲਾਈ 2020 ਦੇ ਪੱਤਰ ਰੱਦ ਕਰਨ ਦੀ ਮੰਗ ਵੀ ਕੀਤੀ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਤੋਂ ਇਲਾਵਾ ਮਹਿਲਾ ਮੁਲਾਜ਼ਮਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਹਰਪ੍ਰੀਤ ਸਿੰਘ ਥਿੰਦ, ਰਾਕੇਸ਼ ਗਿੱਲ, ਜਗਤਾਰ ਸਿੰਘ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਨਵਿੰਦਰ ਸਿੰਘ, ਬਲਵੀਰ ਸਿੰਘ, ਨਰੇਸ਼ ਗਰਗ, ਸੁਤੰਤਰ ਸਿੰਘ, ਡਾ. ਲਲਿਤ ਨਾਗਪਾਲ, ਡਾ. ਹਰਪ੍ਰੀਤ ਸਿੰਘ ਸਮੇਤ ਕਈ ਆਗੂ ਤੇ ਮੁਲਾਜ਼ਮ ਹਾਜ਼ਰ ਸਨ। ਅੰਤ ਵਿੱਚ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਇਹ ਸੰਘਰਸ਼ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਨਿਰਣਾਇਕ ਸਾਬਿਤ ਹੋ ਸਕਦੀ ਹੈ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਮਹਾਂਬੰਦ ਦੇ ਦਿੱਤੇ ਸੱਦੇ ਨੂੰ ਤਹਿਸੀਲ ਪਾਤੜਾਂ ਦੇ ਅਧਿਆਪਕਾਂ ਨੇ ਵੱਡਾ ਹੁੰਗਾਰਾ ਦਿੱਤਾ ਹੈ।ਇਸ ਦੌਰਾਨ ਤਹਿਸੀਲ ਦੇ ਸਮੂਹ ਸਕੂਲ ਤੇ ਦਫ਼ਤਰ ਮੁਕੰਮਲ ਬੰਦ ਰਹੇ।ਜ਼ਿਲ੍ਹੇ ਦੀਆਂ ਸੰਘਰਸ਼ੀਲ ਅਧਿਆਪਕ ਦਿਵਸ ਜਥੇਬੰਦੀਆਂ ਦੀ ਅਗਵਾਈ ਵਿੱਚ ਸੈਂਕੜੇ ਅਧਿਆਪਕਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਐੱਸਡੀਐੱਮ ਦਫ਼ਤਰ ਪਾਤੜਾਂ ਵਿਖੇ ਵਿਸ਼ਾਲ ਧਰਨਾ ਦਿੱਤਾ ਤੇ ਉਪਰੰਤ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਬਾਈਪਾਸ ਚੌਕ ਨੇੜੇ ਨਵਾਂ ਬੱਸ ਅੱਡਾ ਪਾਤੜਾਂ ਤੱਕ ਮਾਰਚ ਕਰਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਮਹਾਂਬੰਦ ਦੌਰਾਨ ਦਿੱਤੇ ਧਰਨੇ ਨੂੰ ਅਧਿਆਪਕ ਆਗੂਆਂ ਅਤਿੰਦਰ ਪਾਲ ਘੱਗਾ, ਜਸਪਾਲ ਖਾਂਗ, ਰਾਜੀਵ ਕੁਮਾਰ, ਬਲਵਿੰਦਰ ਸਿੰਘ, ਰਾਜਪਾਲ ਖਨੌਰੀ, ਗੁਰਧਿਆਨ ਸਿੰਘ ਤੇ ਸ਼ੰਕਰ ਸਿੰਘ ਨੇ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਦਵਿੰਦਰ ਸਿੰਘ, ਸਨੀ ਸਿੰਘ, ਕੁਲਵਿੰਦਰ ਵੜੈਚ, ਰੁਪਿੰਦਰ ਕੌਰ, ਵਿਨੋਦ ਕੁਮਾਰ, ਕਿਰਨਾ ਰਾਣੀ, ਗੁਰਲਾਲ ਸਿੰਘ, ਮਨਿੰਦਰ ਕਾਫਰ, ਲਖਵਿੰਦਰ ਸਿੰਘ, ਜਗਤਾਰ ਰਾਮ, ਸਤਵਿੰਦਰ ਸਿੰਘ, ਬਖਸ਼ੀਸ਼ ਸਿੰਘ, ਭੁਪਿੰਦਰ ਸਿੰਘ, ਪਰਮਜੀਤ ਤੂਰ ਆਦਿ ਹਾਜ਼ਰ ਸਨ।

**ਦਿੜ੍ਹਬਾ (ਜਸਵੀਰ ਲਾਡੀ)** : ਸਾਂਝੀ ਕੋਆਰਡੀਨੇਸ਼ਨ ਕਮੇਟੀ ਮੁਲਾਜ਼ਮ ਤੇ ਪੈਨਸ਼ਨਰ ਪੰਜਾਬ ਚੰਡੀਗੜ੍ਹ ਦੇ ਸੱਦੇ 'ਤੇ ਲਹਿਰਾਗਾਗਾ ਬਲਾਕ ਦੇ ਸਮੂਹ ਪੈਨਸ਼ਨਰਾਂ ਤੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਇੱਕ ਸਾਂਝੀ ਗੇਟ ਰੈਲੀ ਤੇ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਕਿ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਭਾਗ ਲਿਆ।ਬੁਲਾਰਿਆਂ ਵਿੱਚ ਸ੍ਰੀ ਗੁਰਚਰਨ ਸਿੰਘ, ਮਹਿੰਦਰ ਸਿੰਘ ਖੋਖਰ, ਹਰ ਭਗਵਾਨ ਗੁਰਨੇ, ਡਾਕਟਰ ਜਗਦੀਸ਼ ਪਾਵੜਾ, ਮਾਸਟਰ ਰਘਵੀਰ ਸਿੰਘ ਭਟਾਲ, ਸੁਖਦੇਵ ਸਿੰਘ ਚੰਗਾਲੀ ਵਾਲਾ, ਸਤਨਾਮ ਸਿੰਘ ਸੰਗਤੀ ਵਾਲਾ, ਗੁਰਮੇਲ ਸਿੰਘ ਕੁਲਰੀਆਂ, ਲਖਵੀਰ ਸਿੰਘ, ਮੁਕੇਸ਼ ਕੁਮਾਰ, ਸੀਤਾ ਰਾਮ ਸ਼ਰਮਾ, ਸੁਖਜਿੰਦਰ ਸਿੰਘ ਭਟਾਲ, ਮੰਗੂ ਸਿੰਘ ਸਫਾਈ ਸੇਵਕ ਯੂਨੀਅਨ ਵੱਲੋਂ, ਕਮਲਜੀਤ ਸਿੰਘ, ਦਰਸ਼ਨ ਕੁਮਾਰ, ਬਿੱਕਰ ਸਿੰਘ ਹਥੋਆ, ਮੇਘ ਰਾਜ ਜ਼ਿਲ੍ਹੇ ਦੇ ਆਗੂ, ਬਲਵਿੰਦਰ ਕੌਰ, ਕਰਮਜੀਤ ਸਿੰਘ, ਡਾਕਟਰ ਸੁਖਜਿੰਦਰ ਲਾਲੀ, ਜਰਨੈਲ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਮਹਾਂ ਹੜਤਾਲ ਦੀ ਕਾਲ ਦਾ ਪੁਰਜ਼ੋਰ ਸਮਰਥਨ ਕਰਦਿਆਂ ਸਾਂਝੀ ਸੰਘਰਸ਼ ਕਮੇਟੀ ਨਗਰ ਨਿਗਮ ਵੱਲੋਂ ਪ੍ਰਧਾਨ ਗੁਰਮੇਲ ਸਿੰਘ, ਚੇਅਰਮੈਨ ਸੀਤਾ ਰਾਮ, ਜਨਰਲ ਸਕੱਤਰ ਬਾਬੂ ਰਾਮ ਸੇਲਵਾਨ ਦੀ ਅਗਵਾਈ ਵਿੱਚ ਨਗਰ ਨਿਗਮ ਵਿਖੇ ਸਮੂਹਕ ਛੁੱਟੀ ਲੈ ਕੇ ਕਰਮਚਾਰੀਆਂ ਤੇ ਪੈਨਸ਼ਨਾਰਾਂ ਵੱਲੋਂ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਰੋਸ ਧਰਨੇ ਵਿੱਚ ਨਗਰ ਨਿਗਮ ਦੀ ਮਿਉਂਸਪਲ ਵਰਕਰਜ਼ ਯੂਨੀਅਨ, ਸਵੀਪਰ ਯੂਨੀਅਨ, ਡਰਾਇਵਰ ਯੂਨੀਅਨ, ਨਗਰ ਪਾਲਿਕਾ ਕਰਮਚਾਰੀ ਮਹਾਂ ਸੰਘ, ਟੈਕਨੀਕਲ ਸਰਵਿਸ ਯੂਨੀਅਨ ਤੇ ਸੇਵਾ ਮੁਕਤ ਕਰਮਚਾਰੀ ਯੂਨੀਅਨ, ਨਗਰ ਨਿਗਮ ਦੇ ਆਗੂਆਂ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਸਾਂਝੀ ਸੰਘਰਸ਼ ਕਮੇਟੀ ਦੇ ਆਗੂਆਂ ਗੁਰਮੇਲ ਸਿੰਘ, ਸੀਤਾ ਰਾਮ, ਬਾਬੂ ਰਾਮ ਸੇਲਵਾਨ, ਜੋਗਿੰਦਰ ਸਿੰਘ ਪੰਛੀ, ਜੋਗਿੰਦਰ ਸਿੰਘ ਪੰਛੀ, ਸੁਮੀਤ ਕੁਮਾਰ, ਮਹਿੰਦਰ ਸਿੰਘ ਬਡੂੰਗਰ, ਰਾਮ ਪਾਲ, ਪ੍ਰਦੀਪ ਪੁਰੀ, ਅਜੀਬ ਸਿੰਘ, ਸੰਜੇ ਕਲਿਆਣ, ਮੰਗਤ ਰਾਮ ਕਲਿਆਣ, ਸ਼ੰਕਰ, ਸਾਹਿਲ, ਰਮਿੰਦਰਪ੍ਰੀਤ ਸਿੰਘ, ਗੋਲਡੀ ਕਲਿਆਣ, ਜਸਕੀਰਤ ਕੌਰ, ਊਸ਼ਾ ਰਾਣੀ, ਮਨਪ੍ਰੀਤ ਕੌਰ, ਪ੍ਰੀਤੀ ਬਾਲਾ, ਤਰਵਿੰਦਰ ਸਿੰਘ ਜੌਹਰ, ਹਰਪਾਲ ਸਿੰਘ, ਲੱਕੀ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

**ਰਾਏਕੋਟ (ਸੰਤੋਖ ਗਿੱਲ)** : ਗੁਰਸਰ ਸੁਧਾਰ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਨੇ ਸਮੂਹਕ ਛੁੱਟੀ ਲੈ ਕੇ ਰੈਲੀ ਵਿੱਚ ਸ਼ਮੂਲੀਅਤ ਕੀਤੀ ਤੇ ਪ੍ਰਦਰਸ਼ਨਕਾਰੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਵੀ ਫੂਕਿਆ ਗਿਆ।ਰੈਲੀ ਨੂੰ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦਾ 18 ਫ਼ੀਸਦੀ ਬਕਾਇਆ ਮਹਿੰਗਾਈ ਭੱਤਾ ਜਾਰੀ ਨਹੀਂ ਕੀਤਾ ਗਿਆ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਹੋਇਆ।ਆਗੂਆਂ ਨੇ ਕਿਹਾ ਕਿ ਛੇਵੇਂ ਤਨਖ਼ਾਹ ਕਮਿਸ਼ਨ ਦੇ ਬਕਾਏ ਲਟਕ ਰਹੇ ਹਨ, ਜਦਕਿ ਪੇਂਡੂ ਭੱਤੇ ਸਮੇਤ 37 ਤਰ੍ਹਾਂ ਦੇ ਭੱਤੇ ਬੰਦ ਕੀਤੇ ਗਏ ਹਨ। ਇਸ ਤੋਂ ਇਲਾਵਾ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਾ ਕਰਨ ਤੇ ਸਕੂਲਾਂ ਵਿੱਚ ਸਫ਼ਾਈ ਕਰਮਚਾਰੀਆਂ, ਚੌਕੀਦਾਰਾਂ ਤੇ ਮਿਡ-ਡੇ ਮੀਲ ਵਰਕਰਾਂ ਨੂੰ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰਨ ਲਈ ਮਜਬੂਰ ਕਰਨ ਦੇ ਦੋਸ਼ ਵੀ ਲਗਾਏ। ਬਲਾਕ ਸੁਧਾਰ ਦੇ ਪ੍ਰਧਾਨ ਗੁਰਦੀਪ ਸਿੰਘ ਹੇਰਾਂ, ਗੁਲਬਾਗ ਸਿੰਘ, ਜਸਮੇਲ ਸਿੰਘ, ਧਰਮਜੀਤ ਸਿੰਘ ਬਾਰਦੇਕੇ, ਸੁਖਵਿੰਦਰ ਸਿੰਘ ਸੁਧਾਰ, ਮਨੋਹਰ ਸਿੰਘ, ਇੰਦਰਪਾਲ ਸਿੰਘ, ਹਰਜਸਵਿੰਦਰ ਸਿੰਘ, ਸਰਬਜੀਤ ਕੌਰ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਸਮੇਤ ਹੋਰ ਆਗੂਆਂ ਨੇ ਸੰਬੋਧਨ ਕੀਤਾ।

**ਭਵਾਨੀਗੜ੍ਹ (ਰਾਜ ਖੁਰਮੀ)** : ਸਾਂਝੀ ਤਾਲਮੇਲ ਕਮੇਟੀ ਵੱਲੋਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖ਼ਿਲਾਫ਼ 27 ਅਗਸਤ ਨੂੰ ਦਿੱਤੇ ਪੰਜਾਬ ਮਹਾਂਬੰਦ ਦੇ ਸੱਦੇ ਦਾ ਭਵਾਨੀਗੜ੍ਹ ਤਹਿਸੀਲ ਵਿੱਚ ਭਰਵਾਂ ਅਸਰ ਦੇਖਣ ਨੂੰ ਮਿਲਿਆ। ਮੁਲਾਜ਼ਮਾਂ, ਪੈਨਸ਼ਨਰਾਂ ਤੇ ਅਧਿਆਪਕਾਂ ਵੱਲੋਂ ਸਮੂਹਕ ਛੁੱਟੀ ਲੈਣ ਕਾਰਨ ਤਹਿਸੀਲ ਦੇ ਸਰਕਾਰੀ ਸਕੂਲਾਂ ਤੇ ਵੱਖ-ਵੱਖ ਦਫ਼ਤਰਾਂ ਵਿੱਚ ਕੰਮਕਾਜ ਠੱਪ ਰਿਹਾ। ਸਰਕਾਰੀ ਅਦਾਰਿਆਂ ਵਿੱਚ ਸਮੁੱਚਾ ਸਟਾਫ਼ ਛੁੱਟੀ 'ਤੇ ਹੋਣ ਕਾਰਨ ਲੋਕਾਂ ਨੂੰ ਸਰਕਾਰੀ ਕੰਮਕਾਜ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਜ਼ਿਲ੍ਹੇ ਦੀਆਂ ਸੰਘਰਸ਼ਸ਼ੀਲ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੀ ਅਗਵਾਈ ਹੇਠ ਸੈਂਕੜੇ ਮੁਲਾਜ਼ਮ ਬਾਬਾ ਪੋਥੀ ਵਾਲਾ ਵਿਖੇ ਇਕੱਠੇ ਹੋਏ, ਜਿੱਥੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਰੈਲੀ ਕੀਤੀ ਗਈ।ਉਪਰੰਤ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਵਿੱਚ ਰੋਸ ਮਾਰਚ ਕੱਢ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।ਰੋਸ ਰੈਲੀ ਨੂੰ ਮੁਲਾਜ਼ਮ ਆਗੂਆਂ ਰਘਵੀਰ ਸਿੰਘ ਭਵਾਨੀਗੜ੍ਹ, ਸਤਨਾਮ ਸਿੰਘ ਸਿੱਧੂ, ਕੰਵਲਜੀਤ ਸਿੰਘ, ਗੁਰਲਾਭ ਸਿੰਘ, ਸੰਜੀਵ ਕੁਮਾਰ ਕਾਕੜਾ, ਕਰਮ ਦਾਸ, ਬਲਦੇਵ ਸਿੰਘ ਤੇ ਲਖਵਿੰਦਰ ਸਿੰਘ, ਕੁਲਵੰਤ ਸਿੰਘ ਖਨੌਰੀ, ਕੇਵਲ ਸਿੰਘ ਸਿੱਧੂ, ਬਲਕਾਰ ਸਿੰਘ, ਚਰਨ ਸਿੰਘ ਚੋਪੜਾ, ਅਮਨ ਵਿਸ਼ਿਸ਼ਟ, ਕਰਮਜੀਤ ਨਦਾਮਪੁਰ, ਕਰਮ ਸਿੰਘ ਚਹਿਲ, ਠਾਕੁਰ ਦਾਸ, ਗੁਰਮੇਲ ਸਿੰਘ, ਰਾਮਸਰੂਪ ਤੇ ਨਵਦੀਪ ਕੁਮਾਰ ਨੇ ਸੰਬੋਧਨ ਕੀਤਾ।ਇਸ ਮੌਕੇ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਮੁਲਾਜ਼ਮਾਂ ਦੇ ਸੰਘਰਸ਼ ਨੂੰ ਸਮਰਥਨ ਦਿੱਤਾ ਗਿਆ।

**ਜੈਤੋ/ਕੋਟਕਪੂਰਾ (ਰਛਪਾਲ ਭੁੱਲਰ)** : ਜੈਤੋ ਤਹਿਸੀਲ ਦੇ ਅਧਿਆਪਕਾਂ, ਆਸ਼ਾ ਵਰਕਰਾਂ ਤੇ ਪੈਨਸ਼ਨਰਾਂ ਨੇ ਸਥਾਨਕ ਤਹਿਸੀਲ ਪ੍ਰਬੰਧਕੀ ਕੰਪਲੈਕਸ ਸਾਹਮਣੇ ਰੋਸ ਰੈਲੀ ਕਰਕੇ ਪੰਜਾਬ ਸਰਕਾਰ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖਿਲਾਫ ਤਿੱਖੀ ਨਾਅਰੇਬਾਜ਼ੀ ਕਰਕੇ ਤੇ ਪਿੱਟ ਸਿਆਪਾ ਕਰਕੇ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ।ਇਸ ਤੋਂ ਪਹਿਲਾਂ ਵੱਖ ਵੱਖ ਸਕੂਲਾਂ ਦੇ ਅਧਿਆਪਕ ਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਸਮੂਹਕ ਛੁੱਟੀ ਲੈਕੇ ਰੈਲੀ ਵਿੱਚ ਸ਼ਾਮਿਲ ਹੋਏ। ਰੈਲੀ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਪ੍ਰਕਾਸ਼ ਸਿੰਘ ਜੈਤੋ, ਗੁਰਦੀਪ ਸਿੰਘ ਰਾਮੇਆਣਾ, ਗੁਰਮੀਤ ਸਿੰਘ ਜੈਤੋ, ਅਵਤਾਰ ਸਿੰਘ ਸਹੋਤਾ, ਪਾਵਰਕਾਮ ਪੈਨਸ਼ਨਰ ਆਗੂ ਸੁਰਿੰਦਰ ਪਾਲ ਸਿੰਘ, ਬਿਜਲੀ ਬੋਰਡ ਦੇ ਆਗੂ ਚੰਦਰ ਸ਼ੇਖਰ, ਆਲ ਇੰਡੀਆ ਆਸ਼ਾ ਵਰਕਰਾਂ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਕੁਲਵਿੰਦਰ ਸਿੰਘ ਬਰਾੜ, ਕਰਨਵੀਰ ਸਿੰਘ ਝੱਖੜ ਵਾਲਾ, ਭੁਪਿੰਦਰ ਦੁੱਗਲ, ਅਮੋਲਕ ਸਿੰਘ ਸਿੱਧੂ ਮਾਸਟਰ ਕੇਡਰ ਯੂਨੀਅਨ, ਜਸਵਿੰਦਰ ਸਿੰਘ ਬਰਗਾੜੀ ਈ ਟੀ ਟੀ ਟੀਚਰਜ਼ ਯੂਨੀਅਨ, ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਆਗੂ ਰਣਜੀਤ ਸਿੰਘ ਮੱਲ੍ਹਾ, ਭੁਪਿੰਦਰ ਸਿੰਘ ਵਲੰਟੀਅਰ ਯੂਨੀਅਨ, ਆਸ਼ਾ ਵਰਕਰਾਂ ਦਾ ਆਗੂ ਗੁਰਮੀਤ ਕੌਰ ਤੇ ਸੁਖਪਾਲ ਕੌਰ ਨੇ ਸੰਬੋਧਨ ਕੀਤਾ।ਇਸ ਸਮੇਂ ਭਰਾਤਰੀ ਤੌਰ 'ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਦੀ ਪੁਰਜ਼ੋਰ ਹਮਾਇਤ ਕੀਤੀ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪਟਿਆਲਾ ਦੇ ਸਮੁੱਚੇ ਸਰਕਾਰੀ ਅਰਧ ਸਰਕਾਰੀ ਦਫਤਰਾਂ, ਸਕੂਲਾਂ, ਹਸਪਤਾਲਾਂ, ਬੋਰਡਾਂ ਦੇ ਪੱਕੇ ਤੇ ਕੱਚੇ ਮੁਲਾਜ਼ਮਾਂ, ਮਾਣਭੱਤਾ ਵਰਕਰਾਂ ਤੇ ਫੀਲਡ ਮੁਲਾਜ਼ਮਾਂ ਵੱਲੋਂ ਸਮੂਹਕ ਛੁੱਟੀ ਲੈ ਕੇ ਆਪੋ ਆਪਣੇ ਦਫਤਰਾਂ ਅੱਗੇ ਇਕੱਠੇ ਹੋਣ ਤੋਂ ਬਾਅਦ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਸਾਂਝੀ ਰੈਲੀ ਵਿੱਚ ਸ਼ਾਮਲ ਹੋਏ।ਇਸੇ ਤਰ੍ਹਾਂ ਪੈਨਸ਼ਨਰ ਵੀ ਵੱਡੀ ਗਿਣਤੀ ਕਾਫਲਿਆ ਦੇ ਰੂਪ ਵਿੱਚ ਝੰਡੇ ਬੈਨਰ ਲੈ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦੇ ਹੋਏ ਸਾਂਝੀ ਰੈਲੀ ਵਿੱਚ ਪੁੱਜੇ। ਇਸ ਰੈਲੀ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ, ਸਟੇਟ ਕਰਮਚਾਰੀ ਦਲ, ਮਨਿਸਟੀਰੀਅਲ ਯੂਨੀਅਨ, ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ, ਬਿਜਲੀ ਬੋਰਡ, ਜੇਲ੍ਹ ਵਿਭਾਗ, ਪੰਜਾਬ ਪੁਲੀਸ ਆਦਿ, ਡਾਕਟਰ ਐਸੋਸੀਏਸ਼ਨ, ਨਰਸਿੰਗ ਸਟਾਫ਼, ਮਿਡ ਡੇ ਮੀਲ, ਆਂਗਣਵਾੜੀ, ਕਲਾਸ ਫ਼ੋਰ ਯੂਨੀਅਨ, ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ, ਜੁਆਇੰਟ ਐਕਸ਼ਨ ਕਮੇਟੀ ਰਾਜਿੰਦਰਾ ਹਸਪਤਾਲ ਅਤੇ ਭਰਾਤਰੀ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ, ਫਰੀਡਮ ਫਾਈਟ 196 ਆਦਿ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਸ਼ਾਮਲ ਹੋਈਆਂ।ਰੋਸ ਰੈਲੀ ਨੂੰ ਸ੍ਰ ਹਰੀ ਸਿੰਘ ਟੌਹੜਾ, ਦਰਸ਼ਨ ਬੇਲੂਮਾਜਰਾ, ਬਚਿੱਤਰ ਸਿੰਘ, ਭਿੰਦਰ ਸਿੰਘ ਚਾਹਲ, ਦਰਸ਼ਨ ਸਿੰਘ ਲੁਬਾਣਾ, ਗੁਰਮੇਲ ਸਿੰਘ ਵਿਰਕ, ਸੰਤ ਸਿੰਘ ਚੀਮਾ, ਗੁਰਦੀਪ ਸਿੰਘ ਵਾਲੀਆ, ਰਾਜ ਕੌਰ, ਸੁਖਵਿੰਦਰ ਸਿੰਘ ਸੈਣੀ, ਡਾ. ਹਰੀਸ਼ ਮਲਹੋਤਰਾ, ਕਰਮਜੀਤ ਸਿੰਘ ਭਗੜਾਣਾ, ਸਵਰਨ ਸਿੰਘ ਬੰਗਾ, ਜਗਮੇਲ ਸਿੰਘ ਤੇ ਖੁਸ਼ਮਿੰਦਰ ਕਪਲਾ ਆਦਿ ਨੇ ਸੰਬੋਧਨ ਕਰਦਿਆਂ ਸਮੁੱਚੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਅੱਜ ਦੀ ਸਫਲ ਹੜਤਾਲ ਤੇ ਧੰਨਵਾਦ ਕੀਤਾ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਕੰਧ ਤੇ ਲਿਖਿਆ ਪੜ੍ਹ ਲਵੇ ਨਹੀਂ ਤਾਂ 2027 ਦੇ ਵਿੱਚ ਲੋਕ ਇਸ ਸਰਕਾਰ ਨੂੰ ਦਿਨ 'ਚ ਤਾਰੇ ਵਿਖਾ ਦੇਣਗੇ।ਇਸ ਤੋਂ ਬਾਅਦ ਮੁਲਾਜ਼ਮਾਂ ਪੈਨਸ਼ਨਰਜ਼ ਵੱਲੋਂ ਬਿਜਲੀ ਬੋਰਡ ਦੇ ਮੁੱਖ ਦਫ਼ਤਰ ਅੱਗੇ ਪਹੁੰਚ ਕੇ ਰੋਸ ਰੈਲੀ ਕੀਤੀ ਜਿਸ ਨੂੰ ਜਸਵੀਰ ਸਿੰਘ ਖੋਖਰ, ਅਮਰ ਬਹਾਦਰ ਸਿੰਘ ਬਾਠ, ਜਸਵਿੰਦਰ ਪੰਜਾਬੀ, ਰਾਜਪਾਲ ਸਿੰਘ, ਸੁਸ਼ੀਲ ਕੁਮਾਰ, ਮੋਨਿਕਾ ਮਸੀਹ, ਮਨਜੀਤ ਸਿੰਘ ਚਾਹਲ, ਜਸਵਿੰਦਰ ਸੰਜਾ, ਕਮਰਜੀਤ ਸਿੰਘ, ਬੂਟਾ ਰਾਮ, ਕੁਲਜੀਤ ਸਿੰਘ, ਕਰਮਜੀਤ ਕੌਰ ਉਲਖ ਸੁਮਨ ਜੇਈ ਜਗਦੀਪ, ਧਨੇਰਾ ਆਦਿ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਗ ਦਾ ਹੱਲ ਨਾ ਕੀਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

**ਮਾਨਸਾ (ਆਤਮਾ ਸਿੰਘ ਪਮਾਰ)** : ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫ਼ਰੰਟ ਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਮਾਨਸਾ ਜ਼ਿਲ੍ਹੇ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜੇ ਰੋਸ ਧਰਨੇ ਉਪਰੰਤ ਠੀਕਰੀਵਾਲਾ ਵਾਲਾ ਚੌਂਕ ਤੱਕ ਮਾਰਚ ਵੀ ਕੀਤਾ। ਰੋਸ ਪ੍ਰਦਰਸ਼ਨ ਦੌਰਾਨ ਜ਼ਿਲ੍ਹੇ ਭਰ ਚੋਂ ਵੱਡੀ ਗਿਣਤੀ ਮੁਲਾਜ਼ਮ ਤੇ ਪੈਨਸ਼ਨਰਜ਼ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਦੌਰਾਨ ਸਿਕੰਦਰ ਘਰਾਂਗਣਾ, ਪ੍ਰਤਾਪ ਸਿੰਘ, ਹਰਪ੍ਰੀਤ ਬਿੱਟੂ, ਨਰਿੰਦਰ ਮਾਖਾ, ਦਰਸ਼ਨ ਅਲੀਸ਼ੇਰ, ਧਰਮਿੰਦਰ ਹੀਰੇਵਾਲਾ, ਰਾਜ ਕੁਮਾਰ ਰੰਗਾ ਤੇ ਜਸਵੀਰ ਭੰਮਾ, ਪ੍ਰਗਟ ਸਿੰਘ ਚਹਿਲ, ਅਮਨਦੀਪ ਸ਼ਰਮਾ, ਜਗਦੇਵ ਘੁਰਕਣੀ, ਸੰਦੀਪ ਸਿੰਘ, ਲਖਨਪਾਲ, ਕਰਮਜੀਤ ਤਾਮਕੋਟ, ਹੰਸਾ ਸਿੰਘ ਡੇਲੂਆਣਾ, ਰਾਜਵਿੰਦਰ ਮੀਰ, ਗੁਰਪ੍ਰੀਤ ਦਲੇਲਵਾਲਾ, ਜਗਦੇਵ ਸਿੰਘ, ਕੇਵਲ ਸਿੰਘ, ਆਤਮਾ ਸਿੰਘ ਪਮਾਰ, ਸੁਖਚੈਨ ਗੁਰਨੇ, ਹਰਪਾਲ ਮੂਲਵਾਲੀਆ, ਜਸਵੰਤ ਮੌਜੋ, ਨਵੀਨ ਬੋਹਾ, ਰਾਜੇਸ਼ ਬੁਢਲਾਡਾ, ਗੁਰਜੀਤ ਸਿੰਘ ਲਾਲਿਆਂਵਾਲੀ ਨੇ ਸੰਬੋਧਨ ਕੀਤਾ।ਇਸ ਮੌਕੇ ਵੱਖ ਵੱਖ ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਰਾਜਵਿੰਦਰ ਬਹਿਣੀਵਾਲ, ਲਖਵਿੰਦਰ ਮਾਨ, ਜੋਗਿੰਦਰ ਬਰੇ, ਕੁਲਦੀਪ ਖੋਖਰ, ਧੰਨਾ ਮੱਲ ਗੋਇਲ, ਸਮਰਜੀਤ ਅਤਲਾ, ਜਗਜੀਵਨ ਰਾਠੀ ਤੇ ਜਗਸੀਰ ਸਿੰਘ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਅਮੋਲਕ ਡੇਲੂਆਣਾ ਤੇ ਗੁਰਦਾਸ ਰਾਏਪੁਰ ਨੇ ਬਾਖੂਬੀ ਨਿਭਾਈ ਗਈ।

**ਸਮਰਾਲਾ (ਸੁਰਜੀਤ ਸਿੰਘ)** : ਸਮਰਾਲਾ ਵਿਖੇ ਪੁਰਾਣੀ ਅਨਾਜ ਮੰਡੀ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ ਤੇ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਚਿਰਾਂ ਤੋਂ ਲਟਕਦੀਆਂ ਮੰਗਾਂ ਲਈ ਇੱਕ ਰੋਹ ਭਰਪੂਰ ਰੋਸ ਰੈਲੀ ਤੇ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਵਿਭਾਗ ਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਸਮੂਹ ਅਧਿਆਪਕ ਜਥੇਬੰਦੀਆਂ ਦੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਧਰਨੇ ਨੂੰ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਨੇ ਕਿਹਾ ਕਿ ਮੁਲਾਜ਼ਮ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਤੇ ਮੁਲਾਜ਼ਮ ਮਾਰੂ ਨੀਤੀਆਂ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕਰਨਗੇ, ਸਗੋਂ ਇਸ ਵਿਰੁੱਧ ਆਰ-ਪਾਰ ਦੀ ਲੜਾਈ ਲਈ ਮੈਦਾਨ ਵਿੱਚ ਆਉਣਗੇ।ਇਸ ਸਮੇਂ ਬੁਲਾਰਿਆਂ ਦੇ ਤੌਰ 'ਤੇ ਦਲਜੀਤ ਸਿੰਘ ਸਮਰਾਲਾ ਜ਼ਿਲ੍ਹਾ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਲੁਧਿਆਣਾ, ਗੁਰਪ੍ਰੀਤ ਸਿੰਘ ਖੰਨਾ, ਮੇਘ ਸਿੰਘ ਜਵੰਦਾ ਪੰਜਾਬ ਪੈਨਸ਼ਨਰ ਕਲਿਆਣ ਸੰਗਠਨ, ਹਰਪਿੰਦਰ ਸ਼ਾਹੀ, ਗੁਰਪ੍ਰੀਤ ਸਿੰਘ ਮਾਹੀ, ਮੈਡਮ ਸੰਦੀਪ ਕੌਰ, ਰੁਪਿੰਦਰ ਗਿੱਲ ਡੀ. ਟੀ. ਐੱਫ., ਮਨਪ੍ਰੀਤ ਸਿੰਘ, ਸਿਕੰਦਰ ਸਿੰਘ ਪੰਜਾਬ ਪੈਨਸ਼ਨਰ ਐਸੋਸੀਏਸ਼ਨ ਪੀ.ਐਸ ਪੀ.ਸੀ.ਐਲ, ਰਘਬੀਰ ਸਿੰਘ ਰਿਟਾਇਰਡ ਐੱਸ.ਡੀ.ਓ. ਮੀਤ ਪ੍ਰਧਾਨ ਡਾਕਟਰ ਭੀਮ ਰਾਓ ਅੰਬੇਦਕਰ ਮਿਸ਼ਨ, ਬਲਜਿੰਦਰ ਸਿੰਘ ਮਾਛੀਵਾੜਾ, ਜੁਗਲ ਕਿਸ਼ੋਰ ਸਾਹਨੀ, ਵਿਜੇ ਕੁਮਾਰ, ਰਿਟ.ਮਾਸਟਰ ਰਾਮਰਤਨ ਆਦਿ ਕਿਸਾਨ, ਅਧਿਆਪਕ ਤੇ ਪੈਨਸ਼ਨਰ ਸਾਥੀ ਸ਼ਾਮਲ ਸਨ।

**ਫ਼ਾਜ਼ਿਲਕਾ (ਪਰਮਜੀਤ ਢਾਬਾਂ)** : ਮੁਲਾਜ਼ਮ ਮੰਚ ਪੰਜਾਬ ਚੰਡੀਗੜ੍ਹ ਤੇ ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਅਧਾਰਿਤ ਜੁਆਇੰਟ ਕੋਆਰਡੀਨੇਸ਼ਨ ਕਮੇਟੀ ਪੰਜਾਬ ਦੇ ਸੱਦੇ 'ਤੇ ਇੱਥੇ ਮੁਲਾਜ਼ਮਾਂ ਤੇ ਅਧਿਆਪਕਾਂ ਨੇ ਇਕ ਦਿਨ ਦੀ ਸਮੂਹਕ ਛੁਟੀ ਲੈ ਕੇ ਸਰਕਾਰ ਦਾ ਕੰਮ ਕਾਰ ਠੱਪ ਰੱਖਿਆ।ਫ਼ਾਜ਼ਿਲਕਾ ਵਿਖੇ ਹੋਈ ਤਹਿਸੀਲ ਪੱਧਰੀ ਰੈਲੀ ਦੀ ਪ੍ਰਧਾਨਗੀ ਜੁਆਇੰਟ ਕੋਆਰਡੀਨੇਸ਼ਨ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਸਾਥੀ ਹਰਭਜਨ ਸਿੰਘ ਖੁੰਗਰ, ਸਤਨਾਮ ਚੰਦ ਕਬੋਜ, ਦਲਜੀਤ ਸਿੰਘ ਸਭਰਵਾਲ, ਸੁਨੀਲ ਕੁਮਾਰ, ਮਹਿੰਦਰ ਕੋੜਿਆ ਵਾਲੀ, ਸੁਖਜਿੰਦਰ ਸਿੰਘ, ਬਲਰਾਮ ਪਾਵਰਕਾਮ, ਬਿਮਲਾ ਦੇਵੀ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਰੈਲੀ ਦੀ ਸਟੇਜ ਦਾ ਸੰਚਾਲਣ ਸਾਥੀ ਗੁਰਵਿੰਦਰ ਸਿੰਘ, ਸੁਖਦੇਵ ਚੰਦ ਕਬੋਜ ਨੇ ਕੀਤਾ।ਰੈਲੀ ਨੂੰ ਮੁਲਾਜ਼ਮ ਆਗੂ ਕੁਲਦੀਪ ਸਿੰਘ ਸਭਰਵਾਲ, ਪਰਮਜੀਤ ਸਿੰਘ ਸ਼ੋਰੇਵਾਲ, ਹਰਭਜਨ ਲਾਲ ਕਬੋਜ, ਪੈਨਸ਼ਨਰਜ਼ ਆਗੂ ਪਾਵਰਕਾਮ, ਦੁਪਿੰਦਰ ਸਿੰਘ ਢਿੱਲੋਂ, ਹਰਗੋਬਿੰਦ ਕੌਰ ਸੂਬਾ ਪ੍ਰਧਾਨ ਆਂਗਣਵਾੜੀ ਵਰਕਰਜ਼ ਯੂਨੀਅਨ ਪੰਜਾਬ, ਜਸਵਿੰਦਰ ਸਿੰਘ ਜਨਰਲ ਸਕੱਤਰ ਪਸਸਫ ਵਿਗਿਆਨਕ, ਰਵਿੰਦਰ ਸ਼ਰਮਾ ਹੈਲਥ ਵਿਭਾਗ, ਟਹਿਲ ਸਿੰਘ ਸੈਨੀ ਪੈਨਸ਼ਨਰਜ਼ ਆਗੂ, ਰਾਜ ਕੰਵਰ ਦੀਵਾਨ ਪੈਨਸ਼ਨਰਜ਼ ਆਗੂ, ਹਰੀਸ਼ ਚੰਦਰ ਕਬੋਜ, ਪੈਨਸ਼ਨਰਜ਼ ਆਗੂ ਰਾਜ ਕੁਮਾਰ ਸਾਰਸਰ, ਬਲਵਿੰਦਰ ਸਿੰਘ ਮਾਸਟਰ ਕੇਡਰ ਯੂਨੀਅਨ, ਵੀਰ ਚੰਦ ਪ੍ਰਧਾਨ ਪੁਲਸ ਵੈੱਲਫੇਅਰ ਪੈਨਸ਼ਨਰਜ਼ ਐਸੋਸੀਏਸ਼ਨ, ਓਮ ਪ੍ਰਕਾਸ਼ ਸੂਬਾ ਪ੍ਰਧਾਨ ਜਲ ਸਰੋਤ ਰੀਟਾਇਰੀ ਮੁਲਾਜ਼ਮ ਯੂਨੀਅਨ, ਪ੍ਰੇਮ ਕੁਮਾਰ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ, ਸੁਖਦੇਵ ਚੰਦ ਕਬੋਜ ਜਨਰਲ ਸਕੱਤਰ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ, ਰੇਸ਼ਮਾ ਰਾਣੀ ਜ਼ਿਲ੍ਹਾ ਪ੍ਰਧਾਨ ਆਂਗਣਵਾੜੀ ਵਰਕਰਜ਼ ਯੂਨੀਅਨ ਨੇ ਸਬੋਧਨ ਕਰਦਿਆਂ ਭਗਵੰਤ ਸਰਕਾਰ ਦੀ ਮੁਲਾਜ਼ਮ ਪੈਨਸ਼ਨਰਜ਼ ਵਿਰੋਧੀ ਨੀਤੀ ਦੀ ਕਰੜੀ ਅਲੋਚਨਾ ਕੀਤੀ।ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਰਿੰਦਰ ਢੰਡੀਆ ਨੇ ਮੰਗਾਂ ਦਾ ਸਮਰਥਨ ਕਰਦਿਆਂ ਆਪਣਾ ਭਰਾਤਰੀ ਸੰਦੇਸ਼ ਦਿੱਤਾ।ਰੈਲੀ ਉਪਰੰਤ ਡੀ ਸੀ ਦਫਤਰ ਤੋਂ ਅਨਾਜ ਮੰਡੀ ਗੇਟ ਤੱਕ ਰੋਸ ਮਾਰਚ ਕੀਤਾ ਗਿਆ।

## ਅਣਪਛਾਤੀ ਔਰਤ ਦੀ ਲਾਸ਼ ਮਿਲੀ

**ਫਰੀਦਕੋਟ (ਬੇਦੀ, ਡਿਸੂਜਾ)**-ਸਥਾਨਕ ਦਾਣਾ ਮੰਡੀ ਵਿੱਚ ਅੱਜ ਉਸ ਵੇਲੇ ਸਵੇਰੇ ਸਨਸਨੀ ਫੈਲ ਗਈ, ਜਦੋਂ ਮਜ਼ਦੂਰਾਂ ਨੇ ਇਥੇ ਮਾਸੀ ਨਾਮੀ ਔਰਤ ਨੂੰ ਬਿਨਾਂ ਕੱਪੜਿਆਂ ਤੋਂ ਉਸ ਦੇ ਕਮਰੇ ਵਿੱਚ ਮ੍ਰਿਤਕ ਦੇਖਿਆ।ਉਨ੍ਹਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਤੇ ਮੌਕੇ 'ਤੇ ਪੁਲਸ ਟੀਮਾਂ ਨੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ।ਮੰਡੀ ਵਾਲਿਆਂ ਦੇ ਦੱਸਣ ਅਨੁਸਾਰ ਇਸ ਔਰਤ ਦੀ ਉਮਰ 60 ਕੁ ਸਾਲ ਹੈ ਤੇ ਇਥੇ ਇਹ 20 ਕੁ ਸਾਲਾਂ ਤੋਂ ਰਹਿ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਦਰਵੇਸ਼ ਔਰਤ ਸੀ ਤੇ ਹਰੇਕ ਇਸ ਨੂੰ ਮਾਸੀ ਕਹਿ ਕੇ ਬੁਲਾਉਂਦਾ ਸੀ।ਉਨ੍ਹਾਂ ਸ਼ੱਕ ਪ੍ਰਗਟ ਕੀਤਾ ਕਿ ਇਥੇ ਕੋਈ ਵਾਰਦਾਤ ਹੋਈ ਹੈ, ਜਿਸ ਕਾਰਨ ਇਸ ਦੀ ਜਾਨ ਗਈ ਹੈ।ਉਨ੍ਹਾਂ ਪੁਲਸ ਤੋਂ ਇਸ ਮਾਮਲੇ ਦੀ ਜਾਂਚ ਕਰਵਾ ਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਪੁਲਸ ਨੇ ਫਿਲਹਾਲ ਇਸ ਨੂੰ ਮੈਡੀਕਲ ਹਸਪਤਾਲ ਦੀ ਮੌਰਚਿਰੀ ਵਿੱਚ ਰਖਵਾ ਦਿੱਤਾ ਹੈ ਤੇ ਉਸਦੇ ਵਾਰਸਾਂ ਦੀ ਉਡੀਕ ਕੀਤੀ ਜਾ ਰਹੀ ਹੈ।

## 522 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਜ਼ਿਲ੍ਹਾ ਪੁਲਸ ਦੇ ਸੀਆਈਏ ਸਟਾਫ ਨੇ ਨਸ਼ਾ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ ਇੱਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ 522 ਗ੍ਰਾਮ ਹੈਰੋਇਨ ਜ਼ਬਤ ਕੀਤੀ ਹੈ।ਦੋਸ਼ੀ ਦੀ ਪਛਾਣ ਮੋਹਨਬੀਰ ਸਿੰਘ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰਾਜੋਕੇ ਦਾ ਰਹਿਣ ਵਾਲਾ ਹੈ। ਪੁਲਿਸ ਨੇ ਦੋਸ਼ੀ ਵਿਰੁੱਧ ਐੱਨਡੀਪੀਐਸ ਐਕਟ ਤਹਿਤ ਸਦਰ ਪੁਲਸ ਸਟੇਸ਼ਨ ਫਰੀਦਕੋਟ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਐਕਸੀਅਨ ਪਾਵਰਕਾਮ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਜਗਰਾਉਂ (ਨਛੱਤਰ ਸੰਧੂ)**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਜਗਰਾਓਂ ਤੇ ਰਾਏਕੋਟ ਦੇ ਵਰਕਰਾਂ ਵੱਲੋਂ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਇੰਜ. ਕੁਲਵੰਤ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਅਗਵਾਈ 'ਚ ਉਨ੍ਹਾਂ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਮੰਗ ਪੱਤਰ ਸੌਂਪਿਆ ਗਿਆ।ਮੰਗ ਪੱਤਰ ਵਿੱਚ ਪਿਛਲੇ ਸਮੇਂ ਚ ਕੁੱਝ ਪਿੰਡਾਂ ਵਿਚੋਂ ਚਿੱਪ ਵਾਲੇ ਮੀਟਰ ਉਤਾਰ ਕੇ ਬਿਜਲੀ ਬੋਰਡ ਵਿੱਚ ਜਮ੍ਹਾਂ ਕਰਵਾਏ ਗਏ ਸਨ, ਉਨ੍ਹਾਂ ਦੇ ਲੋਹੜਿਆਂ ਦੇ ਐਵਰੇਜ ਬਿੱਲ ਪਾਏ ਗਏ ਹਨ, ਜੋ ਕਿ ਪੰਜਾਹ-ਪੰਜਾਹ ਹਜ਼ਾਰ ਰੁਪਏ ਪ੍ਰਤੀ ਖਪਤਕਾਰ ਹਨ।

ਵਫ਼ਦ ਨੇ ਇਹ ਨਜਾਇਜ਼ ਬਿਲ ਪਹਿਲ ਦੇ ਆਧਾਰ 'ਤੇ ਦਰੁਸਤ ਕਰਨ ਦੀ ਮੰਗ ਕੀਤੀ।ਵਫ਼ਦ ਨੇ ਲਿਖਤੀ ਮੰਗ ਕੀਤੀ ਹੈ ਕਿ ਜਿੱਥੇ ਹਾਲੇ ਤੱਕ ਨਵੇਂ ਮੀਟਰ ਨਹੀਂ ਲਗਾਏ ਗਏ, ਜਦੋਂ ਕਿ ਕੇਂਦਰੀ ਬਿਜਲੀ ਮੰਤਰੀ ਨੇ ਸੰਸਦ ਵਿੱਚ ਆਖਿਆ ਸੀ ਕਿ ਚਿੱਪ ਵਾਲੇ ਮੀਟਰ ਜ਼ਰੂਰੀ ਨਹੀਂ ਹਨ, ਤੁਸੀਂ ਦੂਜੇ ਮੀਟਰ ਵੀ ਲਵਾ ਸਕਦੇ ਹੋ, ਇਸ ਕਰਕੇ ਪਾਵਰਕਾਮ ਬਿਨਾਂ ਚਿੱਪ ਵਾਲੇ ਪੁਰਾਣੇ ਮੀਟਰ ਹੀ ਲਗਾਵੇ।

ਵਫ਼ਦ ਨੇ ਮੰਗ ਕੀਤੀ ਹੈ ਕਿ ਇਸ ਵਾਰ ਚਾਰ ਚਾਰ ਮਹੀਨੇ ਦੇ ਇਕੱਠੇ ਬਿੱਲ ਭੇਜੇ ਜਾ ਰਹੇ ਹਨ ਜੋ ਕਿ ਨਾਜਾਇਜ਼ ਧੱਕਾ ਹੈ।ਇਹ ਬਿਲ ਦਰੁਸਤ ਕਰਕੇ ਦੋ ਦੋ ਮਹੀਨੇ ਦੇ ਭੇਜੇ ਜਾਣ।ਕਿਸੇ ਖਪਤਕਾਰ ਦਾ ਵੀ ਵੱਧ ਬਿੱਲ ਆਉਣ ਕਾਰਨ ਮੀਟਰ ਨਾ ਕੱਟਿਆ ਜਾਵੇ। ਪਾਵਰਕਾਮ ਦੇ ਠੇਕੇ ਤੇ ਆਊਟਸੋਰਸ ਮੀਟਰ ਰੀਡਰਾਂ ਦੀ ਲੰਮੀ ਹੜਤਾਲ ਕਾਰਨ ਇਕੱਠੇ ਬਿੱਲ ਭੇਜੇ ਗਏ ਹਨ, ਜੋ ਕਿ ਗਲਤ ਹੈ, ਇਸ ਵਿੱਚ ਆਮ ਲੋਕਾਂ ਦਾ ਕੋਈ ਕਸੂਰ ਨਹੀਂ ਹੈ।ਵਫ਼ਦ ਨੇ ਮੰਗ ਕੀਤੀ ਕਿ ਸ਼ਾਮ ਸਮੇਂ ਲੰਮੇ ਲੰਮੇ ਕੱਟ ਲਾ ਕੇ ਜਨਤਾ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ ਤੇ ਘਰਾਂ ਨੂੰ ਪੂਰੀ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ।

## ਪੀ ਐੱਸ ਐੱਸ ਐੱਸ ਬੀ ਗਰੁੱਪ-ਸੀ ਦੀਆਂ ਅਸਾਮੀਆਂ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਫਿਰੋਜ਼ਪੁਰ ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਰਿਟਾਇਰਡ ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਪੰਜਾਬ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੀਆਂ ਗਰੁੱਪ-ਸੀ ਦੀਆਂ ਅਸਾਮੀਆਂ ਲਈ ਮੁਫ਼ਤ ਤਿਆਰੀ ਕੈਂਪ ਸ਼ੁਰੂ ਕੀਤਾ ਗਿਆ ਹੈ।ਇਹ ਤਿਆਰੀ ਤਜਰਬੇਕਾਰ ਅਧਿਆਪਕਾਂ ਵੱਲੋਂ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ ਤੇ ਮੋਗਾ ਜ਼ਿਲ੍ਹਿਆਂ ਦੇ ਜਿਨ੍ਹਾਂ ਨੌਜਵਾਨਾਂ ਨੇ ਪੀ.ਐੱਸ.ਐੱਸ.ਐੱਸ.ਬੀ. ਦੀਆਂ ਗਰੁੱਪ-ਸੀ ਦੀਆਂ ਅਸਾਮੀਆਂ ਲਈ ਅਪਲਾਈ ਕੀਤਾ ਹੈ ਤੇ ਉਹ ਇਨ੍ਹਾਂ ਅਸਾਮੀਆਂ ਦੀ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਦਾਖਲਾ ਲੈ ਕੇ ਮੁਫ਼ਤ ਸਿਖਲਾਈ ਪ੍ਰਾਪਤ ਕਰ ਸਕਦੇ ਹਨ।ਇਹ ਕੈਂਪ ਕੇਵਲ ਲੜਕਿਆਂ ਲਈ ਹੈ।ਉਨ੍ਹਾਂ ਦੱਸਿਆ ਕਿ ਇੱਛੁਕ ਨੌਜਵਾਨ ਸਵੇਰੇ 9:00 ਵਜੇ ਤੋਂ 11:30 ਵਜੇ ਤੱਕ ਕੈਂਪ ਵਿੱਚ ਪਹੁੰਚ ਕੇ ਆਪਣਾ ਐਡਮਿਸ਼ਨ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਕੈਂਪ ਵਿੱਚ ਦਾਖਲੇ ਸਮੇਂ ਨੌਜਵਾਨ ਆਪਣੇ ਨਾਲ ਆਨਲਾਈਨ ਰਜਿਸਟ੍ਰੇਸ਼ਨ ਦੀ ਇੱਕ ਕਾਪੀ, ਦਸਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋਸਟੇਟ ਕਾਪੀ, ਦਸਵੀਂ ਤੋਂ ਇਲਾਵਾ ਕੀਤੀ ਗਈ ਪੜ੍ਹਾਈ ਦੇ ਸਰਟੀਫਿਕੇਟਾਂ ਦੀਆਂ ਫੋਟੋਸਟੇਟ ਕਾਪੀਆਂ, ਪੰਜਾਬ ਰੈਜ਼ੀਡੈਂਸ ਸਰਟੀਫਿਕੇਟ ਦੀ ਫੋਟੋਸਟੇਟ ਕਾਪੀ, ਜਾਤੀ ਸਰਟੀਫਿਕੇਟ ਦੀ ਫੋਟੋਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋਸਟੇਟ ਕਾਪੀ ਤੇ ਦੋ ਪਾਸਪੋਰਟ ਸਾਈਜ਼ ਫੋਟੋਆਂ ਜ਼ਰੂਰ ਲੈ ਕੇ ਆਉਣ।ਇਸ ਤੋਂ ਇਲਾਵਾ ਇੱਕ ਕਾਪੀ, ਪੈੱਨ, ਖਾਣਾ ਖਾਣ ਲਈ ਬਰਤਨ ਤੇ ਰਹਿਣ ਲਈ ਬਿਸਤਰਾ ਆਦਿ ਵੀ ਨਾਲ ਲਿਆਉਣ।

## ਮਹਿੰਗਾਈ ਦੀ ਮਾਰ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ : ਪਵਨ ਗੋਇਲ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮਹਿੰਗਾਈ ਦੇ ਲਗਾਤਾਰ ਵਧਦੇ ਬੋਝ ਨੇ ਆਮ ਲੋਕਾਂ ਦੇ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ।ਰੋਜ਼ਾਨਾ ਵਰਤੋਂ ਵਾਲੀਆਂ ਜ਼ਰੂਰੀ ਵਸਤਾਂ ਦੇ ਭਾਅ ਵਿੱਚ ਹੋ ਰਹੇ ਵਾਧੇ ਕਾਰਨ ਲੋਕਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ।ਇਸੇ ਮਾਮਲੇ ਨੂੰ ਲੈ ਕੇ ਵਪਾਰ ਮੰਡਲ ਵੱਲੋਂ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ ਗਈ, ਜਿਸ ਉਪਰੰਤ ਵਪਾਰ ਮੰਡਲ ਦੇ ਪ੍ਰਧਾਨ ਪਵਨ ਗੋਇਲ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਮਹਿੰਗਾਈ 'ਤੇ ਗੰਭੀਰ ਚਿੰਤਾ ਪ੍ਰਗਟਾਈ।ਪਵਨ ਗੋਇਲ ਨੇ ਕਿਹਾ ਕਿ ਮਹਿੰਗਾਈ ਦੀ ਮਾਰ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ।ਰਸੋਈ ਵਿੱਚ ਰੋਜ਼ਾਨਾ ਵਰਤੋਂ ਹੋਣ ਵਾਲੀਆਂ ਵਸਤਾਂ ਦੇ ਭਾਅ ਲਗਾਤਾਰ ਉੱਪਰ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਖੰਡ, ਗੁੜ, ਸ਼ੱਕਰ ਤੇ ਪਿਆਜ਼ ਸਮੇਤ ਕਈ ਜ਼ਰੂਰੀ ਵਸਤਾਂ ਦੇ ਰੇਟਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਦਾ ਸਿੱਧਾ ਅਸਰ ਆਮ ਪਰਵਾਰਾਂ ਦੀ ਜੇਬ 'ਤੇ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਇੱਕ ਪਾਸੇ ਲੋਕ ਪਹਿਲਾਂ ਹੀ ਵਧ ਰਹੀ ਮਹਿੰਗਾਈ ਨਾਲ ਜੂਝ ਰਹੇ ਹਨ, ਦੂਜੇ ਪਾਸੇ ਹੁਣ ਰੱਖੜੀ ਦਾ ਤਿਉਹਾਰ ਨੇੜੇ ਆਉਣ ਕਾਰਨ ਪਰਵਾਰਾਂ ਦੇ ਖਰਚੇ ਹੋਰ ਵਧਣ ਦੀ ਸੰਭਾਵਨਾ ਹੈ।ਰੱਖੜੀ ਦੇ ਤਿਉਹਾਰ ਮੌਕੇ ਮਠਿਆਈਆਂ ਦੀ ਖਰੀਦਦਾਰੀ ਵੱਡੇ ਪੱਧਰ 'ਤੇ ਹੁੰਦੀ ਹੈ, ਪਰ ਇਸ ਵਾਰ ਮਠਿਆਈਆਂ ਦੇ ਭਾਅ ਵਿੱਚ ਕਮੀ ਆਉਣ ਦੀ ਬਜਾਏ ਖੰਡ, ਗੁੜ ਦੀਆਂ ਕੀਮਤਾਂ ਵਧਣ ਕਾਰਨ ਮਠਿਆਈ ਮਹਿੰਗਾਈ ਹੋ ਗਈ ਹੈ।ਪਵਨ ਗੋਇਲ ਨੇ ਕਿਹਾ ਕਿ ਤਿਉਹਾਰਾਂ ਦੇ ਮੌਕੇ ਆਮ ਲੋਕ ਆਪਣੇ ਪਰਵਾਰ ਤੇ ਰਿਸ਼ਤੇਦਾਰਾਂ ਨਾਲ ਖੁਸ਼ੀਆਂ ਸਾਂਝੀਆਂ ਕਰਨਾ ਚਾਹੁੰਦੇ ਹਨ, ਪਰ ਵਧਦੀ ਮਹਿੰਗਾਈ ਕਾਰਨ ਉਨ੍ਹਾਂ ਨੂੰ ਖਰੀਦਦਾਰੀ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੌਰਾਨ ਜ਼ਰੂਰੀ ਖਾਣ-ਪੀਣ ਦੀਆਂ ਵਸਤਾਂ ਤੇ ਮਠਿਆਈਆਂ ਦੇ ਵਧੇ ਹੋਏ ਰੇਟ ਲੋਕਾਂ ਲਈ ਵਾਧੂ ਆਰਥਿਕ ਬੋਝ ਬਣ ਰਹੇ ਹਨ।ਵਪਾਰ ਮੰਡਲ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕੇ ਘਰੇਲੂ ਵਸਤਾਂ ਦੀਆਂ ਕੀਮਤਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਆਮ ਖਪਤਕਾਰਾਂ ਨੂੰ ਬੇਲੋੜੀ ਮਹਿੰਗਾਈ ਤੋਂ ਰਾਹਤ ਮਿਲ ਸਕੇ।ਉਨ੍ਹਾਂ ਦੁਕਾਨਦਾਰਾਂ ਨਾਲ ਹੋਈ ਮੀਟਿੰਗ ਦੌਰਾਨ ਵਪਾਰ ਨਾਲ ਜੁੜੀਆਂ ਹੋਰ ਸਮੱਸਿਆਵਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਤੇ ਕਿਹਾ ਕਿ ਵਪਾਰੀਆਂ ਦੀਆਂ ਮੁਸ਼ਕਲਾਂ ਬਾਰੇ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ। ਪਵਨ ਗੋਇਲ ਨੇ ਕਿਹਾ ਕਿ ਮਹਿੰਗਾਈ ਸਿਰਫ਼ ਕਿਸੇ ਇੱਕ ਵਰਗ ਦੀ ਸਮੱਸਿਆ ਨਹੀਂ, ਸਗੋਂ ਇਸ ਦਾ ਪ੍ਰਭਾਵ ਸਮਾਜ ਦੇ ਹਰ ਵਰਗ 'ਤੇ ਪੈ ਰਿਹਾ ਹੈ।ਖਾਸ ਕਰਕੇ ਮੱਧ ਵਰਗ ਤੇ ਘੱਟ ਆਮਦਨ ਵਾਲੇ ਪਰਵਾਰਾਂ ਲਈ ਘਰੇਲੂ ਖਰਚੇ ਚਲਾਉਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਢੁੱਕਵੇਂ ਕਦਮ ਚੁੱਕੇ ਜਾਣ ਤੇ ਤਿਉਹਾਰਾਂ ਦੇ ਮੱਦੇਨਜ਼ਰ ਮਠਿਆਈਆਂ ਸਮੇਤ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ 'ਤੇ ਵੀ ਨਿਗਰਾਨੀ ਰੱਖੀ ਜਾਵੇ।

## ਸੁਖਰਾਜ ਦੀ ਸਟੇਟ ਪੱਧਰੀ ਕੁਸ਼ਤੀ ਮੁਕਾਬਲੇ ਲਈ ਚੋਣ



**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਹੋਣਹਾਰ ਵਿਦਿਆਰਥੀ ਸੁਖਰਾਜ ਸਿੰਘ ਨੇ ਜ਼ੋਨਲ ਪੱਧਰ 'ਤੇ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ-17 ਗਰੀਕੋ ਰੋਮਨ ਕੁਸ਼ਤੀ ਦੇ 92 ਕਿਲੋਗ੍ਰਾਮ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਹੁਣ ਉਸ ਦੀ ਸਟੇਟ ਪੱਧਰੀ ਗਰੀਕੋ ਰੋਮਨ ਕੁਸ਼ਤੀ ਮੁਕਾਬਲੇ ਲਈ ਚੋਣ ਹੋਈ ਹੈ।ਇਸ ਮੌਕੇ ਬੋਲਦੇ ਹੋਏ ਸਕੂਲ ਪ੍ਰਧਾਨ ਚਰਨ ਸਿੰਘ ਸਕੂਲ ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਵਧਾਈ ਦਿੰਦੇ ਹੋਏ ਸਟੇਟ ਪੱਧਰੀ ਮੁਕਾਬਲੇ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਅਜਿਹੀਆਂ ਖੇਡ ਪ੍ਰਾਪਤੀਆਂ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਦੇ ਨਾਲ ਨਾਲ ਸਕੂਲ ਤੇ ਇਲਾਕੇ ਦਾ ਨਾਮ ਵੀ ਰੋਸ਼ਨ ਕਰਦੀਆਂ ਹਨ।

## ਏਸ਼ੀਅਨ ਗਰੁੱਪ ਆਫ਼ ਕਾਲਜਿਜ਼ ਵਿਖੇ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਏਸ਼ੀਅਨ ਗਰੁੱਪ ਆਫ਼ ਕਾਲਜਿਜ਼, ਪਟਿਆਲਾ ਵਿਖੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ਤੇ ਐਸੋਸੀਏਸ਼ਨ ਆਫ਼ ਮਿਊਚੁਅਲ ਫੰਡਜ਼ ਇਨ ਇੰਡੀਆ ਦੇ ਸਹਿਯੋਗ ਨਾਲ 'ਸੁਰੱਖਿਆ ਬਜ਼ਾਰ ਵਿੱਚ ਕਦੀਮ ਅਤੇ ਨਿਵੇਸ਼ ਰਾਹੀਂ ਵਿੱਤੀ ਸਸ਼ਕਤੀਕਰਨ' ਵਿਸ਼ੇ 'ਤੇ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ 150 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਿੱਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਬੱਚਤ, ਨਿਵੇਸ਼ ਅਤੇ ਸਹੀ ਵਿੱਤੀ ਯੋਜਨਾਬੰਦੀ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ।ਮਾਹਿਰਾਂ ਨੇ ਛੋਟੀ ਉਮਰ ਤੋਂ ਹੀ ਬੱਚਤ ਦੀ ਆਦਤ ਪਾਉਣ ਅਤੇ ਨਿਯਮਿਤ ਤੇ ਅਨੁਸ਼ਾਸਿਤ ਢੰਗ ਨਾਲ ਨਿਵੇਸ਼ ਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਸ੍ਰੀ ਸੁਰਿਆਕਾਂਤ ਸ਼ਰਮਾ, ਸੀਨੀਅਰ ਕਨਸਲਟੈਂਟ, ਏ ਐਫ ਐਮ ਆਈ ਨੇ ਮੁੱਖ ਬੁਲਾਰੇ ਵਜੋਂ ਵਿਦਿਆਰਥੀਆਂ ਨੂੰ ਨਿਵੇਸ਼ ਦੇ ਵੱਖ-ਵੱਖ ਸਾਧਨਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ।ਸ਼੍ਰੀਮਤੀ ਛਵੀ ਕਪੂਰ ਸੀ ਜੀ ਐੱਮ ਸੇਬੀ ਨੇ ਸੋਚ-ਸਮਝ ਕੇ ਵਿੱਤੀ ਫ਼ੈਸਲੇ ਲੈਣ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ।ਇਹ ਪ੍ਰੋਗਰਾਮ ਏਸ਼ੀਅਨ ਗਰੁੱਪ ਆਫ਼ ਕਾਲਜਿਜ਼, ਪਟਿਆਲਾ ਦੇ ਚੇਅਰਮੈਨ ਤਰਸੇਮ ਸੈਣੀ, ਪ੍ਰਧਾਨ ਸ਼ਿੰਗਾਰ ਸਿੰਘ ਤੇ ਪ੍ਰਿੰਸੀਪਲ ਡਾ. ਮੀਨੂ ਸਿੰਘ ਸਚਾਨ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ।ਮਿਸ ਕਿਰਨਜੀਤ, ਪ੍ਰੋਗਰਾਮ ਕੋਆਰਡੀਨੇਟਰ, ਨੇ ਸਮੁੱਚੇ ਪ੍ਰੋਗਰਾਮ ਦਾ ਸੁਚੱਜੇ ਢੰਗ ਨਾਲ ਸੰਚਾਲਨ ਕੀਤਾ।

## ਸੇਂਟ ਜ਼ੇਵੀਅਰਜ਼ ਸਕੂਲ ਅਤਾਲਾ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ



**ਸਮਾਣਾ (ਗੁਰਪ੍ਰੀਤ ਸਿੰਘ ਬੱਲ)**-ਸੇਂਟ ਜ਼ੇਵੀਅਰਜ਼ ਇੰਟਰਨੈਸ਼ਨਲ ਸਕੂਲ ਅਤਾਲਾ (ਪਾਤੜਾਂ) ਵਿਖੇ ਰੱਖੜੀ ਦਾ ਤਿਉਹਾਰ ਬੜੇ ਉਤਸ਼ਾਹ, ਗਰਮਜੋਸ਼ੀ ਤੇ ਸਮਾਜਿਕ ਜ਼ਿੰਮੇਵਾਰੀ ਦੇ ਸੰਦੇਸ਼ ਨਾਲ ਮਨਾਇਆ ਗਿਆ।ਵਿਦਿਆਰਥੀਆਂ ਨੇ ਸਕੂਲ ਦੇ ਸਟਾਫ਼, ਪ੍ਰਿੰਸੀਪਲ, ਚੇਅਰਮੈਨ, ਉਪ-ਮੰਡਲ ਮੈਜਿਸਟ੍ਰੇਟ ਦਫ਼ਤਰ ਦੇ ਮੈਂਬਰਾਂ, ਪੁਲਸ ਸਟੇਸ਼ਨ ਦੇ ਕਰਮਚਾਰੀਆਂ ਤੇ ਵੱਖ-ਵੱਖ ਸਰਕਾਰੀ ਦਫ਼ਤਰਾਂ ਦੇ ਅਮਲੇ ਨੂੰ ਰੱਖੜੀਆਂ ਬੰਨ੍ਹ ਕੇ ਉਨ੍ਹਾਂ ਦੀ ਸਮਰਪਤ ਸੇਵਾ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ।ਇਸ ਪਹਿਲਕਦਮੀ ਰਾਹੀਂ ਇਹ ਸੰਦੇਸ਼ ਦਿੱਤਾ ਗਿਆ ਕਿ ਰੱਖੜੀ ਦਾ ਤਿਉਹਾਰ ਸਿਰਫ਼ ਪਰਿਵਾਰਕ ਰਿਸ਼ਤਿਆਂ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਉਨ੍ਹਾਂ ਲੋਕਾਂ ਦਾ ਸਨਮਾਨ ਕਰਨ ਦਾ ਵੀ ਮੌਕਾ ਹੈ, ਜੋ ਸਮਾਜ ਦੀ ਸੁਰੱਖਿਆ, ਪ੍ਰਸ਼ਾਸਨ ਤੇ ਭਲਾਈ ਲਈ ਨਿਰੰਤਰ ਮਿਹਨਤ ਕਰਦੇ ਹਨ।ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਵੱਲੋਂ ਸਤਿਕਾਰ, ਧੰਨਵਾਦ, ਏਕਤਾ ਤੇ ਸੇਵਾ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਣ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ।ਚੇਅਰਮੈਨ ਨੇ ਵੀ ਵਿਦਿਆਰਥੀਆਂ ਨੂੰ ਇਸ ਤਿਉਹਾਰ ਨੂੰ ਮਨਾਉਣ ਲਈ ਵਿਸ਼ੇਸ਼ ਸ਼ਲਾਘਾ ਕੀਤੀ।

## ਦਿਲ ਦੇ ਦੌਰੇ ਦੇ ਪੀੜਤਾਂ ਨੂੰ ਬਚਾਉਣ ਦੇ ਗੁਰ ਸਿਖਾਏ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਗਲਤ ਢੰਗ ਨਾਲ ਜਿਉਣ ਅਤੇ ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ, ਆਰਾਮ ਪ੍ਰਸਤੀਆਂ ਕਰਕੇ ਛੋਟੇ ਛੋਟੇ ਬੱਚਿਆਂ, ਨੌਜਵਾਨਾਂ ਨੂੰ ਚਲਦੇ ਫਿਰਦੇ ਕੰਮ ਕਰਦੇ ਸਮੇਂ ਬਜ਼ੁਰਗਾਂ ਦੇ ਮੁਕਾਬਲੇ ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਅਨਜਾਇਨਾ, ਬਲੂ ਬੇਬੀ ਦੇ ਕਾਰਨ ਵੱਧ ਮੌਤਾਂ ਹੋ ਰਹੀਆਂ ਹਨ।ਭਾਰਤ ਵਿੱਚ ਹਰ ਰੋਜ਼ 8000 ਤੋਂ ਵੱਧ ਬੱਚਿਆਂ, ਨੌਜਵਾਨਾਂ ਅਤੇ ਲੋਕਾਂ ਨੂੰ ਅਚਾਨਕ ਦਿਲ ਦੇ ਦੌਰੇ ਪੈਂਦੇ ਹਨ। ਇਹ ਜਾਣਕਾਰੀ ਦਿੰਦੇ ਹੋਏ ਭਾਰਤ ਸਰਕਾਰ ਦੇ ਰੈੱਡ ਕਰਾਸ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ਼ ਟ੍ਰੇਨਰ ਸ੍ਰੀ ਕਾਕਾ ਰਾਮ ਨੇ ਬੁੱਢਾ ਦਲ ਪਬਲਿਕ ਸਕੂਲ ਵਿਖੇ ਸਾਰੇ ਅਧਿਆਪਕਾਂ ਨੂੰ ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਦੀ ਸਰਪ੍ਰਸਤੀ ਹੇਠ ਟ੍ਰੇਨਿੰਗ ਦਿੰਦੇ ਹੋਏ ਦੱਸਿਆ ਕਿ ਹਰ ਸੀਜਨ ਵਿੱਚ ਆਕਸੀਜਨ ਦੀ ਕਮੀ ਹੋਵੇ ਤਾਂ ਦਿਲ ਦੇ ਦੌਰੇ ਪੈਂਦੇ ਹਨ ਅਤੇ ਜਦੋਂ ਦਿਲ ਦਿਮਾਗ, ਫੇਫੜਿਆਂ ਦੀਆਂ ਕਿਰਿਆਵਾਂ ਬੰਦ ਹੋ ਜਾਣ ਤਾਂ ਕਾਰਡੀਅਕ ਅਰੈਸਟ ਕਾਰਨ ਪੀੜਤਾਂ ਦੀ ਤੁਰੰਤ ਮੌਤ ਹੋ ਜਾਂਦੀ ਹੈ। ਸ੍ਰੀ ਵਰਮਾ ਨੇ ਬਲੂ ਬੇਬੀ ਦੇ, ਅਨਜਾਇਨਾ, ਦਿਲ ਦੇ ਦੌਰੇ ਅਤੇ ਕਾਰਡੀਅਕ ਅਰੈਸਟ, ਬੇਹੋਸ਼ੀ ਸਮੇਂ ਪੀੜਤਾਂ ਨੂੰ ਬਚਾਉਣ ਦੇ ਢੰਗ ਤਰੀਕੇ ਸਿਖਾਏ। ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ ਦੇ ਕੇ ਹੀ ਵਿਦਿਆਰਥੀਆਂ, ਅਧਿਆਪਕਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਇਆ ਜਾ ਸਕਦਾ ਹੈ।

## ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀਕਲਾ ਲਈ ਆਖੰਡ ਪਾਠ ਦੇ ਭੋਗ ਭਲਕੇ ਪਾਏ ਜਾਣਗੇ : ਬਾਬਾ ਟੇਕ ਸਿੰਘ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜੇਲ੍ਹਾਂ 'ਚ ਬੰਦ ਸਮੂਹ ਬੰਦੀ ਸਿੰਘਾਂ ਦੀ ਜਲਦ ਰਿਹਾਈ ਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਸਿੱਖ ਕੌਮ ਦੇ ਚੌਥੇ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 27 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਭੋਗ 29 ਅਗਸਤ ਨੂੰ ਪਾਏ ਜਾਣਗੇ।ਪ੍ਰੈੱਸ ਬਿਆਨ ਰਾਹੀਂ ਉਕਤ ਜਾਣਕਾਰੀ ਦਿੰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਸੰਗਤ ਨੂੰ ਵੀ ਵਿਸ਼ੇਸ਼ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀਕਲਾ ਵਾਸਤੇ ਕੇਵਲ ਤਖ਼ਤ ਸਾਹਿਬ ਵਿਖੇ ਹੀ ਨਹੀਂ, ਬਲਕਿ ਹਰ ਪਿੰਡ ਤੇ ਹਰ ਨਗਰ ਦੇ ਗੁਰਦੁਆਰਾ ਸਾਹਿਬਾਨ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਸਮੂਹਿਕ ਅਰਦਾਸ ਬੇਨਤੀ ਕੀਤੀ ਜਾਵੇ।ਸਿੰਘ ਸਾਹਿਬ ਨੇ ਆਖਿਆ ਕਿ ਸਿੱਖ ਦੀ ਅਰਦਾਸ ਵਿੱਚ ਅਥਾਹ ਸ਼ਕਤੀ ਹੈ।ਜਦੋਂ ਸਿੱਖ ਪੂਰੇ ਮਨ, ਸ਼ਰਧਾ ਤੇ ਨਿਮਰਤਾ ਨਾਲ ਇੱਕ-ਮਿੱਕ ਹੋ ਕੇ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹੈ, ਤਾਂ ਅਕਾਲ ਪੁਰਖ ਉਸ ਨੂੰ ਜ਼ਰੂਰ ਪ੍ਰਵਾਨ ਕਰਦੇ ਹਨ।ਜਥੇਦਾਰ ਬਾਬਾ ਟੇਕ ਸਿੰਘ ਨੇ 29 ਅਗਸਤ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਤੇ ਅਰਦਾਸ ਸਮਾਗਮ 'ਚ ਦੇਸ਼-ਵਿਦੇਸ਼ ਦੀਆਂ ਸਮੂਹ ਗੁਰੂ-ਨਾਮ ਲੇਵਾ ਸੰਗਤਾਂ ਨੂੰ ਵਧ-ਚੜ੍ਹ ਕੇ ਹਾਜ਼ਰੀਆਂ ਭਰਨ ਦਾ ਖੁੱਲ੍ਹਾ ਸੱਦਾ ਦਿੱਤਾ।

## ਸ਼ਹੀਦ ਭਗਤ ਸਿੰਘ ਸਟੇਟ 'ਵਰਸਿਟੀ ਵਿਖੇ ਵਿੱਤੀ ਸਾਖਰਤਾ ਸਿੱਖਿਆ ਪ੍ਰੋਗਰਾਮ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿੱਚ ਵਾਈਸ-ਚਾਂਸਲਰ ਪ੍ਰੋਫੈਸਰ ਸੁਰੇਸ਼ ਕੁਮਾਰ ਸ਼ਰਮਾ ਦੀ ਦੂਰਅੰਦੇਸ਼ੀ ਅਗਵਾਈ ਹੇਠ ਯੂਨੀਵਰਸਿਟੀ ਦੇ ਕਰੀਅਰ ਡਿਵੈਲਪਮੈਂਟ ਸੈੱਲ ਵੱਲੋਂ ਨੈਸ਼ਨਲ ਸੈਂਟਰ ਫਾਰ ਫਾਈਨੈਂਸ਼ੀਅਲ ਐਜੂਕੇਸ਼ਨ ਦੇ ਸਹਿਯੋਗ ਨਾਲ ਵਿੱਤੀ ਸਾਖਰਤਾ ਸਿੱਖਿਆ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਨਿੱਜੀ ਵਿੱਤੀ ਯੋਜਨਾਬੰਦੀ, ਅਨੁਸ਼ਾਸਿਤ ਨਿਵੇਸ਼, ਦੌਲਤ ਸਿਰਜਨ ਤੇ ਕਾਰਪੋਰੇਟ ਵਿੱਤੀ ਅਭਿਆਸਾਂ ਸਬੰਧੀ ਵਿਹਾਰਕ ਜਾਣਕਾਰੀ ਪ੍ਰਾਪਤ ਹੋਈ।ਮਾਹਿਰ ਸੈਸ਼ਨ ਕੰਪਨੀ ਸਕੱਤਰ ਤੇ ਸੇਬੀ ਸਮਾਰਟ ਟ੍ਰੇਨਰ ਸ੍ਰੀਮਤੀ ਯਸ਼ਿਕਾ ਅਗਰਵਾਲ ਵੱਲੋਂ ਕਰਵਾਇਆ ਗਿਆ।ਉਨ੍ਹਾਂ ਨੇ ਵਿਦਿਆਰਥੀਆਂ ਨਾਲ ਆਪਸੀ ਗੱਲਬਾਤ ਰਾਹੀਂ ਮੌਜੂਦਾ ਵਿੱਤੀ ਬਾਜ਼ਾਰ ਦੇ ਰੁਝਾਨਾਂ ਤੇ ਸਹੀ ਵਿੱਤੀ ਫ਼ੈਸਲੇ ਲੈਣ ਸਬੰਧੀ ਜਾਣਕਾਰੀ ਸਾਂਝੀ ਕੀਤੀ।ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲੈਂਦਿਆਂ ਵਿੱਤੀ ਪ੍ਰਬੰਧਨ ਸਬੰਧੀ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕੀਤੇ।ਯੂਨੀਵਰਸਿਟੀ ਬਿਜ਼ਨੈੱਸ ਸਕੂਲ ਦੇ ਮੁਖੀ ਪ੍ਰੋਫੈਸਰ ਰਮਿੰਦਰ ਪਾਲ ਸਿੰਘ ਤੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਉਦਯੋਗ-ਅਧਾਰਿਤ ਗਿਆਨ ਪ੍ਰਦਾਨ ਕਰਨ ਲਈ ਸੇਬੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ।ਕਾਰਜਕਾਰੀ ਰਜਿਸਟਰਾਰ ਪ੍ਰੋਫੈਸਰ ਅਰੁਣ ਕੁਮਾਰ ਅਸਾਤੀ ਨੇ ਕਿਹਾ ਕਿ ਵਿੱਤੀ ਸਾਖਰਤਾ ਅੱਜ ਦੇ ਸਮੇਂ ਵਿੱਚ ਜੀਵਨ ਦਾ ਬਹੁਤ ਮਹੱਤਵਪੂਰਨ ਹੁਨਰ ਹੈ, ਜੋ ਨੌਜਵਾਨਾਂ ਨੂੰ ਵਿੱਤੀ ਤੌਰ 'ਤੇ ਸੁਤੰਤਰ ਬਣਨ ਲਈ ਤਿਆਰ ਕਰਦਾ ਹੈ।ਪ੍ਰੋਗਰਾਮ ਦਾ ਸੁਚਾਰੂ ਸੰਚਾਲਨ 343 ਦੇ ਕੋਆਰਡੀਨੇਟਰ ਸ੍ਰੀ ਇੰਦਰਜੀਤ ਸਿੰਘ ਗਿੱਲ ਤੇ ਸਹਿ-ਕੋਆਰਡੀਨੇਟਰ ਡਾ. ਕਮਲ ਖੰਨਾ ਵੱਲੋਂ ਕੀਤਾ ਗਿਆ।

## ਡਿੰਗੀ ਵਾਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਾਬਾ ਮੋਨੀ ਜੀ ਕਾਲਜ ਦਾ ਟੂਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਮੰਡੀ (ਡਿੰਗੀ ਵਾਲਾ) ਵੱਲੋਂ ਵਿਦਿਆਰਥੀਆਂ ਲਈ ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ਼ ਨਰਸਿੰਗ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਇੱਕ ਗਿਆਨਵਰਧਕ ਐਜੂਕੇਸ਼ਨਲ ਟੂਰ ਕਰਵਾਇਆ ਗਿਆ। ਟੂਰ ਦੌਰਾਨ ਸਕੂਲ ਦੇ ਪ੍ਰਿੰਸੀਪਲ ਸੁਨੀਲ ਕੁਮਾਰ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਨਾਲ ਮੈਡਮ ਸੰਦੀਪ ਕੁਮਾਰੀ ਵੀ ਮੌਜੂਦ ਰਹੇ। ਕਾਲਜ ਪਹੁੰਚਣ 'ਤੇ ਮੈਡਮ ਨਵਦੀਪ ਕੌਰ ਵੱਲੋਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਕਾਲਜ ਦੀਆਂ ਵਿੱਦਿਅਕ ਗਤੀਵਿਧੀਆਂ, ਨਰਸਿੰਗ ਕੋਰਸਾਂ, ਦਾਖਲਾ ਪ੍ਰਕਿਰਿਆ, ਲਾਇਬ੍ਰੇਰੀ ਤੇ ਉਪਲਬਧ ਸਹੂਲਤਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਨਰਸਿੰਗ ਦੇ ਖੇਤਰ ਵਿੱਚ ਉੱਚ ਸਿੱਖਿਆ ਤੇ ਰੋਜ਼ਗਾਰ ਦੇ ਮੌਕਿਆਂ ਬਾਰੇ ਵੀ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਕਾਲਜ ਦੀਆਂ ਵੱਖ-ਵੱਖ ਨਰਸਿੰਗ ਕਲਾਸਾਂ ਤੇ ਹੋਰ ਵਿਭਾਗਾਂ ਦਾ ਦੌਰਾ ਕਰਕੇ ਵਿਹਾਰਕ ਜਾਣਕਾਰੀ ਪ੍ਰਾਪਤ ਕੀਤੀ ਤੇ ਕਾਲਜ ਦੀਆਂ ਸਹੂਲਤਾਂ ਤੇ ਨਰਸਿੰਗ ਸਿੱਖਿਆ ਪ੍ਰਤੀ ਵਿਸ਼ੇਸ਼ ਦਿਲਚਸਪੀ ਦਿਖਾਈ। ਪ੍ਰਿੰਸੀਪਲ ਸੁਨੀਲ ਕੁਮਾਰ ਨੇ ਕਿਹਾ ਕਿ ਅਜਿਹੇ ਵਿੱਦਿਅਕ ਦੌਰੇ ਵਿਦਿਆਰਥੀਆਂ ਨੂੰ ਕਲਾਸ ਰੂਮ ਸਿੱਖਿਆ ਦੇ ਨਾਲ-ਨਾਲ ਵਿਹਾਰਕ ਗਿਆਨ ਪ੍ਰਦਾਨ ਕਰਦੇ ਹਨ ਤੇ ਉਨ੍ਹਾਂ ਨੂੰ ਆਪਣੇ ਭਵਿੱਖ ਲਈ ਸਹੀ ਕਰੀਅਰ ਦੀ ਚੋਣ ਕਰਨ ਵਿੱਚ ਮਦਦਗਾਰ ਸਾਬਿਤ ਹੁੰਦੇ ਹਨ। ਸਮੁੱਚੇ ਤੌਰ 'ਤੇ ਇਹ ਐਜੂਕੇਸ਼ਨਲ ਟੂਰ ਵਿਦਿਆਰਥੀਆਂ ਲਈ ਗਿਆਨਵਰਧਕ, ਪ੍ਰੇਰਨਾਦਾਇਕ ਤੇ ਯਾਦਗਾਰ ਭਰਪੂਰ ਰਿਹਾ।

# ਪਟਵਾਰੀਆਂ ਤੇ ਕਾਨੂੰਨਗੋ ਦਾ ਧਰਨਾ ਛੇਵੇਂ ਦਿਨ ਵੀ ਜਾਰੀ, ਲੋਕ ਪ੍ਰੇਸ਼ਾਨ




**ਸਿਰਸਾ (ਜਗਤਾਰ ਸਮਾਲਸਰ)**-ਸਰਕਾਰ ਤੇ ਮਾਲ ਵਿਭਾਗ ਦੇ ਪੋਰਟਲ ਵਿੱਚ ਖਾਮੀਆਂ ਤੇ ਲੰਬਿਤ ਮੰਗਾਂ ਦੇ ਵਿਰੋਧ ਵਿੱਚ ਪਟਵਾਰੀ ਅਤੇ ਕਾਨੂੰਨਗੋ ਐਸੋਸੀਏਸ਼ਨ ਸਿਰਸਾ ਵੱਲੋਂ ਦਿੱਤਾ ਜਾ ਰਿਹਾ ਸੰਕੇਤਕ ਧਰਨਾ ਵੀਰਵਾਰ ਨੂੰ ਛੇਵੇਂ ਦਿਨ ਵੀ ਜਾਰੀ ਰਿਹਾ।ਸਾਰੇ ਪਟਵਾਰੀ ਤੇ ਕਾਨੂੰਗੋ ਮਿੰਨੀ ਸਕੱਤਰੇਤ ਗੇਟ ਦੇ ਬਾਹਰ ਪਾਰਕ ਵਿੱਚ ਹੜਤਾਲ ਤੇ ਬੈਠੇ ਹਨ, ਜਿਸ ਕਾਰਨ ਏਲਨਾਬਾਦ ਤਹਿਸੀਲ ਵਿੱਚ ਵੀ ਪਟਵਾਰੀਆਂ ਤੇ ਕਾਨੂੰਨਗੋਂ ਨਾਲ ਸਬੰਧਤ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।ਆਮ ਲੋਕ ਇੱਥੇ ਦਫਤਰਾਂ ਦੇ ਚੱਕਰ ਕੱਟ ਰਹੇ ਹਨ, ਪਰ ਕੋਈ ਕੰਮ ਨਾ ਹੋਣ ਕਾਰਨ ਨਿਰਾਸ਼ ਹੋ ਕੇ ਘਰਾਂ ਨੂੰ ਪਰਤ ਰਹੇ ਹਨ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਦਲਬੀਰ ਬਿਸ਼ੂ ਨੇ ਕਿਹਾ ਕਿ ਸਰਕਾਰ ਉਨ੍ਹਾਂ 'ਤੇ ਵਿਰੋਧ ਪ੍ਰਦਰਸ਼ਨ ਖਤਮ ਕਰਨ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਹ ਆਪਣੇ ਹੱਕਾਂ ਲਈ ਲੜਨਗੇ।ਉਨ੍ਹਾਂ ਦੱਸਿਆ ਕਿ 20 ਅਗਸਤ ਨੂੰ ਸੰਕੇਤਕ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਸੀ।ਇਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹਰ ਦੋ ਦਿਨਾਂ ਬਾਅਦ ਵਧਾਇਆ ਗਿਆ ਹੈ।ਵੀਰਵਾਰ ਨੂੰ ਵਿਰੋਧ ਪ੍ਰਦਰਸ਼ਨ ਦਾ ਛੇਵਾਂ ਦਿਨ ਸੀ।ਸਰਕਾਰ ਨੇ ਕਈ ਖਾਮੀਆਂ ਵਾਲਾ ਇੱਕ ਪੋਰਟਲ ਲਾਂਚ ਕੀਤਾ ਹੈ।ਇਸ ਨੂੰ 1 ਜੁਲਾਈ ਨੂੰ ਲਾਗੂ ਕੀਤਾ ਗਿਆ ਸੀ, ਜੋ ਪਟਵਾਰੀ ਤੇ ਕਾਨੂੰਨਗੋ ਦੀ ਸਮਝ ਤੋਂ ਬਾਹਰ ਹੈ।ਇਸ ਪੋਰਟਲ ਵਿੱਚ ਏਕੜ ਵਿੱਚ ਮਰਲੇ ਦਾ ਖੇਤਰਫਲ ਕਈ ਵਾਰ ਵਧਦਾ ਹੈ ਤੇ ਕਈ ਵਾਰ ਘਟਦਾ ਹੈ।ਕਈ ਵਾਰ ਜ਼ਮੀਨਦਾਤਾ ਦਾ ਖੇਤਰ ਸਾਈਟ ਤੋਂ ਗਾਇਬ ਹੋ ਜਾਂਦਾ ਹੈ ਤੇ ਕਈ ਵਾਰ ਖਰੀਦਦਾਰ ਦਾ ਖੇਤਰ ਐਪ 'ਤੇ ਦਿਖਾਈ ਨਹੀਂ ਦਿੰਦਾ। ਮਾਲ ਵਿਭਾਗ ਵਿੱਚ 22-23 ਕਿਸਮਾਂ ਦੇ ਇੰਤਕਾਲ ਹਨ, ਪਰ ਨਵੇਂ ਸਾਫਟਵੇਅਰ ਵਿੱਚ 6-7 ਕਿਸਮਾਂ ਦੇ ਇੰਤਕਾਲ ਦਰਜ ਨਹੀਂ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਮ੍ਹਾਬੰਦੀ ਤੇ ਇੰਤਕਾਲ ਲਈ ਜਾਰੀ ਪੋਰਟਲ ਦੀਆਂ ਤਕਨੀਕੀ ਖਾਮੀਆਂ ਦੂਰ ਕੀਤੀਆਂ ਜਾਣ, ਪੋਰਟਲ ਨੂੰ ਕਾਨੂੰਨੀ ਮਾਨਤਾ ਦੇਣ ਲਈ ਸੰਸ਼ੋਧਨ ਜ਼ਮੀਨ ਰਿਕਾਰਡ ਮੈਨੂਅਲ ਕੀਤਾ ਜਾਵੇ, ਡਿਜੀਟਲ ਕਰਾਪ ਸਰਵੇ ਦਾ ਕੰਮ ਹੋਰ ਸੂਬਿਆਂ ਵਾਂਗ ਪ੍ਰਾਈਵੇਟ ਏਜੰਸੀਆਂ ਤੋਂ ਕਰਵਾਇਆ ਜਾਵੇ, ਨਵਨਿਯੁਕਤ ਪਟਵਾਰੀਆਂ ਨਾਲ ਸਬੰਧਤ ਫਾਈਲ ਕੈਬਨਿਟ ਤੋਂ ਪਾਸ ਹੋ ਚੁੱਕੀ ਹੈ, ਇਸ ਦਾ ਨੋਟੀਫੀਕੇਸ਼ਨ ਤੇ ਬਕਾਇਆ ਤਨਖਾਹ ਦਾ ਏਰੀਅਰ ਜਲਦੀ ਜਾਰੀ ਕੀਤਾ ਜਾਵੇ, ਰੋਬਰ ਮਸ਼ੀਨ ਨਾਲ ਪੈਮਾਇਸ਼ ਲਈ ਸਾਰੇ ਕਾਨੂੰਨਗੋਂ ਨੂੰ ਟਰੇਨਿੰਗ ਦਿੱਤੀ ਜਾਵੇ, ਐਲਟੀਸੀ ਤੇ ਗਿਰਦਾਵਰੀ ਸਹਾਇਕ ਦੀ ਤਨਖਾਹ ਦੀ ਇੱਕੋ ਵਾਰ ਅਦਾਇਗੀ ਕੀਤੀ ਜਾਵੇ, ਪਟਵਾਰੀਆਂ ਦੀ ਤਰਜ 'ਤੇ ਕਾਨੂੰਨਗੋਂ ਨੂੰ ਮਿਲਣ ਵਾਲੇ ਇੰਕਰੀਮੈਂਟ ਦੀ ਫਾਈਲ ਨੂੰ ਮਨਜ਼ੂਰੀ ਦਿੱਤੀ ਜਾਵੇ, ਸਾਰੇ ਆਨ ਲਾਈਨ ਕੰਮਾਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਲਈ ਤਹਿਸੀਲਾਂ ਵਿੱਚ ਕੰਪਿਊਟਰ, ਪ੍ਰਿੰਟਰ ਤੇ ਸਕੈਨਰ ਮੁਹੱਈਆ ਕਰਵਾਏ ਜਾਣ ਆਦਿ ਮੰਗਾ ਨੂੰ ਲੈ ਕੇ ਉਹ ਧਰਨੇ 'ਤੇ ਹਨ, ਪਰ ਸਰਕਾਰ ਕੋਈ ਸੁਣਵਾਈ ਨਹੀਂ ਕਰ ਰਹੀ, ਜਿਸ ਕਾਰਨ ਆਮ ਲੋਕ ਵੀ ਪ੍ਰੇਸ਼ਾਨ ਹਨ।

## ਕਿਸਾਨ ਮਜ਼ਦੂਰ ਮੋਰਚੇ ਨੂੰ ਲੈ ਕੇ ਪਿੰਡਾਂ 'ਚ ਪੋਸਟਰ ਲਾਏ ਜਾਣਗੇ : ਲਖਵੀਰ ਦੌਧਰ

**ਅਜੀਤਵਾਲ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਵੱਲੋਂ ਪਿੰਡ ਦੌਧਰ ਵਿੱਚ ਇਕਾਈ ਪ੍ਰਧਾਨ ਸਤਨਾਮ ਸਿੰਘ ਸੁਖਜੀਤ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਲਖਵੀਰ ਸਿੰਘ (ਜੰਗ) ਦਾਉਧਰ ਨੇ ਕਿਹਾ ਕਿ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ ਅੱਜ ਤੋਂ ਪਿੰਡ ਪਿੰਡ ਵੱਡੇ ਪੋਸਟਰ ਲਗਾਏ ਜਾਣਗੇ।ਇਸ ਤੋਂ ਇਲਾਵਾ 31 ਅਗਸਤ ਨੂੰ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਵੱਡੇ ਇਕੱਠ ਕਰਕੇ ਪੰਜਾਬ ਸਰਕਾਰ ਨੂੰ ਕਿਸਾਨੀ ਮੰਗਾਂ ਨਾਲ ਸਬੰਧਤ ਮੰਗ ਪੱਤਰ ਡਿਪਟੀ ਕਮਿਸ਼ਨਰਾਂ ਰਾਹੀਂ ਭੇਜੇ ਜਾਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਆਉਣ ਵਾਲੀ 14 ਸਤੰਬਰ ਨੂੰ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਗੇਟ ਅੱਗੇ 5 ਦਿਨਾਂ ਦਾ ਟਰੈਕਟਰ ਟਰਾਲੀਆਂ ਸਮੇਤ ਪੱਕਾ ਮੋਰਚਾ ਲਾਇਆ ਜਾਵੇਗਾ।ਆਉਣ ਵਾਲੇ ਸਮੇਂ ਅੰਦਰ ਜੇਕਰ ਸਰਕਾਰ ਨੇ ਸੰਭੂ ਖਨੌਰੀ ਮੋਰਚੇ ਦੀ ਭਰਪਾਈ ਨਾ ਕੀਤੀ ਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।5 ਸਤੰਬਰ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਦੇ ਪਹਿਲੇ ਸ਼ਹੀਦ ਪ੍ਰੀਤਮ ਸਿੰਘ ਮੰਡੇਰ ਕਲਾਂ ਦੇ ਸ਼ਹੀਦੀ ਦਿਵਸ ਮੰਡੇਰ ਕਲਾਂ ਦੀ ਅਨਾਜ ਮੰਡੀ ਵਿੱਚ ਮਨਾਇਆ ਜਾਵੇਗਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੀਤ ਪ੍ਰਧਾਨ ਹਰਦੀਪ ਸਿੰਘ ਦੀਪ, ਕੇਵਲ ਸਿੰਘ, ਪਰਮਜੀਤ ਸਿੰਘ, ਗੁਰਮੀਤ ਸਿੰਘ, ਨੋਨੀ, ਬਲਜਿੰਦਰ ਸਿੰਘ ਨਿਰਮਲ ਸਿੰਘ, ਦਰਸ਼ਨ ਸਿੰਘ ਆਦਿ ਹਾਜ਼ਰ ਸਨ।

# 522 ਗ੍ਰਾਮ ਹੈਰੋਇਨ, ਪਿਸਟਲ ਤੇ ਮੋਟਰਸਾਈਕਲ ਸਮੇਤ ਨਸ਼ਾ ਤਸਕਰ ਗ੍ਰਿਫ਼ਤਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਤੇ ਡੀ.ਜੀ.ਪੀ. ਪੰਜਾਬ ਸ਼੍ਰੀ ਗੌਰਵ ਯਾਦਵ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਨੇ ਨਸ਼ਾ ਤਸਕਰੀ ਵਿਰੁੱਧ ਇੱਕ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਐੱਸ.ਐੱਸ.ਪੀ. ਫਰੀਦਕੋਟ ਸ਼੍ਰੀ ਗੁਰਬੰਸ ਸਿੰਘ ਬੈਂਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਟੀਮ ਨੇ ਕਾਰਵਾਈ ਕਰਦੇ ਹੋਏ ਇੱਕ ਨਸ਼ਾ ਤਸਕਰ ਨੂੰ 522 ਗ੍ਰਾਮ ਹੈਰੋਇਨ, ਇੱਕ 9 ਐੱਮ ਐੱਮ ਪਿਸਟਲ (2 ਜ਼ਿੰਦਾ ਰੌਂਦ) ਤੇ ਇੱਕ ਬਿਨਾਂ ਨੰਬਰ ਵਾਲੇ ਐੱਚ ਐੱਫ ਡੀਲਕਸ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਮੋਹਨਬੀਰ ਸਿੰਘ ਪੁੱਤਰ ਅਮਰਜੀਤ ਸਿੰਘ, ਵਾਸੀ ਪਿੰਡ ਰਾਜੋਕੇ (ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ) ਵਜੋਂ ਹੋਈ ਹੈ।ਜਾਣਕਾਰੀ ਮੁਤਾਬਿਕ 24 ਅਗਸਤ ਨੂੰ ਸੀ.ਆਈ.ਏ. ਸਟਾਫ਼ ਫਰੀਦਕੋਟ ਦੇ ਐੱਸ. ਆਈ. ਹਾਕਮ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਐੱਨ.ਐੱਚ.-54 'ਤੇ ਪਿੰਡ ਕਲੇਰ ਦੇ ਬੱਸ ਸਟਾਪ ਨੇੜੇ ਗਸ਼ਤ ਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ।ਇਸੇ ਦੌਰਾਨ ਬੱਸ ਸਟਾਪ ਕੋਲ ਮੋਟਰਸਾਈਕਲ 'ਤੇ ਬੈਠਾ ਇੱਕ ਵਿਅਕਤੀ ਪੁਲਸ ਨੂੰ ਦੇਖ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਟੀਮ ਨੇ ਮੌਕੇ 'ਤੇ ਹੀ ਦਬੋਚ ਲਿਆ।ਡੀ.ਐੱਸ.ਪੀ. ਅਵਤਾਰ ਸਿੰਘ ਦੀ ਹਾਜ਼ਰੀ ਵਿੱਚ ਕੀਤੀ ਗਈ ਤਲਾਸ਼ੀ ਦੌਰਾਨ ਦੋਸ਼ੀ ਕੋਲੋਂ 522 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਤੋਂ ਬਾਅਦ ਅਦਾਲਤ ਤੋਂ ਰਿਮਾਂਡ ਹਾਸਲ ਕਰਕੇ ਕੀਤੀ ਗਈ ਪੁੱਛਗਿੱਛ ਦੌਰਾਨ ਦੋਸ਼ੀ ਦੀ ਨਿਸ਼ਾਨਦੇਹੀ 'ਤੇ 01 ਪਿਸਟਲ 9 ਐੱਮ ਐੱਮ (ਜ਼ੁਗਾਨਾ) ਤੇ 02 ਜ਼ਿੰਦਾ ਰੌਂਦ ਵੀ ਬਰਾਮਦ ਕੀਤੇ ਗਏ।ਇਸ ਸਬੰਧੀ ਥਾਣਾ ਸਦਰ ਫਰੀਦਕੋਟ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।ਐੱਸ.ਐੱਸ.ਪੀ. ਗੁਰਬੰਸ ਸਿੰਘ ਬੈਂਸ ਨੇ ਦੱਸਿਆ ਕਿ ਪੁਲਸ ਟੀਮਾਂ ਵੱਲੋਂ ਮੁਲਜ਼ਮ ਦੇ ਬੈਕਵਰਡ ਤੇ ਫਾਰਵਰਡ ਲਿੰਕਸ (ਸਪਲਾਈ ਨੈੱਟਵਰਕ) ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਇਸ ਨਸ਼ਾ ਤਸਕਰੀ ਗਰੋਹ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕੇ।

# ਦੇਸ਼ ਭਗਤ ਗਲੋਬਲ ਸਕੂਲ 'ਚ ਰੱਖੜੀ ਬਣਾਉਣ ਦੇ ਮੁਕਾਬਲੇ ਕਰਵਾਏ

**ਧਾਗਿਆਂ 'ਚ ਗੁੰਦਿਆ ਪਿਆਰ, ਸਿਰਜਣਾਤਮਕਤਾ ਨਾਲ ਸਜਿਆ ਰੱਖੜੀ ਦਾ ਤਿਉਹਾਰ : ਪ੍ਰਿੰਸੀਪਲ ਜਿੰਦਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ /ਪੂਜਾ)**-ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ, ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ ਵਿਖੇ ਰੱਖੜੀ ਦੇ ਪਵਿੱਤਰ ਤਿਉਹਾਰ ਨੂੰ ਸਮਰਪਿਤ ਰੱਖੜੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਤੇ ਉਮੰਗ ਨਾਲ ਭਾਗ ਲੈਂਦਿਆਂ ਆਪਣੀ ਕਲਾ, ਰਚਨਾਤਮਕਤਾ ਤੇ ਕਲਪਨਾਸ਼ਕਤੀ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਜਮਾਤ ਤੀਜੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੌਕੇ ਇੰਟਰ ਹਾਊਸ ਬੋਰਡ ਸਜਾਵਟ ਮੁਕਾਬਲਾ ਵੀ ਕਰਵਾਇਆ ਗਿਆ।ਚਾਰਾਂ ਹਾਊਸਾਂ ਦੇ ਬੱਚਿਆਂ ਨੇ ਆਪਣੇ ਆਪਣੇ ਹਾਊਸ ਦੇ ਬੋਰਡਾਂ ਨੂੰ ਬਹੁਤ ਹੀ ਸੋਹਣੇ ਤਰੀਕੇ ਨਾਲ ਸਜਾਇਆ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਭਾਰਤੀ ਸੱਭਿਆਚਾਰ ਤੇ ਪ੍ਰੰਪਰਾਵਾਂ ਪ੍ਰਤੀ ਸਨਮਾਨ ਪੈਦਾ ਕਰਨਾ, ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ ਤੇ ਕਲਾ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮੌਕਾ ਪ੍ਰਦਾਨ ਕਰਨਾ ਸੀ।

ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਤੇ ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਨੇ ਇਸ ਸੁੰਦਰ ਉਪਰਾਲੇ ਲਈ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਤਿਉਹਾਰਾਂ ਨੂੰ ਸਿੱਖਿਆ ਨਾਲ ਜੋੜ ਕੇ ਮਨਾਉਣਾ ਬੱਚਿਆਂ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ, ਭਾਈਚਾਰਕ ਸਾਂਝ ਤੇ ਪਿਆਰ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ।

## ਪੰਜਾਬ ਨੈਸ਼ਨਲ ਬੈਂਕ punjab national bank

**CIVIL LINES (023500), JALANDHAR. PUNJAB 144001**

**ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ ਸਿਵਲ ਲਾਈਨਜ਼ (023500) ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| ਲੜੀ ਨੰ. | ਲਾਕਰ ਨੰ. | ਨਾਂਅ | ਬਰਾਂਚ |
|---|---|---|---|
| 1. | BD02608 | ਇੰਦਰਜੀਤ ਅਤੇ ਮਹਿੰਦਰਜੀਤ | 438 ਐੱਲ, ਮਾਡਲ ਟਾਊਨ, ਜਲੰਧਰ |
| 2. | BF02763 | ਅਸ਼ੋਕ ਕੁਮਾਰ ਅਤੇ ਰਾਜ ਸ਼ਰਮਾ | 303 ਐੱਲ, ਮਾਡਲ ਟਾਊਨ, ਜਲੰਧਰ |
| 3. | AD00269 | ਅਮਰ ਸਿੰਘ ਅਤੇ ਦਵਿੰਦਰ ਪਾਲ ਸਿੰਘ | ਈ ਐੱਸ 12, ਸਿਵਲ ਲਾਈਨਜ਼, ਜਲੰਧਰ |
| 4. | BF02828 | ਮਹੇਸ਼ ਚੰਦਰ ਸ਼ਰਮਾ, ਸੁਰਾਕਸ਼ਾ ਸ਼ਰਮਾ ਅਤੇ ਸੁਨੀਲ ਸ਼ਰਮਾ | ਮਕਾਨ ਨੰ. 65/3 ਬੀ, ਸੈਂਟਰਲ ਟਾਊਨ, ਜਲੰਧਰ |
| 5. | AE00323 | ਕਮਲੇਸ਼ ਭਨੋਟ ਅਤੇ ਦਵਿੰਦਰ ਭਨੋਟ | 191, ਨਿਊ ਦਿਓਲ ਨਗਰ, ਜਲੰਧਰ |
| 6. | AF00402 | ਤ੍ਰਿਪਤਾ ਕੁਮਾਰੀ ਅਤੇ ਸੁਨੀਤਾ ਜਗੋਤਾ | ਕੇ-12/2 ਪ੍ਰਤਾਪ ਨਗਰ, ਜਲੰਧਰ |
| 7. | AT01798 | ਪ੍ਰਤਾਪ ਕ੍ਰਿਸ਼ਨ ਨਈਅਰ ਅਤੇ ਅਨੂਪ ਨਈਅਰ | ਈ ਐੱਚ 219, ਨਹਿਰੂ ਗਾਰਡਨ, ਜਲੰਧਰ |
| 8. | BL03343 | ਦਵਿੰਦਰ ਪਾਲ ਅਤੇ ਨੈਂਸੀ | ਮਕਾਨ ਨੰ. ਈ ਪੀ-94, ਸੈਦਾਂ ਗੇਟ, ਜਲੰਧਰ |
| 9. | BF02813 | ਜਗਦੀਸ਼ ਸਿੰਘ ਅਤੇ ਦਲਜੀਤ ਕੌਰ | 146, ਲਾਜਪਤ ਨਗਰ, ਜਲੰਧਰ |
| 10. | AQ01603 | ਜੁਗਲ ਕਿਸ਼ੋਰ ਸੇਠ, ਕਮਲਾ ਸੇਠ ਅਤੇ ਰਾਜ ਰਾਣੀ | |
| 11. | AD00228 | ਗੁਰਜੇਸ਼ਵਰ ਪਾਲ ਸਿੰਘ ਚੀਮਾ | ਗਰੂਬੇ ਐੱਸ ਟੀ ਆਰ 6, ਆਰਮਸਟੇਡਟ ਜਰਮਨੀ |
| 12. | AH00570 | ਕਨਵਰ ਇੰਦਰ ਸਿੰਘ ਅਤੇ ਬਖਸ਼ੀਸ਼ ਕੌਰ ਬੇਦੀ | ਮਕਾਨ ਨੰ. 2, ਆਦਰਸ਼ ਨਗਰ, ਜਲੰਧਰ |
| ਹੇਠਾਂ ਦਰਸਾਈ ਸੂਚੀ 'ਚ ਲਾਕਰ ਧਾਰਕ ਓਰੀਐਂਟਲ ਬੈਂਕ ਆਫ ਕਾਮਰਸ ਨਾਲ ਸੰਬੰਧਤ ਹਨ | | | |
| 13. | AA1009M1 | ਦਰਬਾਰਾ ਸਿੰਘ | ਪਿੰਡ ਤੇ ਡਾਕ, ਮਿੱਠਾਪੁਰ, ਜਲੰਧਰ |
| 14. | HH621M1 | ਰਾਜ ਭੁਟਾਰਾ | ਮਕਾਨ ਨੰ. 78, ਹੁਕਮ ਚੰਦ ਕਾਲੋਨੀ, ਜਲੰਧਰ |
| 15. | BB124M1 | ਰਣਜੀਤ ਕੌਰ, ਲਵਲੀਨ ਚਾਹਲ ਅਤੇ ਮਨਜੀਤ ਕੌਰ | ਈ-ਐੱਚ 199, ਸਿਵਲ ਲਾਈਨਜ਼, ਜਲੰਧਰ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਓ ਬੀ ਸੀ ਇਕਰਾਰਨਾਮਾ ਕਲਾਜ਼ 14 ਅਨੁਸਾਰ ਲਾਕਰ ਇਕਰਾਰਨਾਮਾ ਕਲਾਜ਼ ਅਨੁਸਾਰ ਕਿਰਾਇਆ ਡੀਡ ਦੀ ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਤੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 28.08.2026 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

# 50 ਲੱਖ ਦੀ ਫਿਰੌਤੀ ਮੰਗਣ ਵਾਲਾ ਮੁੱਖ ਮਾਸਟਰਮਾਈਂਡ ਗ੍ਰਿਫ਼ਤਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਡੀ.ਜੀ.ਪੀ. ਪੰਜਾਬ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਫਰੀਦਕੋਟ ਪੁਲਸ ਨੇ 50 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਮੁੱਖ ਮਾਸਟਰਮਾਈਂਡ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ ਜ਼ੀਰੋ ਟਾਲਰੈਂਸ ਨੀਤੀ ਤਹਿਤ ਕਾਰਵਾਈ ਕਰਦਿਆਂ ਇਸ ਸਾਜ਼ਿਸ਼ ਵਿੱਚ ਸ਼ਾਮਲ ਦੋਸ਼ੀਆਂ ਦਾ ਪਰਦਾਫਾਸ਼ ਕੀਤਾ ਹੈ।ਐੱਸ.ਐੱਸ.ਪੀ. ਫਰੀਦਕੋਟ ਸ਼੍ਰੀ ਗੁਰਬੰਸ ਸਿੰਘ ਬੈਂਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁੱਖ ਦੋਸ਼ੀ ਦੀ ਪਛਾਣ ਜਸਨਦੀਪ ਸਿੰਘ ਉਰਫ਼ ਜੱਸਾ (ਵਾਸੀ ਜੱਲੇਆਣਾ, ਜ਼ਿਲ੍ਹਾ ਫਿਰੋਜ਼ਪੁਰ) ਵਜੋਂ ਹੋਈ ਹੈ, ਜਦਕਿ ਉਸ ਦੇ ਸਾਥੀ ਭਿੰਦਾ ਗਿੱਲ ਨੂੰ ਵੀ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ।ਪਿੰਡ ਔਲਖ (ਜ਼ਿਲ੍ਹਾ ਫਰੀਦਕੋਟ) ਦੇ ਰਹਿਣ ਵਾਲੇ ਰਮਨਦੀਪ ਸਿੰਘ (26), ਜੋ ਆਪਣੇ ਪਰਵਾਰ ਨਾਲ ਕਰਿਆਨਾ ਸਟੋਰ ਤੇ ਦੁੱਧ ਦੀ ਡੇਅਰੀ ਚਲਾਉਂਦਾ ਹੈ, ਨੇ ਪੁਲਸ ਨੂੰ ਬਿਆਨ ਦਿੱਤਾ ਸੀ ਕਿ 16 ਅਗਸਤ ਦੀ ਰਾਤ ਨੂੰ ਉਸ ਦੇ ਵਟਸਐਪ 'ਤੇ ਇੱਕ ਵਿਦੇਸ਼ੀ ਨੰਬਰ ਤੋਂ ਕਾਲ ਆਈ।ਕਾਲ ਕਰਨ ਵਾਲੇ ਨੇ ਹਿੰਦੀ ਵਿੱਚ ਗੱਲ ਕਰਦਿਆਂ ਪਰਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਤੇ 50 ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ।ਇਸ ਉਪਰੰਤ ਐੱਸ.ਪੀ. (ਇਨਵੈਸਟੀਗੇਸ਼ਨ) ਨਰਿੰਦਰ ਸਿੰਘ ਤੇ ਡੀ.ਐੱਸ.ਪੀ. (ਕੋਟਕਪੂਰਾ) ਸੰਜੀਵ ਕੁਮਾਰ ਦੀ ਅਗਵਾਈ ਹੇਠ ਗਠਿਤ ਪੁਲਸ ਟੀਮਾਂ ਨੇ ਤਕਨੀਕੀ ਤੇ ਹਿਊਮਨ ਇੰਟੈਲੀਜੈਂਸ ਦੀ ਮਦਦ ਨਾਲ ਦੋਸ਼ੀ ਨੂੰ ਕਾਬੂ ਕੀਤਾ। ਮੁੱਢਲੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਦੋਸ਼ੀ ਨੇ ਸਿਰਫ਼ ਪੈਸਿਆਂ ਦੇ ਲਾਲਚ ਵਿੱਚ ਆ ਕੇ ਇਹ ਫਿਰੌਤੀ ਮੰਗਣ ਦੀ ਸਾਜ਼ਿਸ਼ ਰਚੀ ਸੀ।ਥਾਣਾ ਸਦਰ ਕੋਟਕਪੂਰਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

## ਸਮਝੌਤਾ ਯੋਗ ਕੇਸਾਂ ਦੇ ਨਿਪਟਾਰੇ ਲਈ ਲੋਕ ਅੱਗੇ ਆਉਣ : ਅਸ਼ੀਸ਼ ਠਠਈ

**ਭਵਾਨੀਗੜ੍ਹ (ਰਾਜ ਖੁਰਮੀ)**-ਕਾਨੂੰਨੀ ਵਿਵਾਦਾਂ ਨੂੰ ਲੰਬੀ ਅਦਾਲਤੀ ਪ੍ਰਕਿਰਿਆ ਤੋਂ ਬਚਾਉਂਦਿਆਂ ਆਪਸੀ ਸਹਿਮਤੀ ਨਾਲ ਸੁਖਾਵੇਂ ਢੰਗ ਨਾਲ ਨਿਪਟਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵੱਲੋਂ 'ਮੀਡੀਏਸ਼ਨ ਫਾਰ ਦਿ ਨੇਸ਼ਨ 3.0' ਮੁਹਿੰਮ ਚਲਾਈ ਜਾ ਰਹੀ ਹੈ। ਮਾਨਯੋਗ ਮੀਡੀਏਸ਼ਨ ਤੇ ਕੰਸੀਲਿਏਸ਼ਨ ਕਮੇਟੀ, ਸੁਪਰੀਮ ਕੋਰਟ ਆਫ ਇੰਡੀਆ, ਨਵੀਂ ਦਿੱਲੀ ਦੇ ਨਿਰਦੇਸ਼ਾਂ ਤਹਿਤ ਇਹ ਮੁਹਿੰਮ 1 ਅਗਸਤ 2026 ਤੋਂ ਸ਼ੁਰੂ ਕੀਤੀ ਗਈ ਹੈ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੇ ਸਕੱਤਰ ਅਸ਼ੀਸ਼ ਠਠਈ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ. ਨੇ ਦੱਸਿਆ ਕਿ ਮੁਹਿੰਮ ਤਹਿਤ ਮਾਨਯੋਗ ਅਦਾਲਤਾਂ ਵਿੱਚ ਲੰਬਿਤ ਵੱਖ-ਵੱਖ ਸਮਝੌਤਾਯੋਗ ਕੇਸਾਂ ਦੀ ਪਛਾਣ ਕਰਕੇ ਸਬੰਧਤ ਧਿਰਾਂ ਦੀ ਆਪਸੀ ਸਹਿਮਤੀ ਨਾਲ ਵਿਵਾਦਾਂ ਦਾ ਨਿਪਟਾਰਾ ਕਰਵਾਉਣ ਲਈ ਕੇਸਾਂ ਨੂੰ ਮੀਡੀਏਸ਼ਨ ਅਤੇ ਕੰਸੀਲਿਏਸ਼ਨ ਸੈਂਟਰ, ਸੰਗਰੂਰ ਵਿਖੇ ਰੈਫਰ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਮੈਟਰੀਮੋਨੀਅਲ ਕੇਸ, ਚੈੱਕ ਬਾਊਂਸ ਮਾਮਲੇ, ਖਪਤਕਾਰ ਵਿਵਾਦ, ਸੇਵਾ ਸਬੰਧੀ ਮਾਮਲੇ, ਬੇਦਖਲੀ ਦੇ ਕੇਸ, ਲੇਬਰ ਐਕਟ ਨਾਲ ਸਬੰਧਤ ਮਾਮਲੇ, ਆਰਬੀਟ੍ਰੇਸ਼ਨ ਤੇ ਕੰਸੀਲਿਏਸ਼ਨ ਐਕਟ ਅਧੀਨ ਆਰਬੀਟ੍ਰੇਸ਼ਨ ਦੇ ਮਾਮਲੇ, ਐਕਸੀਡੈਂਟ ਕਲੇਮ ਕੇਸ ਤੇ ਕ੍ਰਿਮਿਨਲ ਕੰਪਾਊਂਡੇਬਲ ਕੇਸ ਸ਼ਾਮਲ ਹਨ।ਇਸ ਤੋਂ ਇਲਾਵਾ ਕਰਜ਼ਾ ਵਸੂਲੀ ਜਾਂ ਸਰਫੈਸੀ ਨਾਲ ਸਬੰਧਤ ਮਾਮਲੇ, ਵਪਾਰਕ ਵਿਵਾਦ, ਵੰਡ ਦੇ ਕੇਸ, ਲੈਂਡ ਐਕੁਆਇਜ਼ੇਸ਼ਨ ਨਾਲ ਸਬੰਧਤ ਮਾਮਲੇ ਤੇ ਹੋਰ ਢੁਕਵੇਂ ਸਿਵਲ ਮਾਮਲੇ ਵੀ ਮੀਡੀਏਸ਼ਨ ਰਾਹੀਂ ਨਿਪਟਾਰੇ ਲਈ ਵਿਚਾਰੇ ਜਾ ਸਕਦੇ ਹਨ। ਅਥਾਰਟੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਉਹ ਉਪਰੋਕਤ ਸ਼੍ਰੇਣੀਆਂ ਵਿੱਚ ਆਉਂਦੇ ਆਪਣੇ ਲੰਬਿਤ ਕੇਸ ਦਾ ਆਪਸੀ ਸਮਝੌਤੇ ਰਾਹੀਂ ਨਿਪਟਾਰਾ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਉਸ ਮਾਨਯੋਗ ਅਦਾਲਤ ਵਿੱਚ ਦਰਖਾਸਤ ਦੇ ਸਕਦੇ ਹਨ, ਜਿੱਥੇ ਉਨ੍ਹਾਂ ਦਾ ਕੇਸ ਚੱਲ ਰਿਹਾ ਹੈ।

ਕਾਨੂੰਨੀ ਸਹਾਇਤਾ ਲੈਣ ਜਾਂ 'ਮੀਡੀਏਸ਼ਨ ਫਾਰ ਦਿ ਨੇਸ਼ਨ 3.0' ਮੁਹਿੰਮ ਸਬੰਧੀ ਵਧੇਰੇ ਜਾਣਕਾਰੀ ਲਈ ਲੋਕ ਟੋਲ ਫ੍ਰੀ ਹੈਲਪਲਾਈਨ ਨੰਬਰ 15100 'ਤੇ ਸੰਪਰਕ ਕਰ ਸਕਦੇ ਹਨ।ਇਸ ਤੋਂ ਇਲਾਵਾ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਮਝੌਤਾ ਸਦਨ, ਸੰਗਰੂਰ ਨਾਲ ਵੀ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

## ਉੱਤਰ ਰੇਲਵੇ

**ਨਿਵਿਦਾ ਸੂਚਨਾ**

ਉਪ ਮੁਖ ਇੰਜੀਨੀਅਰ/ਨਿਰਮਾਣ/ਡਬਲਿੰਗ ਉਤਰ ਰੇਲਵੇ, ਜੰਮੂ ਤਵੀ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਇਕ ਪੈਕੇਟ ਸਿਸਟਮ ਦੇ ਤਹਿਤ ਖੁਲ੍ਹੇ ਈ-ਨਿਵਿਦਾ ਦੀ ਮੰਗ ਕਰਦੇ ਹਨ:

| | |
|---|---|
| ਕੰਮ ਦਾ ਨਾਮ ਅਤੇ ਸਥਾਨ | SSE/W/JAT ਦੇ ਅਧਿਕਾਰ ਖੇਤਰ ਵਿਚ ਜੰਮੂ ਰੇਲਵੇ ਸਟੇਸ਼ਨ ਦੇ ਦੂਜੇ ਐਂਟਰੀ ਗੇਟ ਦੀ ਸੜਕ ਅਤੇ ਡ੍ਰੇਨੇਜ ਸਿਸਟਮ ਦਾ ਅਪਗ੍ਰੇਡੇਸ਼ਨ |
| ਲਗਭਗ ਕੰਮ ਦੀ ਲਾਗਤ | ₹4,60,09,052.84 |
| ਅਗਾਊਂ ਧਨ ਜਮ੍ਹਾ ਕਰਨ ਦੇ ਲਈ ਘਟ ਤੋਂ ਘਟ ਧਨ | ₹9,20,200/- |
| ਕੰਮ ਸਮਾਪਤੀ ਦਾ ਸਮਾਂ | 6 (ਛੇ) ਮਹੀਨੇ। |
| ਈ ਨਿਵਿਦਾ ਜਮ੍ਹਾ ਕਰਨ ਅਤੇ ਨਿਵਿਦਾ ਨਿਵਿਦਾਵਾਂ ਖੋਹਲਣ ਦੇ ਲਈ ਮਿਤੀ ਅਤੇ ਸਮਾਂ। | ਆਈਆਰਈਪੀਐਸ ਵੈਬਸਾਈਟ ਯਾਨੀ www.ireps.gov.in 'ਤੇ 21.09.2026 ਦੀ ਮਿਤੀ ਨੂੰ 15.00 ਵਜੇ ਤਕ ਨਿਵਿਦਾਵਾਂ ਅਪਲੋਡ ਕੀਤੀ ਜਾ ਸਕਦੀ ਹੈ। ਬੋਲੀ ਦਾਤਾ ਈ-ਨਿਵਿਦਾ ਵਿਚ ਭਾਗ ਲੈ ਸਕਦੇ ਹਨ, ਜਿਸ ਵਿਚ ਤਕਨੀਕੀ ਸਹਵਾਣਜਿਕ ਬੋਲੀਆਂ 21.09.2026 ਨੂੰ 15:00 ਵਜੇ ਖੋਹਲੇ ਜਾਣਗੇ। |
| ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵੇਜ | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬਸਾਈਟ i.e. www.nr.indianrailways.gov.in 'ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in'ਤੇ ਉਪਲਬਧ ਹੈ। ਉਪਰ ਨਿਵਿਦਾ ਦਸਤਾਵੇਜ 07.09.2026 ਤੋਂ 21.09.2026 ਤਕ ਆਈਆਰਈਪੀਐਸ ਵੈਬਸਾਈਟ ਯਾਨੀ www.ireps.gov.in 'ਤੇ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾਵਾਂ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵਿਸਤ੍ਰਿਤ ਨਿਵਿਦਾ ਸੂਚਨਾ ਵੀ ਦੇਖੀ ਜਾ ਸਕਦੀ ਹੈ। |

ਨਿਵਿਦਾ ਸੂਚਨਾ ਕ੍ਰਮਾਂਕ : 3-WDYCECDJAT-26-27 ਤਾਰੀਕ 27.08.2026 2975/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## CFM ASSET RECONSTRUCTION PRIVATE LIMITED

thoughtful regeneration

CIN: U67100GJ2015PTC083994

Address: 1st Floor, Wakefield House, Sprott Road, Ballard Estate, Mumbai 400038

**ਕਬਜ਼ਾ ਨੋਟਿਸ [ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(1) ਤਹਿਤ ]**

ਜਦੋਂ ਕਿ ਨਿਮਨਹਸਤਾਖਰੀ ਨੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਿਡ (ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ 'ਚ ਕਾਰਜਸ਼ੀਲ) ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (ਸਰਫੇਸੀ ਐਕਟ 2002) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12), ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਨੋਟਿਸ 'ਚ ਦਰਸਾਈ ਰਕਮ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਇਸ ਤੋਂ ਇਲਾਵਾ ਸਰਫੇਸੀ ਐਕਟ 2002 ਦੇ ਸੈਕਸ਼ਨ 5 ਦੀਆਂ ਵਿਵਸਥਾਵਾਂ ਅਧੀਨ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਿਟਿਡ ਅਤੇ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਿਟਿਡ ਦਰਮਿਆਨ ਮਿਤੀ 30.09.2025 ਨੂੰ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਿਡ ਦੇ ਪੱਖ 'ਚ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਿਟਿਡ ਨੇ ਉਕਤ ਕਰਜ਼ਾ ਖਾਤੇ 'ਚ ਆਪ ਦੇ ਸਾਰੇ ਅਧਿਕਾਰਾਂ, ਸਿਰਲੇਖ ਅਤੇ ਹਿੱਤ, ਸਮੁੱਚੀ ਬਕਾਇਆ ਕਰਜ਼ ਰਕਮ ਸਕਿਉਰਟੀਜ਼ ਸਹਿਤ ਸੌਂਪ ਦਿੱਤੇ ਹਨ। ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਜਾਇਦਾਦ ਦਾ ਉਕਤ ਦਰਸਾਏ ਰੂਲਜ਼ ਦੇ ਰੂਲ 8(1) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13(4) ਅਧੀਨ ਉਪਰੋਕਤ ਦਰਸਾਈ ਜਾਇਦਾਦ ਦਾ "ਕਬਜ਼ੇ ਦੀ ਮਿਤੀ ਕਾਲਮ" ਤਹਿਤ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਬੈਂਕ ਦੁਆਰਾ ਲਏ ਗਏ ਗਿਰਵੀ ਜਾਇਦਾਦ ਦੇ ਕਬਜ਼ੇ ਦੇ ਨਾਲ-ਨਾਲ ਧਿਰਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

| ਕਰਜ਼ਦਾਰ/ਡਾਇਰੈਕਟਰ/ਰਹਿਣਕਾਰ/ਗਰੰਟਰਾਂ ਦਾ ਨਾਂਅ ਅਤੇ ਪਤਾ/ਕਰਜ਼ਾ ਖਾਤਾ ਨੰ. | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਮੁਤਾਬਕ ਬਕਾਇਆ ਰਕਮ | ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦਾ ਵੇਰਵਾ |
|---|---|---|---|
| ਰਿੰਪੀ (ਕਰਜ਼ਦਾਰ) ਐੱਲ ਏ ਪੀ-ਜੇ ਡੀ ਐੱਚ-1105 1. ਸੁਖਦੇਵ, 2. ਗਿਆਨ ਚੰਦ (ਸਹਿ-ਕਰਜ਼ਦਾਰ) | 18 ਫਰਵਰੀ 2026 / 25 ਅਗਸਤ 2026 | 31 ਦਸੰਬਰ-2025 ਨੂੰ ਰੁਪਏ 2,69,633/- (ਰੁਪਏ ਦੋ ਲੱਖ ਉਣੱਤਰ ਹਜ਼ਾਰ ਛੇ ਸੌ ਤੇਤੀ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਸੈਦਪੁਰ ਝਿੜੀ, ਸਿੰਘ ਸਭਾ ਗੁਰਦੁਆਰਾ ਨੇੜੇ, ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਹੱਦਾਂ : ਉੱਤਰ : ਸੜਕ ਚੌੜੀ 5 ਫੁੱਟ, 27 ਫੁੱਟ, ਦੱਖਣ : ਖਾਲੀ ਮਕਾਨ 27 ਫੁੱਟ, ਪੂਰਬ : ਅਸ਼ੋਕ ਦਾ ਬਣਿਆ ਹੋਇਆ ਮਕਾਨ, 27 ਫੁੱਟ, ਪੱਛਮ : ਰਾਮ ਦਾ ਬਣਿਆ ਹੋਇਆ ਮਕਾਨ, 27 ਫੁੱਟ |
| ਗੁਰਸੇਵਕ ਸਿੰਘ (ਕਰਜ਼ਦਾਰ) ਐੱਮ ਐਸ ਐੱਮ ਈ-99 ਖਰੜ 1. ਜਸਵੀਰ ਕੌਰ, 2. ਪਲਵਿੰਦਰ ਸਿੰਘ (ਸਹਿ-ਕਰਜ਼ਦਾਰ) ਦੀਪਕ (ਗਰੰਟਰ) | 15 ਦਸੰਬਰ 2025 / 24 ਅਗਸਤ 2026 | 31-ਅਕਤੂਬਰ-2025 ਨੂੰ ਰੁਪਏ 13,33,505.98/- (ਰੁਪਏ ਤੇਰ੍ਹਾਂ ਲੱਖ ਤੇਤੀ ਹਜ਼ਾਰ ਪੰਜ ਸੌ ਪੰਜ ਅਤੇ ਅਠਾਨਵੇਂ ਪੈਸੇ ਕੇਵਲ) | ਗਿਰਵੀ ਜਾਇਦਾਦ/ਲਿਅਨ ਜਾਇਦਾਦ ਨਾਲ ਸੰਬੰਧਤ ਸਭ ਕੁਝ 1 ਕਨਾਲ, ਹੱਦਬਸਤ ਨੰਬਰ 353, ਖਸਰਾ ਨੰਬਰ 7 ਆਰ 24 (8-0), 7 (8-0), 8/1 (6-0), 9 ਆਰ 2/2 (4-13), 3/2 (1-15) ਆਦਿ, ਖਤੌਨੀ ਨੰਬਰ 87-94, ਖੱਤਾ ਨੰਬਰ 56, ਜਮ੍ਹਾਂਬੰਦੀ ਸਾਲ 2018-2019, ਪਿੰਡ ਵਡਾਲਾ ਗ੍ਰੰਥੀਆਂ, ਤਹਿਸੀਲ ਗੁਰਦਾਸਪੁਰ, ਪੰਜਾਬ। ਹੱਦਾਂ: ਉੱਤਰ : 13 ਫੁੱਟ ਚੌੜੀ ਗਲੀ, ਦੱਖਣ : ਮਾਲਕ ਦੀ ਜਾਇਦਾਦ, ਪੂਰਬ: ਮਾਲਕ ਦੀ ਜਾਇਦਾਦ, ਪੱਛਮ: ਸੜਕ। |
| ਹਰਪ੍ਰੀਤ ਸਿੰਘ (ਕਰਜ਼ਦਾਰ) ਐੱਲ ਏ ਪੀ-ਮੋਗਾ-106 1. ਮਮਤਾ ਕੁਮਾਰੀ, 2. ਗੁਰਦੇਵ ਰਾਮ (ਸਹਿ-ਕਰਜ਼ਦਾਰ), ਸੁਮਨਜੀਤ ਸਿੰਘ (ਗਰੰਟਰ) | 20 ਮਾਰਚ 2026 / 25 ਅਗਸਤ 2026 | 28-ਫਰਵਰੀ-2026 ਨੂੰ ਰੁਪਏ 4,79,096/- (ਚਾਰ ਲੱਖ ਉਣਾਸੀ ਹਜ਼ਾਰ ਛਿਆਨਵੇਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ/ਖਤੌਨੀ ਨੰਬਰ 93/106, ਖਸਰਾ ਨੰਬਰ 161/22-9, ਜਮ੍ਹਾਂਬੰਦੀ ਸਾਲ 1981-82 ਅਨੁਸਾਰ ਵਾਕਿਆ ਰਕਬਾ ਪਿੰਡ ਕੰਨੀਆਂ ਕਲਾਂ, ਨੇੜੇ ਵਾਲਮੀਕੀ ਮੰਦਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144703, ਹੱਦਾਂ : ਉੱਤਰ : ਹੋਰ ਦੀ ਜ਼ਮੀਨ, ਦੱਖਣ : ਕ੍ਰਿਸ਼ਨਾ ਦਾ ਪਲਾਟ, ਪੂਰਬ : ਸੜਕ ਪੱਛਮ : ਖੇਤੀਬਾੜੀ ਵਾਲੀ ਜ਼ਮੀਨ। |
| ਸਤਬੀਰ ਸਿੰਘ (ਕਰਜ਼ਦਾਰ) ਐੱਲ ਏ ਪੀ-ਮੋਗਾ-260 1.ਕੇਵਲ ਸਿੰਘ, 2. ਅਮਰਜੀਤ ਕੌਰ (ਸਹਿ-ਕਰਜ਼ਦਾਰ), ਸੁਖਵਿੰਦਰ ਸਿੰਘ (ਗਰੰਟਰ) | 20 ਮਾਰਚ 2026 / 25 ਅਗਸਤ 2026 | 28-ਫਰਵਰੀ-2026 ਨੂੰ ਰੁਪਏ 6,48,804/- (ਛੇ ਲੱਖ ਅਠਤਾਲੀ ਹਜ਼ਾਰ ਅੱਠ ਸੌ ਚਾਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ ਨੰਬਰ 12, ਖਤੌਨੀ ਨੰਬਰ 12, ਖਸਰਾ ਨੰਬਰ 154//2/3 (0-12), 8/2/1 (0-17), 9/1 (5-7), 11/2 (5-11), 20/1 (3-7), 20/2 (3-8) ਵਾਕਿਆ, ਪਿੰਡ, ਗੁਰੂ ਤੇਗ ਬਹਾਦਰ ਕਲੋਨੀ, ਡਾਕਖਾਨਾ ਮਹਿਤਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144041, ਹੱਦਾਂ : ਉੱਤਰ :ਸਚਿਨ ਅਸਥਾਨਾ ਪੁੱਤਰ ਕ੍ਰਿਸ਼ਨ ਕੁਮਾਰ ਦੀ ਜਾਇਦਾਦ, 52 ਫੁੱਟ, ਦੱਖਣ : ਗੁਰਦੀਪ ਸਿੰਘ ਦੀ ਜਾਇਦਾਦ, 52 ਫੁੱਟ, ਪੂਰਬ : ਰਸਤਾ, 43 ਫੁੱਟ 3 ਇੰਚ, ਪੱਛਮ: ਮਾਲਕ, 43 ਫੁੱਟ 3 ਇੰਚ। |
| ਆਕਾਸ਼ (ਕਰਜ਼ਦਾਰ) ਐੱਲ ਏ ਪੀ-ਮੋਗਾ-104 1.ਹਰਜਿੰਦਰ ਕੌਰ, 2. ਨੰਦ ਲਾਲ (ਸਹਿ-ਕਰਜ਼ਦਾਰ), ਸੰਦੀਪ ਸਿੰਘ (ਗਰੰਟਰ) | 20 ਮਾਰਚ 2026 / 25 ਅਗਸਤ 2026 | 31-ਜਨਵਰੀ-2026 ਨੂੰ ਰੁਪਏ 5,68,778/- (ਰੁਪਏ ਪੰਜ ਲੱਖ ਅਠਾਹਠ ਹਜ਼ਾਰ ਸੱਤ ਸੌ ਅਠੱਤਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ/ਖਤੌਨੀ ਨੰਬਰ 339/380, ਖਸਰਾ ਨੰਬਰ 28/6/1 (1-4), ਪਿੰਡ ਅਤੇ ਡਾਕਖਾਨਾ ਚੱਕ ਚੇਲਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144701, ਹੱਦਾਂ : ਉੱਤਰ : ਜਸਵੀਰ ਸਿੰਘ ਦੀ ਜਾਇਦਾਦ, ਦੱਖਣ : ਗਲੀ, ਪੂਰਬ : ਗਲੀ, ਪੱਛਮ : ਜਸਵੀਰ ਕੌਰ ਦੀ ਜਾਇਦਾਦ। |
| ਨਿਰਮਲ ਸਿੰਘ (ਕਰਜ਼ਦਾਰ) ਐੱਲ ਏ ਪੀ-ਜੇ ਡੀ ਐੱਚ-692 1.ਪਰਮਜੀਤ ਕੌਰ (ਸਹਿ-ਕਰਜ਼ਦਾਰ) ਮਨਜੀਤ ਸਿੰਘ (ਗਰੰਟਰ) | 26 ਮਾਰਚ 2026 / 25 ਅਗਸਤ 2026 | 28 ਫਰਵਰੀ-2026 ਨੂੰ ਰੁਪਏ 5,69,588/- (ਰੁਪਏ ਪੰਜ ਲੱਖ ਉਣੱਤਰ ਹਜ਼ਾਰ ਪੰਜ ਸੌ ਅਠਾਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖਸਰਾ ਨੰਬਰ 4//21/2 (6-8), ਖੇਵਟ/ਖਤੌਨੀ ਨੰਬਰ 17/17, ਹੱਦਬਸਤ ਨੰਬਰ 249, ਵਾਕਿਆ ਰਕਬਾ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਹੱਦਾਂ : ਉੱਤਰ : ਨਿਰਮਲ ਸਿੰਘ ਅਤੇ ਮੱਖਣ ਸਿੰਘ ਦੀ ਖੇਤੀਬਾੜੀ ਵਾਲੀ ਜ਼ਮੀਨ, ਦੱਖਣ : ਸੜਕ, ਪੂਰਬ : ਸੜਕ, ਪੱਛਮ : ਨਿਰਮਲ ਸਿੰਘ ਦੀ ਖੇਤੀਬਾੜੀ ਵਾਲੀ ਜ਼ਮੀਨ। |
| ਬਲਵਿੰਦਰ ਰਾਮ (ਕਰਜ਼ਦਾਰ) ਐੱਲ ਏ ਪੀ-ਜੇ ਡੀ ਐੱਚ-804 1. ਕੁਲਵਿੰਦਰ ਕੌਰ, 2. ਰਾਮ ਚੰਦ (ਸਹਿ-ਕਰਜ਼ਦਾਰ), ਜਸਵੀਰ (ਗਰੰਟਰ) | 26 ਮਾਰਚ 2026 / 25 ਅਗਸਤ 2026 | 28-ਫਰਵਰੀ-2026 ਨੂੰ ਰੁਪਏ 4,31,664/- (ਚਾਰ ਲੱਖ ਇਕੱਤੀ ਹਜ਼ਾਰ ਛੇ ਸੌ ਚੌਂਹਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ/ਖਤੌਨੀ ਨੰਬਰ 47/52, ਕਿੱਲਾ ਨੰਬਰ 20//3 (0-17), ਖੇਵਟ/ਖਤੌਨੀ ਨੰਬਰ 49/54, ਕਿੱਲਾ ਨੰਬਰ 139/1 (0-9), ਖੇਵਟ/ਖਤੌਨੀ ਨੰਬਰ 50/55, ਕਿੱਲਾ ਨੰਬਰ 84/2 (0-2), 91/2 (0-4), ਖੇਵਟ/ਖਤੌਨੀ ਨੰਬਰ 51/56, ਕਿੱਲਾ ਨੰਬਰ 79 (0-8), ਪਿੰਡ ਨਿਹਾਲੂਵਾਲ, ਨੇੜੇ ਵਾਲਮੀਕੀ ਮੰਦਰ, ਜ਼ਿਲ੍ਹਾ ਜਲੰਧਰ-144701। ਹੱਦਾਂ : ਉੱਤਰ : ਗਲੀ, ਦੱਖਣ : ਗਲੀ, ਪੂਰਬ : ਤੌੜ ਲੈਂਹਬਰ ਦੀ ਜਾਇਦਾਦ, ਪੱਛਮ : ਜਸਵਿੰਦਰ ਸਿੰਘ ਦੀ ਜਾਇਦਾਦ। |
| ਵਿਜੇ ਕੁਮਾਰ (ਕਰਜ਼ਦਾਰ) ਐੱਲ ਏ ਪੀ-ਐੱਲ ਡੀ ਐੱਚ-279 1. ਸ਼ੀਲਾ (ਸਹਿ-ਕਰਜ਼ਦਾਰ) | 23 ਅਪ੍ਰੈਲ 2026 / 24 ਅਗਸਤ 2026 | 28-ਫਰਵਰੀ-2026 ਨੂੰ ਰੁਪਏ 8,32,877/- (ਰੁਪਏ ਅੱਠ ਲੱਖ ਬੱਤੀ ਹਜ਼ਾਰ ਅੱਠ ਸੌ ਸਤੱਤਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੱਤਾ ਨੰਬਰ 457/473, ਖਸਰਾ ਨੰਬਰ 51//21/1 (7-14), 22/1 (2-0), ਕਿੱਤੇ 2, ਰਕਬਾ 9 ਕਨਾਲ 14 ਮਰਲੇ 'ਚੋਂ 9/245 ਹਿੱਸਾ, ਬਕਦਰ 0 ਕਨਾਲ 00.72/100 ਮਰਲਾ (21.78 ਵਰਗ ਗਜ਼), ਦੁਕਾਨ ਨੰਬਰ 10, ਨੇੜੇ ਐਚ ਪੀ ਪੈਟਰੋਲ ਪੰਪ, ਪਿੰਡ ਪੋਹੀੜ, ਹੱਦਬਸਤ ਨੰਬਰ 338, ਤਹਿਸੀਲ ਲੁਧਿਆਣਾ। ਹੱਦਾਂ : ਉੱਤਰ : ਸੜਕ, 10 ਫੁੱਟ, ਦੱਖਣ : ਖਾਲੀ ਪਲਾਟ, 10 ਫੁੱਟ, ਪੂਰਬ : ਖਾਲੀ ਪਲਾਟ, 20 ਫੁੱਟ, ਪੱਛਮ : ਖਾਲੀ ਪਲਾਟ, 20 ਫੁੱਟ। |
| ਮੋਹਨ ਕੁਮਾਰ (ਕਰਜ਼ਦਾਰ) ਐੱਲ ਏ ਪੀ-ਐੱਲ ਡੀ ਐੱਚ-338 1. ਮੋਤੀ ਰਾਣੀ, 2. ਅਭਿਸ਼ੇਕ ਕੁਮਾਰ (ਸਹਿ-ਕਰਜ਼ਦਾਰ), ਰਾਹੁਲ ਸਿੰਘ (ਗਰੰਟਰ) | 23 ਅਪ੍ਰੈਲ 2026 / 25 ਅਗਸਤ 2026 | 28-ਫਰਵਰੀ-2026 ਨੂੰ ਰੁਪਏ 2,95,700/- (ਰੁਪਏ ਦੋ ਲੱਖ ਪਚਾਨਵੇਂ ਹਜ਼ਾਰ ਸੱਤ ਸੌ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਪਲਾਟ ਨੰਬਰ 67, ਖਸਰਾ ਨੰਬਰ 21//12/2, 13, 18, 19/1, ਖੱਤਾ ਨੰਬਰ 79/79, ਖਾਲੀ ਪਲਾਟ, ਧਾਂਦਰਾ ਐਨਕਲੇਵ ਵਿਖੇ ਸਥਿਤ, ਜਮ੍ਹਾਂਬੰਦੀ ਸਾਲ 2007-2008, ਹੱਦਬਸਤ ਨੰਬਰ 273, ਵਾਕਿਆ ਰਕਬਾ ਪਿੰਡ ਮਹਿਮੂਦਪੁਰਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ।ਹੱਦਾਂ : ਉੱਤਰ : ਪਲਾਟ ਨੰਬਰ 68,(41 ਫੁੱਟ), ਦੱਖਣ : ਪਲਾਟ ਨੰਬਰ 66 (41 ਫੁੱਟ), ਪੂਰਬ: ਗੁਆਂਢੀ ਦੀ ਜਾਇਦਾਦ (22 ਫੁੱਟ), ਪੱਛਮ : 20 ਫੁੱਟ ਚੌੜੀ ਸੜਕ (22 ਫੁੱਟ)। |
| ਜਲੰਧਰ ਮੋਰੀਆ (ਕਰਜ਼ਦਾਰ) ਐੱਲ ਏ ਪੀ-ਐੱਲ ਡੀ ਐੱਚ-414 1. ਕੁਸਮ (ਸਹਿ-ਕਰਜ਼ਦਾਰ) | 23 ਅਪ੍ਰੈਲ 2026 / 24 ਅਗਸਤ 2026 | 28-ਫਰਵਰੀ-2026 ਨੂੰ ਰੁਪਏ 4,41,744/- (ਰੁਪਏ ਚਾਰ ਲੱਖ ਇਕਤਾਲੀ ਹਜ਼ਾਰ ਸੱਤ ਸੌ ਚੁਤਾਲੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖਸਰਾ ਨੰਬਰ 22/23, ਖੇਵਟ ਨੰਬਰ 24, ਖਤੌਨੀ ਨੰਬਰ 28, ਪਿੰਡ ਚੱਪੜ, ਕਬੀਰ ਆਸ਼ਰਮ ਦੇ ਨੇੜੇ, ਹੱਦਬਸਤ ਨੰਬਰ 340, ਅਬਾਦ ਚੱਪੜ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141204, ਹੱਦਾਂ : ਉੱਤਰ : ਪਲਾਟ, 11 ਫੁੱਟ 9 ਇੰਚ, ਦੱਖਣ : ਗਲੀ, 11 ਫੁੱਟ 09 ਇੰਚ, ਪੂਰਬ : ਲੋਹਾਰੀ, 42 ਫੁੱਟ 02 ਇੰਚ, ਪੱਛਮ: ਪਲਾਟ, 42 ਫੁੱਟ 02 ਇੰਚ। |
| ਪਰਮਿੰਦਰ ਸਿੰਘ (ਕਰਜ਼ਦਾਰ) ਐੱਲ ਏ ਪੀ-733-ਐੱਲ ਡੀ ਐੱਚ 1. ਸੁਰਿੰਦਰ ਸਿੰਘ, 2. ਰਮਨਜੀਤ ਕੌਰ (ਸਹਿ-ਕਰਜ਼ਦਾਰ), ਰਵਿੰਦਰ ਸਿੰਘ ਸਿਆਣ (ਗਰੰਟਰ) | 23 ਅਪ੍ਰੈਲ 2026 / 25 ਅਗਸਤ 2026 | 28 ਫਰਵਰੀ-2026 ਨੂੰ ਰੁਪਏ 17,43,659/- (ਰੁਪਏ ਸਤਾਰ੍ਹਾਂ ਲੱਖ ਤਰਤਾਲੀ ਹਜ਼ਾਰ ਛੇ ਸੌ ਉਣਾਹਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਪਿੰਡ ਗਿੱਲ ਨੰਬਰ 01, ਹਾਊਸ ਨੰਬਰ ਬੀ-21-3372/614/4, ਗਿੱਲ ਨੰਬਰ 1, ਨਿਊ ਜਨਤਾ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141003, ਹੱਦਾਂ : ਉੱਤਰ: ਦਰਸ਼ਨ ਕੌਰ ਦੀ ਜਾਇਦਾਦ/16 ਫੁੱਟ 4 ਇੰਚ, ਦੱਖਣ : 20 ਫੁੱਟ ਚੌੜੀ ਗਲੀ/16 ਫੁੱਟ 4 ਇੰਚ, ਪੂਰਬ : ਸੁਰਜੀਤ ਸਿੰਘ ਦੀ ਜਾਇਦਾਦ/54 ਫੁੱਟ 0 ਇੰਚ, ਪੱਛਮ : ਨਵਜੀਤ ਸਿੰਘ ਦੀ ਜਾਇਦਾਦ/54 ਫੁੱਟ 0 ਇੰਚ। |
| ਮਨਜੋਤ ਸਿੰਘ (ਕਰਜ਼ਦਾਰ) ਐੱਲ ਏ ਪੀ-ਜੇ ਡੀ ਐੱਚ-624 1. ਮਨਜੀਤ ਕੌਰ (ਸਹਿ-ਕਰਜ਼ਦਾਰ), ਸਤਨਾਮ ਸਿੰਘ (ਗਰੰਟਰ) | 23 ਅਪ੍ਰੈਲ 2026 / 25 ਅਗਸਤ 2026 | 28 ਫਰਵਰੀ 2026 ਨੂੰ ਰੁਪਏ 11,60,801/- (ਰੁਪਏ ਗਿਆਰ੍ਹਾਂ ਲੱਖ ਸੱਠ ਹਜ਼ਾਰ ਅੱਠ ਸੌ ਇੱਕ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖਸਰਾ ਨੰਬਰ 96//6/2/2 (1-0), ਖੇਵਟ/ਖਤੌਨੀ ਨੰਬਰ 419/764, ਜਮ੍ਹਾਂਬੰਦੀ ਸਾਲ 2019-20, ਹੱਦਬਸਤ ਨੰਬਰ 260, ਅਬਾਦੀ ਵਾਕਿਆ ਰਕਬਾ ਪਿੰਡ ਰਾਜੋਵਾਲ ਖੁਰਦ, ਰਕਬਾ ਤਲਵੰਡੀ ਬੂਟਿਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਹੱਦਾਂ : ਉੱਤਰ : ਸਤਨਾਮ ਸਿੰਘ ਆਦਿ ਦੀ ਜਾਇਦਾਦ, ਦੱਖਣ : ਰਾਮ ਲੁਭਾਇਆ ਦੀ ਜਾਇਦਾਦ, ਪੂਰਬ : ਸੜਕ, ਪੱਛਮ : ਹੋਰ ਖੇਤੀਬਾੜੀ ਵਾਲੀ ਜ਼ਮੀਨ। |
| ਲਵਪ੍ਰੀਤ ਸਿੰਘ (ਕਰਜ਼ਦਾਰ) ਐੱਲ ਏ ਪੀ-ਜੇ ਡੀ ਐੱਚ-1030 1. ਮੁੱਖਵਿੰਦਰ ਸਿੰਘ, 2. ਚਿਮਨ ਸਿੰਘ, 3. ਕੁੜੋ ਬਾਲੀ (ਸਹਿ-ਕਰਜ਼ਦਾਰ), ਸ਼ਿੰਗਾਰਾ ਸਿੰਘ (ਗਰੰਟਰ) | 31 ਮਾਰਚ 2026 / 25 ਅਗਸਤ 2026 | 28-ਫਰਵਰੀ-2026 ਨੂੰ ਰੁਪਏ 6,40,125/- (ਰੁਪਏ ਛੇ ਲੱਖ ਚਾਲੀ ਹਜ਼ਾਰ ਇੱਕ ਸੌ ਪੱਚੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ/ਖਤੌਨੀ ਨੰਬਰ 94/104, ਖਸਰਾ ਨੰਬਰ 15//22 (5-18), 23 (8-0), 24/1 (4-0), 19//1 (2-15), (ਸਪੱਸ਼ਟ ਨਹੀਂ) 4 (1-2) ਆਦਿ ਜਾਇਦਾਦ, ਪਿੰਡ ਮਿਆਣੀ ਵਿਖੇ ਸਥਿਤ ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ, ਤਹਿਸੀਲ ਸ਼ਾਹਕੋਟ ਅਤੇ ਲੋਹੀਆਂ ਖਾਸ, ਜ਼ਿਲ੍ਹਾ ਜਲੰਧਰ-144629, ਹੱਦਾਂ : ਉੱਤਰ: ਗਲੀ, ਦੱਖਣ : ਬਾਜ਼ ਸਿੰਘ ਦੀ ਜਾਇਦਾਦ, ਪੂਰਬ : ਸ਼ਿੰਗਾਰਾ ਸਿੰਘ ਦੀ ਜਾਇਦਾਦ, ਪੱਛਮ : ਅਮਰ ਸਿੰਘ ਦੀ ਜਾਇਦਾਦ। |
| ਬੱਬਲਦੀਪ ਸਿੰਘ (ਕਰਜ਼ਦਾਰ) ਐੱਲ ਏ ਪੀ-184-ਏ ਟੀ ਐੱਲ 1. ਅਰਚਨਾ ਦੇਵੀ (ਸਹਿ-ਕਰਜ਼ਦਾਰ), ਰਣਜੀਤ ਕੌਰ (ਗਰੰਟਰ) | 31 ਮਾਰਚ 2026 / 22 ਅਗਸਤ 2026 | 28-ਫਰਵਰੀ-2026 ਨੂੰ ਰੁਪਏ 6,59,136.00/- (ਰੁਪਏ ਛੇ ਲੱਖ ਉਨਾਹਠ ਹਜ਼ਾਰ ਇੱਕ ਸੌ ਛੱਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੱਤਾ ਨੰਬਰ 27/67, ਮੁਸਤਿਲ/ਕਿੱਲਾ ਨੰਬਰ 813(-1), ਜਾਇਦਾਦ ਵਾਕਿਆ ਅੰਬੇ ਮਾਜਰਾ ਵਿਖੇ ਸਥਿਤ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301, , ਹੱਦਾਂ : ਉੱਤਰ: ਸਰਕਾਰੀ ਜਾਇਦਾਦ, ਦੱਖਣ : ਗਲੀ, ਪੂਰਬ : ਮਹਿੰਦਰ ਸਿੰਘ ਦੀ ਜਾਇਦਾਦ, ਪੱਛਮ : ਮੁਹੰਮਦ ਹੁਸੈਨ ਦੀ ਜਾਇਦਾਦ। |

ਉਕਤ ਦਰਸਾਏ ਕਰਜ਼ਦਾਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਇਸ ਨੋਟਿਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ। ਇਸ ਨਾਲ ਕੀਤਾ ਕੋਈ ਵੀ ਲੈਣ-ਦੇਣ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਿਡ ਦੇ ਚਾਰਜ ਅਧੀਨ ਹੋਵੇਗਾ, ਜੋ ਕਿ ਇਸ ਨੋਟਿਸ 'ਚ ਦੱਸੀ ਰਕਮ, ਇਕਰਾਰਨਾਮਾ ਦਰ 'ਤੇ ਵਿਆਜ, ਅਚਨਚੇਤੀ ਖਰਚੇ, ਲਾਗਤਾਂ ਅਤੇ ਚਾਰਜਜ਼ ਆਦਿ ਉਪਰੋਕਤ ਵੇਰਵਿਆਂ ਵਿੱਚ ਦਰਸਾਈ ਗਈ ਬਕਾਇਆ ਰਕਮ ਦੀ ਕਿਸਮ ਦੀ ਅਗਲੀ ਮਿਤੀ ਤੋਂ ਪੂਰੀ ਅਦਾਇਗੀ ਅਤੇ/ਜਾਂ ਪ੍ਰਾਪਤੀ ਮਿਤੀ ਦੀ ਮਿਤੀ ਤੱਕ। ਇਸ ਤੋਂ ਇਲਾਵਾ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐਸਟਸ ਦੇ ਪੁਨਰਗ੍ਰਹਿਣ ਲਈ ਉਪਲਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਦਰਸਾਈਆਂ ਜਾਇਦਾਦਾਂ ਦਾ ਵੇਰਵਾ ਉਕਤ ਦੱਸਿਆ ਗਿਆ ਹੈ।

ਮਿਤੀ : 28 ਅਗਸਤ 2026

ਸਥਾਨ : ਪੰਜਾਬ

ਅਧਿਕਾਰਤ ਅਫਸਰ

ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਿਡ

[ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ ਵਜੋਂ ਕਾਰਜਸ਼ੀਲ]

# ਮੁਲਾਜ਼ਮ ਜਥੇਬੰਦੀਆਂ ਵੱਲੋਂ ਦਿੱਤੇ ਧਰਨੇ ਨੂੰ ਸ਼ੇਰੋਵਾਲੀਆ ਨੇ ਦਿੱਤਾ ਸਮਰਥਨ

ਸ਼ਾਹਕੋਟ (ਅਮਨਦੀਪ ਸੈਦਪੁਰੀ)-'ਜਿਹੜੇ ਲੋਕ ਸੱਤਾ ਸੰਭਾਲਣ ਤੋਂ ਪਹਿਲਾਂ ਗੁੰਮਰਾਹਕੁਨ ਪ੍ਰਚਾਰ ਕਰਦੇ ਸਨ ਕਿ ਮੁਲਾਜ਼ਮਾਂ ਦੇ ਹੱਕ 'ਚ ਹਾਂ, ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਵੱਲੋਂ ਹੀ ਮੁਲਾਜ਼ਮਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ'।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕੀਤਾ। ਉਹ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਸ਼ਾਹਕੋਟ ਤਹਿਸੀਲ ਕੈਂਪਲੈਕਸ ਵਿਖੇ ਦਿੱਤੇ ਗਏ ਧਰਨੇ ਨੂੰ ਸੰਬੋਧਨ ਕਰ ਰਹੇ ਸਨ। ਧਰਨੇ ਨੂੰ ਸੰਬੋਧਨ ਕਰਦਿਆਂ ਸ਼ੇਰੋਵਾਲੀਆ ਨੇ ਕਿਹਾ ਕਿ ਸਾਡੇ ਕੋਲ ਕਿਸਾਨ ਜਥੇਬੰਦੀਆਂ ਦੀ ਉਦਾਹਰਨ ਹੈ, ਜਿਨ੍ਹਾਂ ਨੇ 13 ਮਹੀਨੇ ਇੱਕਮੁੱਠ ਹੋ ਕੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਤੇ ਜਿੱਤ ਹਾਸਲ ਕੀਤੀ। ਉਨ੍ਹਾਂ (ਸ਼ੇਰੋਵਾਲੀਆ) ਆਪਣੇ ਵੱਲੋਂ ਅਤੇ ਸਮੁੱਚੀ ਕਾਂਗਰਸ ਪਾਰਟੀ ਵੱਲੋਂ ਵਿਸ਼ਵਾਸ ਦਿਵਾਇਆ ਕਿ ਜਦੋਂ ਵੀ ਜਿੱਥੇ ਵੀ ਮੁਲਾਜ਼ਮ ਜਥੇਬੰਦੀਆਂ ਆਵਾਜ਼ ਮਾਰਨ ਉੱਥੇ ਹੀ ਸਾਥੀਆਂ ਸਮੇਤ ਸ਼ਮੂਲੀਅਤ ਕਰਾਂਗੇ। ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਬਲਾਕ ਕਾਂਗਰਸ ਦੇ ਅਤੇ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ ਸੁਰਿੰਦਰਜੀਤ ਸਿੰਘ ਚੱਠਾ, ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ ਗੁਲਜ਼ਾਰ ਸਿੰਘ ਥਿੰਦ, ਅਮਰਜੀਤ ਕੌਰ ਸਚਦੇਵਾ ਸ਼ਹਿਰੀ ਪ੍ਰਧਾਨ ਮਹਿਲਾ ਕਾਂਗਰਸ, ਕਪਿਲ ਕੁਮਾਰ ਗੁਪਤਾ ਸਾਬਕਾ ਵਾਇਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਸੋਨੂੰ ਕੰਗ ਪੀ.ਏ, ਜਗਤਾਰ ਸਿੰਘ ਖਾਲਸਾ ਸਾਬਕਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਲਛਮਣ ਸੋਬਤੀ ਸ਼ਹਿਰੀ ਪ੍ਰਧਾਨ, ਟਿੰਪੀ ਕੁਮਰਾ ਸੀਨੀਅਰ ਆਗੂ,ਡਾ.ਸੁਰਿੰਦਰ ਸਿੰਘ ਭੱਟੀ, ਰੋਮੀ ਗਿੱਲ ਸਾਬਕਾ ਮੈਂਬਰ ਨਗਰ ਪੰਚਾਇਤ, ਭਿੰਦਾ ਮੈਸਨ, ਸੁਖਦੇਵ ਸਿੰਘ ਸੁੱਖਾ ਵਾਈਸ ਚੇਅਰਮੈਨ ਬਲਾਕ ਸੰਮਤੀ ਸ਼ਾਹਕੋਟ, ਜਸਪਾਲ ਸਿੰਘ ਸਰਪੰਚ ਨੰਗਲ ਅੰਬੀਆਂ ਖੁਰਦ, ਪਿੰਦਰ ਜੋਸਨ ਸਰਪੰਚ ਹਵੇਲੀ, ਕਮਲ ਸਿੰਘ ਹਵੇਲੀ, ਗੁਰਪ੍ਰੀਤ ਸਿੰਘ ਲਾਡੀ ਹਵੇਲੀ, ਤਰਸੇਮ ਸਿੰਘ ਮੰਡਾਲਾ ਆਦਿ ਮੌਜੂਦ ਸਨ।



# ਐਜੂਬੀਕਨ ਸਕੂਲ ਵਿਖੇ ਮੋਬਾਇਲ ਸਾਇੰਸ ਪ੍ਰਦਰਸ਼ਨੀ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਰਾਫ਼ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿਖੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇ ਵਿਸ਼ੇਸ਼ ਸਹਿਯੋਗ ਨਾਲ 'ਮੋਬਾਇਲ ਸਾਇੰਸ ਪ੍ਰਦਰਸ਼ਨੀ' ਦਾ ਬਹੁਤ ਹੀ ਸਫਲ ਤੇ ਸ਼ਾਨਦਾਰ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੌਰਾਨ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਇੱਕ ਮੋਬਾਇਲ ਸਾਇੰਸ ਬੱਸ ਸਕੂਲ ਦੇ ਕੈਂਪਸ ਵਿੱਚ ਪਹੁੰਚੀ, ਜੋ ਆਪਣੇ ਆਪ ਵਿੱਚ ਇੱਕ ਚੱਲਦਾ-ਫਿਰਦਾ ਵਿਗਿਆਨ ਕੇਂਦਰ ਸੀ।ਇਸ ਬੱਸ ਵਿੱਚ 25 ਅਤਿ-ਆਧੁਨਿਕ ਇਨਡੋਰ ਤੇ ਆਊਟਡੋਰ ਵਿਗਿਆਨਕ ਮਾਡਲ ਪ੍ਰਦਰਸ਼ਤ ਕੀਤੇ ਗਏ ਸਨ।ਇਨ੍ਹਾਂ ਦੀ ਮਦਦ ਨਾਲ ਵਿਦਿਆਰਥੀਆਂ ਨੇ ਭੌਤਿਕ ਵਿਗਿਆਨ ਤੇ ਵਿਗਿਆਨ ਦੇ ਗੁੰਝਲਦਾਰ ਸਿਧਾਂਤਾਂ ਨੂੰ ਬਹੁਤ ਹੀ ਸੌਖੇ ਤੇ ਵਿਹਾਰਕ ਢੰਗ ਨਾਲ ਸਮਝਿਆ। ਇਸ ਦੇ ਨਾਲ ਹੀ, ਮਿਨੀ ਪਲੇਨੇਟੇਰੀਅਮ ਅਰਥਾਤ ਡੋਮ ਥੀਏਟਰ ਰਾਹੀਂ ਵਿਦਿਆਰਥੀਆਂ ਨੂੰ ਪੁਲਾੜ, ਸੂਰਜੀ ਮੰਡਲ ਤੇ ਵੱਖ-ਵੱਖ ਖਗੋਲੀ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ।ਪ੍ਰਦਰਸ਼ਨੀ ਦਾ ਸਭ ਤੋਂ ਵੱਡਾ ਆਕਰਸ਼ਣ ਰਾਤ ਦੇ ਸਮੇਂ ਕਰਵਾਇਆ ਗਿਆ ਵਿਸ਼ੇਸ਼ ਖਗੋਲੀ ਨਿਰੀਖਣ ਸੈਸ਼ਨ ਰਿਹਾ। ਇਸ ਦੌਰਾਨ ਸ਼ਕਤੀਸ਼ਾਲੀ ਟੈਲੀਸਕੋਪ ਰਾਹੀਂ ਵਿਦਿਆਰਥੀਆਂ ਨੇ ਚੰਦਰਮਾ ਦੇ ਕ੍ਰੇਟਰਾਂ ਤੇ ਰਾਤ ਦੇ ਆਕਾਸ਼ ਦਾ ਸਿੱਧਾ ਨਿਰੀਖਣ ਕੀਤਾ।ਸਕੂਲ ਪ੍ਰਿੰਸੀਪਲ ਸ੍ਰੀਮਤੀ ਕਾਵਿਆ ਅਸੀਜਾ ਨੇ ਆਪਣੇ ਵਿਸ਼ੇਸ਼ ਸੰਦੇਸ਼ ਵਿੱਚ ਦੱਸਿਆ ਕਿ ਅਜਿਹੇ ਅਨੁਭਵਾਤਮਕ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਖੋਜ, ਮੌਲਿਕ ਸੋਚ ਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ ਕਰਦੇ ਹਨ, ਜੋ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ।ਕੁੱਲ ਮਿਲਾ ਕੇ ਇਹ ਪੂਰਾ ਆਯੋਜਨ ਵਿਦਿਆਰਥੀਆਂ ਲਈ ਨਾ ਸਿਰਫ਼ ਬਹੁਤ ਹੀ ਗਿਆਨਵਰਧਕ ਤੇ ਪ੍ਰੇਰਨਾਦਾਇਕ ਸਾਬਤ ਹੋਇਆ, ਸਗੋਂ ਇਸ ਨੇ ਉਨ੍ਹਾਂ ਦੇ ਮਨਾਂ ਵਿੱਚ ਵਿਗਿਆਨ ਪ੍ਰਤੀ ਇੱਕ ਅਮਿੱਟ ਛਾਪ ਵੀ ਛੱਡੀ ਤੇ ਉਨ੍ਹਾਂ ਨੇ ਸ਼੍ਰੀਮਤੀ ਮਨਪ੍ਰੀਤ, ਸ਼੍ਰੀ ਹਰਿੰਦਰ ਤੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੀ ਸਮੁੱਚੀ ਟੀਮ ਦਾ ਉਨ੍ਹਾਂ ਦੇ ਅਮੁੱਲ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ।




# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਰੋਸ ਪ੍ਰਦਰਸ਼ਨ





ਜਲੰਧਰ (ਰਾਜੇਸ਼ ਥਾਪਾ)-ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਪੰਜਾਬ ਮੁਲਾਜ਼ਮ ਮੰਚ ਦੀ ਕੋਆਰਡੀਨੇਸ਼ਨ ਕਮੇਟੀ ਦੀ ਪੰਜਾਬ ਮਹਾਂ ਬੰਦ ਦੀ ਕਾਲ ਤੇ ਪਾਵਰ ਕਾਰਪੋਰੇਸ਼ਨ ਦੇ ਰੈਗੂਲਰ ਮੁਲਾਜ਼ਮ, ਠੇਕਾ ਮੁਲਾਜ਼ਮ ਅਤੇ ਪੈਨਸ਼ਨਰਾਂ ਨੇ ਪੰਜਾਬ ਬੰਦ ਨੂੰ ਕਾਮਯਾਬ ਕਰਨ ਲਈ ਪਾਵਰ ਕਾਰਪੋਰੇਸ਼ਨ ਦੇ ਦਫ਼ਤਰਾਂ ਅੱਗੇ ਪੰਜਾਬ ਸਰਕਾਰ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਜ਼ਿਲ੍ਹਾ ਹੈਡਕੁਆਰਟਰ ਜਲੰਧਰ ਦੀ ਮੁਲਾਜ਼ਮ ਪੈਨਸ਼ਨਰਜ਼ ਸਾਂਝੀ ਤਾਲਮੇਲ ਕਮੇਟੀ ਦੀ ਅਗਵਾਈ ਹੇਠ ਡੀ ਸੀ ਦਫ਼ਤਰ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਮੂਲੀਅਤ ਕੀਤੀ। ਆਦਮਪੁਰ ਬਿਜਲੀ ਦਫਤਰ ਅੱਗੇ ਰੈਲੀ ਨੂੰ ਸੰਬੋਧਨ ਕਰਦਿਆਂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜਲੰਧਰ ਸਰਕਲ ਦੇ ਪ੍ਰਧਾਨ ਰਾਮ ਜੱਗੀ ਤੇ ਹੋਰ ਆਗੂਆਂ ਨੇ ਦੱਸਿਆ ਕਿ ਮੁਲਾਜ਼ਮ ਅਤੇ ਪੈਨਸ਼ਨਰ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਪਿਛਲੇ ਸਮੇਂ ਤੋਂ ਲਗਾਤਾਰ ਸਰਕਾਰ ਦੇ ਖ਼ਿਲਾਫ਼ ਸੰਘਰਸ਼ ਕਰ ਰਹੇ ਹਨ। ਪੰਜਾਬ ਸਰਕਾਰ ਨੇ ਸਾਢੇ ਚਾਰ ਸਾਲ ਤੋਂ ਮੰਗਾਂ ਮੰਨਣ ਦੇ ਝੂਠੇ ਲਾਰੇ ਲਗਾਏ ਪਰ ਕੋਈ ਵੀ ਮੰਗ ਨਹੀਂ ਮੰਨੀ। ਪੰਜਾਬ ਦੇ ਲਗਭਗ ਤਿੰਨ ਲੱਖ ਮੁਲਾਜ਼ਮਾਂ ਨੇ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਕੰਮ ਕਾਜ ਠੱਪ ਕੀਤਾ, ਪੰਜਾਬ ਦੇ ਪੈਨਸ਼ਨਰਾਂ ਨੇ ਵੀ ਰੋਸ ਪ੍ਰਦਰਸ਼ਨਾਂ ਵਿੱਚ ਸ਼ਮੂਲੀਅਤ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੰਗ ਪੱਤਰ ਵਿੱਚ ਦਰਜ ਮੰਗਾਂ ਜਿਵੇਂ ਕਿ 2.59 ਫੈਕਟਰ ਨਾਲ ਤਨਖਾਹਾਂ ਪੈਨਸ਼ਨਾਂ ਦੀ ਸੋਧ ਕਰਨੀ,18%ਮਹਿੰਗਾਈ ਭੱਤਾ ਅਤੇ ਪਿਛਲੇ ਬਕਾਏ ਜਾਰੀ ਕਰਨੇ, ਪੁਰਾਣੀ ਪੈਨਸ਼ਨ ਬਹਾਲ ਕਰਨੀ, ਕੱਚੇ ਮੁਲਾਜ਼ਮ ਪੱਕੇ ਕਰਨੇ,200 ਰੁਪਏ ਹਰ ਮਹੀਨੇ ਜਬਰੀ ਕਟੌਤੀ ਬੰਦ ਕਰਨੀ, ਦਫ਼ਤਰਾਂ ਵਿੱਚ ਸਟਾਫ਼ ਦੀ ਘਾਟ ਨੂੰ ਪੂਰਾ ਕਰਨਾ ਅਤੇ ਬਾਕੀ ਮੰਗਾਂ ਨੂੰ ਵੀ ਸਰਕਾਰ ਤੁਰੰਤ ਪ੍ਰਵਾਨ ਕਰੇ। ਬਿਜਲੀ ਦਫ਼ਤਰਾਂ ਅੱਗੇ ਰੋਸ ਰੈਲੀਆਂ ਅਤੇ ਧਰਨਿਆਂ ਨੂੰ ਸਰਕਲ ਪ੍ਰਧਾਨ ਸ਼ਿਰੀ ਰਾਮ ਜੱਗੀ ਤੋਂ ਇਲਾਵਾ ਸਰਕਲ ਆਗੂ ਪ੍ਰੇਮ ਲਾਲ, ਥੋੜੂ ਰਾਮ, ਅਵਤਾਰ ਸਿੰਘ, ਜੋਗਿੰਦਰ ਪਾਲ, ਸੁਰਿੰਦਰ ਸਿੰਘ, ਜਗਤਾਰ ਸਿੰਘ, ਹਰਮਨ, ਸ਼ਾਮ ਮੁਰਾਰੀ ਅਤੇ ਕਈ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ।

## ਹਸਪਤਾਲਾਂ ਦੀਆਂ ਸਹੂਲਤਾਂ ਦੀ ਹੋਵੇਗੀ ਜਾਂਚ-ਅਰਸ਼ ਸੱਚਰ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਸਰਕਾਰੀ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਿੱਧੇ ਸਰਕਾਰ ਤੱਕ ਪਹੁੰਚਾਉਣ ਦੇ ਮਕਸਦ ਨਾਲ ਅਰਸ਼ ਸੱਚਰ ਖੁਦ ਫ਼ਰੀਦਕੋਟ ਵਿਧਾਨ ਸਭਾ ਹਲਕੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਦੇ ਵਾਰੀ-ਵਾਰੀ ਦੌਰੇ ਕਰਨਗੇ।ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਮਿਲੀ ਪ੍ਰਵਾਨਗੀ ਤੇ ਦਿਸ਼ਾ-ਨਿਰਦੇਸ਼ਾਂ ਲਈ ਵਿਸ਼ੇਸ਼ ਧੰਨਵਾਦ ਕਰਦਿਆਂ ਅਰਸ਼ ਸੱਚਰ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਕਾਗਜ਼ੀ ਦਾਅਵਿਆਂ ਦੀ ਬਜਾਏ ਸਿਹਤ ਸਹੂਲਤਾਂ ਦੀ ਅਸਲ ਸਥਿਤੀ ਨੂੰ ਜ਼ਮੀਨੀ ਪੱਧਰ 'ਤੇ ਜਾਣਨਾ ਤੇ ਜਿੱਥੇ ਕਮੀ ਹੈ, ਉੱਥੇ ਸੁਧਾਰ ਲਈ ਪੂਰੀ ਪੈਰਵੀ ਕਰਨਾ ਹੈ।ਹਰ ਸਿਹਤ ਸੰਸਥਾ ਤੱਕ ਪਹੁੰਚ ਹਰ ਸਹੂਲਤ ਦਾ ਜਾਇਜ਼ਾ ਇਸ ਤਹਿਤ ਫ਼ਰੀਦਕੋਟ ਹਲਕੇ ਦੇ ਸਿਵਲ ਹਸਪਤਾਲ, ਕਮਿਊਨਿਟੀ ਸਿਹਤ ਕੇਂਦਰਾਂ, ਹੋਰ ਸਰਕਾਰੀ ਸਿਹਤ ਕੇਂਦਰਾਂ ਤੇ ਆਮ ਆਦਮੀ ਕਲੀਨਿਕਾਂ ਵਿੱਚ ਖੁਦ ਪਹੁੰਚ ਕੇ ਦਵਾਈਆਂ ਦੀ ਉਪਲਬਧਤਾ, ਜਾਂਚ ਸਹੂਲਤਾਂ, ਡਾਕਟਰਾਂ ਤੇ ਸਟਾਫ਼ ਦੀ ਉਪਲਬਧਤਾ, ਸਫ਼ਾਈ, ਮਰੀਜ਼ਾਂ ਲਈ ਬੁਨਿਆਦੀ ਸਹੂਲਤਾਂ ਤੇ ਸਮੁੱਚੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾਵੇਗਾ।ਮਰੀਜ਼ ਦੱਸਣਗੇ ਹਕੀਕਤ ਉਨ੍ਹਾਂ ਦੀ ਆਵਾਜ਼ ਪਹੁੰਚੇਗੀ ਸਰਕਾਰ ਤੱਕ ਅਰਸ਼ ਸੱਚਰ ਨੇ ਕਿਹਾ ਕਿ ਦੌਰਿਆਂ ਦੌਰਾਨ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਸਿੱਧੀ ਗੱਲਬਾਤ ਕੀਤੀ ਜਾਵੇਗੀ।ਉਨ੍ਹਾਂ ਦੀਆਂ ਜਾਇਜ਼ ਸ਼ਿਕਾਇਤਾਂ, ਮੁਸ਼ਕਲਾਂ ਤੇ ਸੁਝਾਵਾਂ ਨੂੰ ਦਰਜ ਕਰਕੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਪੂਰੀ ਮੁਹਿੰਮ ਦਾ ਮਕਸਦ ਕਿਸੇ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਗੋਂ ਕਮੀ ਦੀ ਪਛਾਣ ਕਰਕੇ ਉਸ ਦਾ ਹੱਲ ਕਰਵਾਉਣਾ ਤੇ ਸਰਕਾਰੀ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣਾ ਹੈ।ਕਮੀ ਸਿਰਫ਼ ਦੱਸੀ ਨਹੀਂ ਜਾਵੇਗੀ, ਹੱਲ ਹੋਣ ਤੱਕ ਪੈਰਵੀ ਕੀਤੀ ਜਾਵੇਗੀ।

## ਮਾਰਕੀਟ ਕਮੇਟੀ ਦੀ ਮੁੜ ਸੇਵਾ ਮਿਲਣ 'ਤੇ ਗੁਰਮੀਤ ਸਿੰਘ ਵੱਲੋਂ ਹਾਈਕਮਾਂਡ ਦਾ ਧੰਨਵਾਦ



ਕੋਟਕਪੂਰਾ (ਰਛਪਾਲ ਭੁੱਲਰ)-ਮਾਰਕੀਟ ਕਮੇਟੀ ਕੋਟਕਪੂਰਾ ਦੇ ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਨੇ ਉਨ੍ਹਾਂ ਦੀਆਂ ਪਿਛਲੀਆਂ ਨਿਰਪੱਖ ਸੇਵਾਵਾਂ ਤੇ ਕੰਮਾਂ 'ਤੇ ਮੁੜ ਭਰੋਸਾ ਜਤਾਉਂਦੇ ਹੋਏ ਦੁਬਾਰਾ ਇਹ ਜ਼ਿੰਮੇਵਾਰੀ ਸੌਂਪਣ ਲਈ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਹੈ।ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਗੁਰਮੀਤ ਸਿੰਘ ਆਰੇਵਾਲਾ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਦਾ ਉਚੇਚੇ ਤੌਰ 'ਤੇ ਧੰਨਵਾਦ ਪ੍ਰਗਟਾਇਆ।ਚੇਅਰਮੈਨ ਆਰੇਵਾਲਾ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਤੇ ਮੰਡੀਆਂ ਦੇ ਕਾਇਆ-ਕਲਪ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੀ ਸਹੂਲਤ ਲਈ ਸ਼ੈੱਡਾਂ ਦੀ ਮੁਰੰਮਤ, ਲਾਈਟਾਂ, ਪੀਣ ਵਾਲੇ ਸਾਫ਼ ਪਾਣੀ ਅਤੇ ਪੱਕੀਆਂ ਫੜ੍ਹਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਹਾਈਕਮਾਂਡ ਵੱਲੋਂ ਮੇਰੇ 'ਤੇ ਜੋ ਵਿਸ਼ਵਾਸ ਪ੍ਰਗਟਾਇਆ ਗਿਆ ਹੈ, ਮੈਂ ਉਸ ਲਈ ਸਭ ਦਾ ਰਿਣੀ ਹਾਂ।ਮੇਰੀ ਪਹਿਲ ਕੋਟਕਪੂਰਾ ਦੀ ਮੰਡੀ ਨੂੰ ਪੰਜਾਬ ਦੀਆਂ ਸਭ ਤੋਂ ਸੁਚੱਜੀਆਂ ਤੇ ਆਧੁਨਿਕ ਮੰਡੀਆਂ ਵਿੱਚ ਸ਼ਾਮਲ ਕਰਨਾ ਹੋਵੇਗੀ, ਜਿੱਥੇ ਆਉਣ ਵਾਲੇ ਹਰ ਕਿਸਾਨ ਤੇ ਮਜ਼ਦੂਰ ਭਰਾ ਨੂੰ ਪੂਰਨ ਸਤਿਕਾਰ ਤੇ ਸੁਵਿਧਾ ਮਿਲੇ।

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ/ਫ਼ਿਰੋਜ਼ਪੁਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਸ਼ੀਰਸ਼ਕ ਵਾਲੀ ਖੁਲੀ ਈ-ਟੈਂਡਰਾ ਮੰਗ ਕਰਦੇ ਹਨ, ਜੋ www.ireps.gov.in ਉਤੇ ਉਪਲਬਧ ਹੈ ਅਤੇਜਿਨ੍ਹਾਂ ਦੀ ਟੈਂਡਰ ਬੰਦ ਹੋਣ ਦੀ ਮਿਤੀ 15/09/2026 ਦੁਪਿਹਰ 15.00 ਵਜੇ ਤਕ ਹੈ । ਟੈਂਡਰਕਰਤਾ ਕੇਵਲ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਅਪਣੀ ਮੂਲ ਜਾਂ ਸੰਸ਼ੋਧਿਤ ਟੈਂਡਰਾ ਪੇਸ਼ ਕਰ ਸਕਣਗੇ । ਇਸ ਟੈਂਡਰ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਪ੍ਰਾਪਤ ਹੋਣ ਵਾਲੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਉਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਇਸ ਟੈਂਡਰ ਦੇ ਲਈ ਟੈਂਡਰ ਪ੍ਰਪੱਤਰ ਸ਼ੁਲਕ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਭੁਗਤਾਨ ਦੁਆਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਆਰਾ ਹੀ ਕਰ ਸਕਣਗੇ । ਡਿਮਾਂਡ ਡਰਾਫਟ, ਚੈਕਰਸ ਚੈਕ, ਜਮਾਂ ਰਸੀਦ, ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਮੈਨੂੰਅਲ ਭੁਗਤਾਨ ਸਵੀਕਾਰ ਕੀਤਾ ਜਾਵੇਗਾ । ਜ਼ਿਆਦਾ ਜਾਣਕਾਰੀ ਦੇ ਲਈ www.ireps.gov.in ਉਤੇ ਲਾਗ ਇਨ ਕਰੋਂ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ | 24.08.2026 | 01.09.2026 | 15.09.2026 15:00 ਵਜੇ |

| ਲ.ਨੰ: | ਟੈਂਡਰ ਨੰ, ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 106-2026-27-ADEN-I-ASR | ਸੀਨੀਅਰ ਮੰਡਲ ਇੰਜੀਨੀਅਰ-ਪਹਿਲੀ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਦੀ A, B ਅਤੇ C ਬਲਾਕ ਕਲੋਨੀਆਂ ਵਿਚ ਸੜਕ ਦੀ ਸਤਹ ਨੂੰ ਬੇਹਤਰ ਬਣਾਨਾ । | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 21591484.07 | 431800.00 | 60 ਦਿਨ | 12 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ - "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ ।" | | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ ।
2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਟੈਂਡਰ ਸੂਚਨਾ ਪੱਤਰ ਨੰ: 106-2026-27-ADEN-I-ASR Date: 27.08.2026 2965/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਵਿਕਰੀ/ਖਰੀਦ ਵਿਕਾਊ

For sale ਦੀ ਰਾਏ ਚੱਕ ਬਹੁਮੰਤਵੀ ਸਹਿਕਾਰੀ ਸਭਾ ਲਿਮ., ਤਹਿਸੀਲ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਲੋਂ ਆਪਣੇ ਟਰੈਕਟਰ, ਹੋਰ ਖੇਤੀਬਾੜੀ ਸੰਦਾਂ ਦੀ ਵਿਕਰੀ ਖੁੱਲ੍ਹੀ ਬੋਲੀ ਰਾਹੀਂ ਮਿਤੀ 03.09.2026 ਨੂੰ ਸਵੇਰੇ 11 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ, ਚਾਹਵਾਨ ਪਹੁੰਚਣ।
9914318180, 9463218187

## COURT NOTICE

(U/o 5 Rule 20 CPC)
(Succession Case)
In the Court of
Ms. Suman Pathak
Civil Judge (Senior Division), Kapurthala
CNR No. PBKP02-000481-2026
Next Date :- 05-10-2026
Nirvail Singh
Vs.
General Public
Petition under Section 372 of Indian Succession Act, 1872
Notice To :
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 05-10-2026 at 10:00 A.M.

For details logon to https://highcourtchd.gov.in/?mod=district_notice&district=Kapurthala

Civil Judge (Senior Division), Kapurthala
Dated, this day of 26.08.2026

## COURT NOTICE

(U/o 5 Rule 20 CPC)
In the Court of
Sh. Jaspreet Singh Minhas
Civil Judge Junior Division-5, Patiala
CNR No. PBPT02-000623-2026
Next Date :- 24-09-2026
Basmati
Vs.
Ram Parkash
Publication Issued to :
5. General Public
: General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 24.09.2026 at 10:00 A.M.

For details logon to https://highcourtchd.gov.in/?mod=district_notice&district=Patiala

Civil Judge Junior Division-5, Patiala
Dated, this day of 27.08.2026

## AXIS BANK LTD.

ਰਿਟੇਲ ਐਸੱਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਸਰੀ ਮੰਜ਼ਲ, ਜਾਇਦਾਦ # 7-ਈ ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | (1) ਐਨ ਪੀ ਏ ਮਿਤੀ (2) ਡਿਮਾਂਡ ਨੋਟਿਸ ਦੀ ਮਿਤੀ (3) ਕਬਜ਼ੇ ਦੀ ਮਿਤੀ (4) ਡਿਮਾਂਡ ਨੋਟਿਸ ਵਿੱਚ ਰਕਮ (ਰੁਪਏ) |
|---|---|---|
| 1. | 1. ਸ੍ਰੀ ਮੁਹੰਮਦ ਲਤਾਫ਼ ਪੁੱਤਰ ਅਬਦੁਲ ਮਜ਼ੀਦ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸੂਫੀਆ ਬਾਨੋ ਪਤਨੀ ਮੁਹੰਮਦ ਲਤਾਫ (ਸਹਿ-ਕਰਜ਼ਦਾਰ) | (1) 08 ਫਰਵਰੀ 2026 (2) 25 ਮਾਰਚ 2026 (3) 26 ਅਗਸਤ 2026 (4) ਰੁਪਏ 3,79,878/- (ਤਿੰਨ ਲੱਖ ਉਨਾਸੀ ਹਜ਼ਾਰ ਅੱਠ ਸੌ ਅਠੱਤਰ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ :- ਸਮੁੱਚਾ ਰਿਹਾਇਸ਼ੀ ਜਾਇਦਾਦ/ਮਕਾਨ ਦਾ ਅਟੁੱਟ ਹਿੱਸਾ ਜੋ ਪਲਾਟ ਨੰ. ਰਕਬਾ 214.8/9 ਵਰਗ ਗਜ਼ 'ਤੇ ਬਣਿਆ, ਖਸਰਾ ਨੰ. 1689, ਵਾਕਿਆ ਜਵਾਹਰ ਨਗਰ, ਕਮਲ ਸਿਨੇਮਾ ਰੋਡ, ਮਲੇਰਕੋਟਲਾ ਵਿਖੇ ਸਥਿਤ, ਸ੍ਰੀ ਮੁਹੰਮਦ ਲਤਾਫ ਪੁੱਤਰ ਅਬਦੁਲ ਮਜ਼ੀਦ ਦੇ ਨਾਂਅ ਰਜਿਸਟਰਡ, ਬੈਨਾਮਾ ਨੰ. 2630, ਵਹੀ ਨੰ. 1, ਜਿਲਦ ਨੰ. 2140, ਮਿਤੀ 04.01.1999, ਹੱਦਬੰਦੀ (ਬੈਨਾਮੇ ਅਨੁਸਾਰ) : ਪੂਰਬ : ਬਿਲਡਿੰਗ ਹੋਰਨਾਂ ਦੀ, ਪੱਛਮ : ਅਬਦੁਲ ਰਹਿਮਾਨ ਪੁੱਤਰ ਅਲੀ ਮੁਹੰਮਦ ਦਾ ਮਕਾਨ, ਉੱਤਰ : ਮੁਹੰਮਦ ਸ਼ਰੀਫ ਪੁੱਤਰ ਮੁਹੰਮਦ ਰਫੀਕ ਦਾ ਮਕਾਨ, ਦੱਖਣ : ਗਲੀ 15' ਚੌੜੀ

ਮਿਤੀ : 26.08.2026
ਸਥਾਨ : ਲੁਧਿਆਣਾ
ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਕਲਾਸੀਫਾਈਡ ਇਸ਼ਤਿਹਾਰ

## Change of Name

I, Manisha W /O Gurpreet Singh R/O Village Ratoke Tehsil & Distt.Tarn Taran,Punjab have changed my name from Manisha to Navpreet Kaur. Concerned note.

I, Bachan Kaur W/o Azaib Singh R/o Village Parapind, PO. Pattar Kalan, Distt. Jalandhar, Punjab have changed my name from Bachan Kaur to Gurbachan Kaur. Please note. (13775)

I, Rajkaran Singh S/o Gurmej Singh R/o Riyali Khurd, Teh. Batala, Distt. Gurdaspur. I have changed my name from Rajkaran Singh to Singh Rajkaran and Rajkaran is my given name and Singh is my surname. Please concerned note.

I, Yashika Aggarwal, D/o Vinod Aggarwal R/o 327/7 Central Town, Jalandhar, have changed my name from Yashika to Yashika Aggarwal. Both names are of same and one person. Please Note. (R)

I, Reeta W/o Sukhdev R/o VPO. Malsian, Patti Haveli, Teh. Shahkot, Distt. Jalandhar, (Pb.) have changed the name of my minor son Jaskaran to Jaskaran Teji. All concerned please note.

I Vijay Beri S/o JaganNath R/o 320, Greater Kailash, Maqsudan, Jalandhar have changed my name to Vijay Kumar. Please note.

I, Baljindrer Kaur W/o Kirpal Singh R/o Indra Colony, Miran Kot Kalan, Miran Kot, Distt. Amritsar, Punjab-143101 have changed my name from Baljindrer Kaur to Baljinder Kaur.

I, Kajal D/o Satnam Singh R/o H.No.128, Ajit Nagar, Sultanwind Road, Amritsar-143001 (Pb) have changed my name from Kajal to Kajal Sehdev, please note.

I Sukhjit Kaur W/O Iqbal Singh Walia R/0 H.No.33 Street No.9 Block-C Ajnala Road Guru Amar Dass Avenue Distt Amritsar. Have Change My Name From Sukhjit Kaur To Sukhjit Kaur Walia.

I, Rajwant Kour W/o Jagdish Singh R/o H.No.F-14/33, Guru Gobind Singh Nagar, Majitha Road, Amritsar have changed my name from Rajwant Kour to Rajwant Kaur.

I, Jaspal Masih S/o Ramesh Lal Vs Rainka Khosla W/o Jaspal Masih R/o Village Rajpur, PO & Tehsil Bholath, Distt. Kapurthala - 144622, Punjab have changed the name of my minor daughter Riya aged 13 years and she shall hereafter be known as Riya Khosla. All concerned please note.

I, Aakash Mandal S/O Sham Lal Mandal R/O Vill. Garhi Bakhsha, Po. Pachranga, Distt. Jalandhar 144201, Punjab Have Changed My Name From Aakash To Aakash Mandal. All Note.

I, Amandeep S/o Gurdeep Singh R/o H.No.523, ward No.11, New Abadi, V.Po. Bhogpur, Distt. Jalandhar, Punjab have changed my name from Amandeep to Given name Aman and Deep as Surname. All please note.

I, RAJBIR KAUR, Nijjar W/o BALDEV SINGH, resident of Village Rattra, P.O. Fattu Dhinga, District Kapurthala, Punjab, have changed my name from RAJBIR KAUR Nijjar to Rajbir kaur. All concerned please note.

I Manjeet Singh S/o Sukhdev Singh R/o Vill. Lamme, Kapurthala have changed my name to given name Manjeet and Singh as surname.

## Change of Name

I, Jaspal Masih S/o Ramesh Lal Vs Rainka Khosla W/o Jaspal Masih R/o Village Rajpur, PO & Tehsil Bholath, Distt. Kapurthala - 144622, Punjab have changed the name of my minor son Godson aged 10 years and he shall hereafter be known as Godson Khosla. All concerned please note.

I Nirmal Chand S/o Kartar Chand, R/o H.no. 469, VPO Chugitti, Distt Jalandhar have changed my name from Nirmaljit to Nirmal Chand.

I, Mani W/o Yogesh Kumar Arora R/o H.No. 7, Guru Gobind Singh Nagar, Jalandhar have changed my name from Mani to Mani Arora. Concerned Note.

I, Neelam Arora W/o Sh. Rakesh Kumar Manooja R/o 501-L, Model Town, Jalandhar, Punjab have changed my name from Neelam Arora to Neelam. Please Note.

I, Manoj Kumar Beri s/o Mohan Rai Beri r/o H.No. 103A, Maharaja Ranjit Singh Avenue, Jalandhar have change my name from Manoj Kumar Beri to Manoj Beri. All Please Note.

I,Tripta Devi w/o Karnail Singh r/o Vill. Pla Chack, Po. Kurala Kalan, Distt. Hoshiarpur-144204, Punjab have changed my name to Devi Tripta. All Please Note.

I, Santoshi c/o Lalan Singh r/o Street Number-2, Near White Diamond Hotel, Vijay Colony, Luhar Nangal, Jalandhar, Punjab-144022 have changed my name from Santoshi to Santoshi Kumari. All Please Note.

I, Nirmala Masih w/o Raj Kumar r/o H.No. 70, Near Government School, New Colony, Subhana, Jalandhar have changed my name from Nirmala to Nirmala Masih. All Please Note.

I, Sarabjit Kaur Alias Simar Kaur W/O Mehnga Singh R/O Vill. Gill PO Chamiara, Distt. Jalandhar have changed my name from Sarabjit Kaur Alias Simar Kaur to SIMAR KAUR. Concerned please note.

## ਨਾਂਅ ਦੀ ਬਦਲੀ

ਮੈਂ, ਕੋਮਲ ਪਤਨੀ ਸ਼੍ਰੀ ਸ਼ਾਲਿੰਦਰ ਵਾਸੀ 1004, ਗਲੀ 5, ਬਟਾਲਾ ਰੋਡ, ਗੁਰੂ ਨਾਨਕ ਨਗਰ, ਅੰਮ੍ਰਿਤਸਰ-143001 ਸੂਚਿਤ ਕਰਦੀ ਹਾਂ ਕਿ ਵਿਆਹ ਤੋਂ ਪਹਿਲਾ ਮੇਰਾ ਨਾਮ ਗੀਤਾ ਸੀ ਅਤੇ ਵਿਆਹ ਤੋਂ ਬਾਅਦ ਮੈਂ ਆਪਣਾ ਨਾਮ ਗੀਤਾ ਤੋਂ ਬਦਲ ਕੇ ਕੋਮਲ ਕਰ ਲਿਆ ਹੈ। ਗੀਤਾ ਅਤੇ ਕੋਮਲ ਦੋਵੇਂ ਨਾਮ ਮੇਰੇ ਹੀ ਹਨ।

## ਆਮ ਸੂਚਨਾ

ਮੈਂ, ਭਗਵਾਨ ਸਿੰਘ ਸਦਿਉੜਾ ਪੁੱਤਰ ਹਰੀ ਸਿੰਘ ਵਾਸੀ ਪਿੰਡ ਬੁੱਟਰ, ਪੱਤੀ ਢਿੱਲੋਂ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਪਿੰਦਰ ਸਿੰਘ ਸਦਿਉੜਾ ਨੂੰ ਮੇਰੇ ਤੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਗੁਰਪਿੰਦਰ ਸਿੰਘ ਸਦਿਉੜਾ ਮੇਰੇ ਕਹਿਣੇ ਵਿਚ ਹੈ। ਇਸ ਲਈ ਮੈਂ ਆਪਣੇ ਲੜਕੇ ਦੀ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ 'ਚ ਬਰਾਬਰ ਦਾ ਹੱਕਦਾਰ ਹੋਵੇਗਾ।

ਮੈਂ, ਪੂਜਾ ਸੂਰੀ ਪਤਨੀ ਸੰਜੀਵ ਸੂਰੀ ਵਾਸੀ ਮਕਾਨ ਨੰਬਰ 14-ਸੀ, ਦਯਾਨੰਦ ਨਗਰ, ਲਾਰੰਸ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਅਤੇ ਮੇਰੇ ਪਤੀ ਸੰਜੀਵ ਸੂਰੀ ਦੇ ਆਪਸ ਵਿਚ ਵਿਚਾਰ ਨਾ ਮਿਲਣ ਕਰਕੇ ਲੜਾਈ-ਝਗੜਾ ਰਹਿੰਦਾ ਹੈ। ਇਸ ਲਈ ਅਸੀਂ ਵੱਖ ਰਹਿ ਰਹੇ ਹਾਂ। ਮੇਰੇ ਪਤੀ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸੂਰਜ ਪੁੱਤਰ ਸਵ: ਸ਼੍ਰੀ ਦੀਪਕ ਕੁਮਾਰ, ਵਾਸੀ ਸੀ ਐਚ ਸੀ ਹਸਪਤਾਲ, ਬਸਤੀ ਗੁਜਾਂ , ਜਲੰਧਰ ਸਾਰਿਆਂ ਨੂੰ ਸੂਚਿਤ ਕਰਦਾ ਹਾਂ ਕਿ ਮੇਰਾ ਸਕਾ ਭਰਾ ਰਾਜਾ , ਮਾੜੀ ਸੰਗਤ ਵਿੱਚ ਪੈ ਗਿਆ ਹੈ, ਮਨਮਾਨੀਆਂ ਕਰਦਾ ਹੈ ਅਤੇ ਪ੍ਰਵਾਰਿਕ ਕਹਿਣੇ ਅਤੇ ਕੰਟਰੋਲ ਤੋਂ ਬਾਹਰ ਹੈ। ਲਿਹਾਜ਼ਾ ਮੈਂ ਉਸ ਨਾਲ ਆਪਣੇ ਹਰ ਤਰਾਂ ਦੇ ਸੰਬਧ ਖਤਮ ਕਰਨ ਦਾ ਐਲਾਨ ਕਰਦਾ ਹਾਂ। ਇਸ ਲਈ ਉਸ ਨਾਲ ਸੰਬਧ ਰੱਖਣ ਵਾਲਾ ਜਾਂ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੈਂ ਜਾਂ ਮੇਰਾ ਪ੍ਰੀਵਾਰ ਨਹੀਂ।

## ਬੇਦਖਲੀ ਨੋਟਿਸ

ਮੈਂ, ਜਗਤਾਰ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਜਲਵੇੜਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਖਚੈਨ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸੁਰੇਸ਼ ਕੁਮਾਰ ਪੁੱਤਰ ਮੇਘ ਰਾਜ ਵਾਸੀ ਬਰੇਟਾ ਮੰਡੀ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰੀਸ਼ ਕੁਮਾਰ ਪੁੱਤਰ ਸੁਰੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਅਤੇ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਲਾਭ ਸਿੰਘ ਪੁੱਤਰ ਤਾਨਾ ਸਿੰਘ ਵਾਸੀ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਵਾ ਨੂੰਹ ਪੁਸ਼ਪਾ ਦੇਵੀ ਪਤਨੀ ਅਵਤਾਰ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਅਸੀਂ, ਸੁਨੀਤਾ ਦੇਵੀ ਪਤਨੀ ਅਨਿਲ ਕੁਮਾਰ ਸ਼ੁਕਲਾ ਅਤੇ ਅਨਿਲ ਕੁਮਾਰ ਸ਼ੁਕਲਾ ਪੁੱਤਰ ਗਜਰਾਜ ਸ਼ੁਕਲਾ, ਵਾਸੀਆਨ ਮਕਾਨ ਨੰ: 754-755, ਗੁਰੂ ਅਮਰ ਦਾਸ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਮਿਤ ਕੁਮਾਰ ਅਤੇ ਨੂੰਹ ਕਵਿਤਾ ਪਤਨੀ ਅਮਿਤ ਕੁਮਾਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਗਦੀਸ਼ ਕੌਰ ਵਿਧਵਾ ਲਾਲ ਸਿੰਘ,ਵਾਸੀ ਪਿੰਡ ਕੰਧਾਲਾ ਜੱਟਾਂ, ਤਹਿ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਸੁਖਵਿੰਦਰ ਕੌਰ ਵਿਧਵਾ ਜਗਮੋਹਣ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੀ ਕੋਈ ਗੱਲ ਨਹੀਂ ਮੰਨਦੀ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਕੋਈ ਸੰਬੰਧ ਨਹੀਂ ਹੋਵੇਗਾ।

ਮੈਂ, ਤਰਸੇਮ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਿੰਡ ਵਾ ਡਾਕਖਾਨਾ ਭਟਨੂਰਾ ਲੁਬਾਣਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਦਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਗੁਰਦੀਪ ਕੌਰ, ਜੋਕਿ ਮੇਰੇ ਅਤੇ ਮੇਰੇ ਲੜਕੇ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੀ ਨੂੰਹ ਗੁਰਦੀਪ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਉਸ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਉਹ ਉਸ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸੰਬੰਧਤ ਨੋਟ ਕਰਨ।

## ਆਮ ਸੂਚਨਾ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਨੰਗਲਾ ਜਿਲਾ ਸੰਗਰੂਰ ਵੱਲੋਂ ਪੰਚਾਇਤੀ ਜ਼ਮੀਨ/ਸ਼ਾਮਲਾਟ ਵਿੱਚ ਖੜ੍ਹੀਆ ਚਾਰ ਪਹਾੜੀ ਕਿੱਕਰਾਂ ਦੀ ਖੁੱਲ੍ਹੀ ਬੋਲੀ ਮਿਤੀ 8 ਸਤੰਬਰ 2026 ਨੂੰ ਸਵੇਰੇ 11 ਵਜੇ ਮੋਤੀ ਬਾਜ਼ਾਰ ਧਰਮਸ਼ਾਲਾ ਨੰਗਲਾ ਵਿਖੇ ਕਰਵਾਈ ਜਾਵੇਗੀ। ਗ੍ਰਾਮ ਪੰਚਾਇਤ ਨੰਗਲਾ ਮੋਬਾਈਲ ਨੰਬਰ 98150 91883

ਮੈਂ, ਹਰਭਜਨ ਸਿੰਘ ਪੁੱਤਰ ਜਗੀਰ ਸਿੰਘ ਵਾਸੀ 29, ਬਾਬਾ ਦੀਪ ਸਿੰਘ ਐਵੀਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਪਲਾਟ ਨੰ: 194 ਦੀ ਪੁਰਾਣੀ ਰਜਿਸਟਰੀ ਮਿਤੀ 20.12.2000 ਅਤੇ ਮੁਖਤਾਰਨਾਮਾ ਮਿਤੀ 10.09.2001, ਕੁਲ ਰਕਬਾ 456 ਵਰਗ ਗਜ਼, ਖਸਰਾ ਨੰ: 53/8 ਮਿਨ, ਸਫਾ ਨੰ: 46, ਜਿਲਦ ਨੰ: 379, ਵਸੀਕਾ ਨੰ: 5201, ਬਹੀ ਨੰ: 4, ਜੋ 17.08.26 ਨੂੰ ਗੁੰਮ ਹੋ ਗਈ ਹੈ। ਇਸ ਦੀ ਐੱਫ ਆਈ ਆਰ 26.08.2026 ਨੂੰ ਥਾਣਾ ਸਦਰ, ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ। ਇਸ ਦਾ ਜੀ ਡੀ ਨੰ: 027 ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## TSC INDIA LIMITED
## (FORMERLY KNOWN AS TSC TRAVEL SERVICES LIMITED AND TSC TRAVEL SERVICES PRIVATE LIMITED)

OFFICE NO. 3, 2ND FLOOR, MIDLAND FINANCIAL CENTRE, PLOT NO. 21-22, G.T. ROAD, JALANDHAR, PUNJAB - 144001
CIN:-U63040PB2003PLC026209
E-MAIL:- cs@tscpl.biz

### 23ਵੀਂ ਸਾਲਾਨਾ ਆਮ ਮੀਟਿੰਗ ਦੀ ਸੂਚਨਾ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 23ਵੀਂ ਸਾਲਾਨਾ ਆਮ ਮੀਟਿੰਗ (ਏ ਜੀ ਐਮ) ਸੋਮਵਾਰ, 21 ਸਤੰਬਰ, 2026 ਨੂੰ ਦੁਪਹਿਰ 12:00 ਵਜੇ (ਆਈ ਐਸ ਟੀ) ਭੌਤਿਕ ਰੂਪ ਵਿੱਚ ਹੋਟਲ ਪ੍ਰੈਜ਼ੀਡੈਂਟ, ਪੁਲਸ ਲਾਈਨ ਰੋਡ, ਜਲੰਧਰ, ਪੰਜਾਬ—144001 ਵਿਖੇ ਹੋਵੇਗੀ।ਇਸ ਮੀਟਿੰਗ ਵਿੱਚ ਏ ਜੀ ਐਮ ਬੁਲਾਉਣ ਸਬੰਧੀ ਸੂਚਨਾ ਵਿੱਚ ਦਰਸਾਏ ਗਏ ਕਾਰੋਬਾਰੀ ਮਾਮਲਿਆਂ 'ਤੇ ਵਿਚਾਰ ਕੀਤਾ ਜਾਵੇਗਾ। ਏ ਜੀ ਐਮ ਕੰਪਨੀਜ਼ ਐਕਟ, 2013, ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ (ਐਮ ਸੀ ਏ) ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਸਰਕੂਲਰਾਂ, ਨੋਟੀਫਿਕੇਸ਼ਨਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭੌਤਿਕ ਰੂਪ ਵਿੱਚ ਕਰਵਾਈ ਜਾਵੇਗੀ।

ਐਮ ਸੀ ਏ ਵੱਲੋਂ ਜਾਰੀ ਸਰਕੂਲਰ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਸੇਬੀ) ਵੱਲੋਂ ਜਾਰੀ ਸਰਕੂਲਰਾਂ, ਕੰਪਨੀਜ਼ ਐਕਟ, 2013 ( ਐਕਟ ) ਦੀਆਂ ਸੰਬੰਧਿਤ ਧਾਰਾਵਾਂ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ ਰੈਗੂਲੇਸ਼ਨ), 2015 ਦੀ ਪਾਲਣਾ ਕਰਦੇ ਹੋਏ, ਏ ਜੀ ਐਮ ਬੁਲਾਉਣ ਦੀ ਸੂਚਨਾ ਅਤੇ ਵਿੱਤੀ ਵਰ੍ਹਾ 2025-26 (ਸਾਲਾਨਾ ਰਿਪੋਰਟ) 26 ਅਗਸਤ, 2026 ਨੂੰ ਸਿਰਫ਼ ਇਲੈਕਟ੍ਰਾਨਿਕ ਮਾਧਿਅਮ (ਸੇਬੀ ਲਿਸਟਿੰਗ ਰੈਗੂਲੇਸ਼ਨਜ਼) ਰਾਹੀਂ ਉਨ੍ਹਾਂ ਮੈਂਬਰਾਂ ਨੂੰ ਭੇਜੀ ਗਈ ਹੈ, ਜਿਨ੍ਹਾਂ ਦੇ ਈ-ਮੇਲ ਪਤੇ ਆਰ ਟੀ ਏ/ਡਿਪਾਜ਼ਟਰੀਜ਼ ਪਾਰਟੀਸਪੈਂਟਸ (ਡੀ ਪੀਜ਼)/ ਕੰਪਨੀ/ਰਜਿਸਟਰਾਰਜ਼ ਐਂਡ ਟਰਾਂਸਫਰ ਏਜੰਟ, ਅਰਥਾਤ ਬਿਗਸ਼ੇਅਰ ਸਰਵਿਸਿਜ਼ ਪ੍ਰਾਈਵੇਟ ਲਿਮਟਿਡ (ਆਰ ਟੀ ਏ) ਕੋਲ ਰਜਿਸਟਰਡ ਹਨ।

ਜਿਨ੍ਹਾਂ ਸ਼ੇਅਰ ਹੋਲਡਰਾਂ ਨੇ ਕੰਪਨੀ/ਆਰ ਟੀ ਏ/ਡਿਪਾਜ਼ਟਰੀ/ਡੀ ਪੀਜ਼ ਕੋਲ ਆਪਣੇ ਈ-ਮੇਲ ਪਤੇ ਰਜਿਸਟਰ ਨਹੀਂ ਕਰਵਾਏ ਹਨ, ਉਨ੍ਹਾਂ ਨੂੰ ਕੰਪਨੀ ਵੱਲੋਂ ਇੱਕ ਪੱਤਰ ਭੇਜਿਆ ਗਿਆ ਹੈ ਜਿਸ ਵਿੱਚ ਸਾਲਾਨਾ ਰਿਪੋਰਟ (ਨੋਟਿਸ ਸਮੇਤ) ਦੇ ਪੂਰੇ ਵੇਰਵਿਆਂ ਵਾਲੇ ਵੈੱਬ ਲਿੰਕ ਅਤੇ ਉਸ ਤੱਕ ਪਹੁੰਚਣ ਦਾ ਸਹੀ ਮਾਰਗ ਦਿੱਤਾ ਗਿਆ ਹੈ। ਕੋਈ ਵੀ ਮੈਂਬਰ ਸਾਲਾਨਾ ਰਿਪੋਰਟ ਦੀ ਭੌਤਿਕ ਕਾਪੀ ਲਈ ਕੰਪਨੀ ਨੂੰ cs@tscpl.biz 'ਤੇ ਈ-ਮੇਲ ਭੇਜ ਕੇ ਬੇਨਤੀ ਕਰ ਸਕਦਾ ਹੈ।

ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.tscindialimited.com, ਸਟਾਕ ਐਕਸਚੇਂਜ ਅਰਥਾਤ ਨੈਸ਼ਨਲ ਸਟਾਕ ਐਕਸਚੇਂਜ ਇੰਡੀਆ ਲਿਮਟਿਡ ('ਐਨ ਐਸ ਈ-ਇਮਰਜ') ਦੀ ਵੈੱਬਸਾਈਟ www.nseindia.com ਅਤੇ ਸੈਂਟਰਲ ਡਿਪੋਜ਼ਟਰੀ ਸਰਵਿਸ (ਇੰਡੀਆ) ਲਿਮਟਿਡ (ਸੀ ਡੀ ਐਸ ਐਲ) ਦੀ ਵੈੱਬਸਾਈਟ www.evotingindia.com 'ਤੇ ਵੀ ਉਪਲਬਧ ਹੈ।

ਨੋਟਿਸ ਵਿੱਚ ਦਰਸਾਏ ਗਏ ਸਾਰੇ ਦਸਤਾਵੇਜ਼ ਨੋਟਿਸ ਭੇਜਣ ਦੀ ਮਿਤੀ ਤੋਂ ਲੈ ਕੇ ਸੋਮਵਾਰ, 21 ਸਤੰਬਰ, 2026 ਤੱਕ ਇਲੈਕਟ੍ਰਾਨਿਕ ਰੂਪ ਵਿੱਚ ਜਾਂਚ ਲਈ ਉਪਲਬਧ ਰਹਿਣਗੇ।ਜਿਹੜੇ ਮੈਂਬਰ ਇਨ੍ਹਾਂ ਦਸਤਾਵੇਜ਼ਾਂ ਦੀ ਜਾਂਚ ਕਰਨਾ ਚਾਹੁੰਦੇ ਹਨ, ਉਹ ਕੰਪਨੀ ਨੂੰ cs@tscpl.biz 'ਤੇ ਲਿਖ ਸਕਦੇ ਹਨ।

ਏ ਜੀ ਐਮ ਵਿੱਚ ਪ੍ਰਸਤਾਵਿਤ ਮਤਿਆਂ 'ਤੇ ਵੋਟ ਪਾਉਣ ਲਈ ਮੈਂਬਰਾਂ ਦੀ ਯੋਗਤਾ ਨਿਰਧਾਰਤ ਕਰਨ ਦੀ ਕਟ-ਆਫ਼ ਮਿਤੀ ਸੋਮਵਾਰ, 14 ਸਤੰਬਰ, 2026 ਹੈ।

ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੋਟਲ ਪ੍ਰੈਜ਼ੀਡੈਂਟ, ਪੁਲਸ ਲਾਈਨ ਰੋਡ, ਜਲੰਧਰ, ਪੰਜਾਬ—144001 ਵਿਖੇ ਭੌਤਿਕ ਰੂਪ ਵਿੱਚ ਹੋਣ ਵਾਲੀ ਏ ਜੀ ਐਮ ਵਿੱਚ ਸ਼ਾਮਲ ਹੋਣ।ਏ ਜੀ ਐਮ ਦੁਪਹਿਰ 12:00 ਵਜੇ (ਆਈ ਐਸ ਟੀ) ਸ਼ੁਰੂ ਹੋਵੇਗੀ ਅਤੇ ਮੀਟਿੰਗ ਸਥਾਨ 'ਤੇ ਦਾਖ਼ਲਾ ਸਵੇਰੇ 11:00 ਵਜੇ (ਆਈ ਐਸ ਟੀ), ਅਰਥਾਤ ਨਿਰਧਾਰਤ ਸਮੇਂ ਤੋਂ ਇੱਕ ਘੰਟਾ ਪਹਿਲਾਂ, ਸ਼ੁਰੂ ਹੋਵੇਗਾ।ਏ ਜੀ ਐਮ ਵਿੱਚ ਸ਼ਾਮਲ ਹੋਣ ਵਾਲੇ ਮੈਂਬਰਾਂ ਨੂੰ ਨੋਟਿਸ ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਏ ਜੀ ਐਮ ਵਿੱਚ ਹਾਜ਼ਰੀ ਤੇ ਭਾਗ ਲੈਣ ਲਈ ਲੋੜੀਂਦੇ ਦਸਤਾਵੇਜ਼ ਆਪਣੇ ਨਾਲ ਲਿਆਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਭੌਤਿਕ ਰੂਪ ਵਿੱਚ ਏ ਜੀ ਐਮ ਵਿੱਚ ਭਾਗ ਲੈਣ ਵਾਲੇ ਮੈਂਬਰਾਂ ਦੀ ਹਾਜ਼ਰੀ ਨੂੰ ਐਕਟ ਦੀ ਧਾਰਾ 103 ਅਧੀਨ ਲੋੜੀਂਦਾ ਕੋਰਮ ਨਿਰਧਾਰਤ ਕਰਨ ਦੇ ਉਦੇਸ਼ ਲਈ ਗਿਣਿਆ ਜਾਵੇਗਾ।

#### ਰਿਮੋਟ ਈ-ਵੋਟਿੰਗ ਅਤੇ ਏ ਜੀ ਐਮ ਦੌਰਾਨ ਵੋਟਿੰਗ ਸਬੰਧੀ ਹਦਾਇਤਾਂ :

ਕੰਪਨੀਜ਼ ਐਕਟ, 2013 ਦੀ ਧਾਰਾ 108, ਕੰਪਨੀਜ਼ (ਮੈਨੇਜਮੈਂਟ ਅਤੇ ਐਡਮਨਿਸਟਰੇਸ਼ਨ) ਧਾਰਾ, 2014 ਦੇ ਨਿਯਮ 20 (ਸੋਧ ਸਮੇਤ), ਜਨਰਲ ਮੀਟਿੰਗ ('ਐਸ ਐਸ-2') ਅਤੇ ਜਨਰਲ ਮੀਟਿੰਗ ਸੰਬੰਧੀ ਸੇਬੀ ਸੂਚੀਬੱਧਤਾ ਨਿਯਮਾਵਾਲੀ ਦੇ ਨਿਯਮ 44 ਦੀ ਪਾਲਣਾ ਕਰਦੇ ਹੋਏ, ਏ ਜੀ ਐਮ ਵਿੱਚ ਪੇਸ਼ ਕੀਤੇ ਜਾਣ ਵਾਲੇ ਕਾਰੋਬਾਰੀ ਮਾਮਲਿਆਂ ਸਬੰਧੀ ਰਿਮੋਟ ਈ-ਵੋਟਿੰਗ ਦੀ ਸਹੂਲਤ ਸੀ ਡੀ ਐਸ ਐਲ ਰਾਹੀਂ ਕੰਪਨੀ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਹੈ। ਰਿਮੋਟ ਈ-ਵੋਟਿੰਗ ਦੀ ਸਹੂਲਤ ਲਈ ਕੰਪਨੀ ਵੱਲੋਂ ਸੀ ਡੀ ਐਸ ਐਲ ਨਾਲ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ।

#### ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:

ਜਿਸ ਵਿਅਕਤੀ ਦਾ ਨਾਮ ਕਟ-ਆਫ਼ ਮਿਤੀ, ਅਰਥਾਤ ਸੋਮਵਾਰ, 14 ਸਤੰਬਰ, 2026 ਨੂੰ ਮੈਂਬਰਾਂ ਦੇ ਰਜਿਸਟਰ/ਡਿਪਾਜ਼ਟਰੀਜ਼ ਵੱਲੋਂ ਰੱਖੀ ਗਈ ਲਾਭਕਾਰੀ ਮਾਲਕ ਦੀ ਸੂਚੀ ਵਿੱਚ ਦਰਜ ਹੋਵੇਗਾ, ਸਿਰਫ਼ ਉਹੀ ਵਿਅਕਤੀ ਏ ਜੀ ਐਮ ਲਈ ਰਿਮੋਟ ਈ-ਵੋਟਿੰਗ ਦੀ ਸਹੂਲਤ ਲੈਣ ਦਾ ਹੱਕਦਾਰ ਹੋਵੇਗਾ। ਰਿਮੋਟ ਈ-ਵੋਟਿੰਗ ਹੇਠ ਲਿਖੇ ਸਮੇਂ ਦੌਰਾਨ ਉਪਲਬਧ ਰਹੇਗੀ :

| | |
|---|---|
| ਰਿਮੋਟ ਈ-ਵੋਟਿੰਗ ਦੀ ਸ਼ੁਰੂਆਤ | 09.00 ਵਜੇ ਸਵੇਰ (ਆਈ ਐਸ ਟੀ) ਤੋਂ ਸ਼ੁੱਕਰਵਾਰ, 18 ਸਤੰਬਰ 2026 |
| ਰਿਮੋਟ ਈ-ਵੋਟਿੰਗ ਦੀ ਸਮਾਪਤੀ | 05.00 ਵਜੇ ਸ਼ਾਮ ਤੱਕ (ਆਈ ਐਸ ਟੀ) ਐਤਵਾਰ, 20 ਸਤੰਬਰ 2026 ਤੱਕ |

- ਰਿਮੋਟ ਈ-ਵੋਟਿੰਗ ਦੀ ਸਹੂਲਤ ਐਤਵਾਰ, 20 ਸਤੰਬਰ, 2026 ਨੂੰ ਸ਼ਾਮ 5:00 ਵਜੇ ਤੋਂ ਬਾਅਦ ਬੰਦ ਕਰ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਮੈਂਬਰਾਂ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।
- ਜਿਨ੍ਹਾਂ ਮੈਂਬਰਾਂ ਨੇ ਏ ਜੀ ਐਮ ਤੋਂ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਦਿੱਤੀ ਹੈ, ਉਹ ਏ ਜੀ ਐਮ ਵਿੱਚ ਭੌਤਿਕ ਰੂਪ ਵਿੱਚ ਹਾਜ਼ਰ ਹੋ ਕੇ ਭਾਗ ਲੈ ਸਕਦੇ ਹਨ, ਪਰ ਉਹ ਏ ਜੀ ਐਮ ਦੌਰਾਨ ਦੁਬਾਰਾ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ।
- ਜਿਹੜੇ ਮੈਂਬਰ ਏ ਜੀ ਐਮ ਵਿੱਚ ਭੌਤਿਕ ਰੂਪ ਵਿੱਚ ਹਾਜ਼ਰ ਹੋਣਗੇ ਅਤੇ ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਮਤਿਆਂ 'ਤੇ ਆਪਣੀ ਵੋਟ ਨਹੀਂ ਪਾਈ, ਉਹ ਕੰਪਨੀ ਵੱਲੋਂ ਨਿਰਧਾਰਤ ਪ੍ਰਕਿਰਿਆ ਅਨੁਸਾਰ ਏ ਜੀ ਐਮ ਦੌਰਾਨ ਵੋਟ ਪਾਉਣ ਦੇ ਯੋਗ ਹੋਣਗੇ।
- ਜਿਨ੍ਹਾਂ ਵਿਅਕਤੀਆਂ ਨੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਹਾਸਲ ਕੀਤੇ ਹਨ ਅਤੇ ਕੰਪਨੀ ਦੇ ਮੈਂਬਰ ਬਣੇ ਹਨ, ਉਹ ਨੋਟਿਸ ਵਿੱਚ ਦਰਸਾਏ ਅਨੁਸਾਰ ਲੋੜੀਂਦੀ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰਨ ਦੀ ਪ੍ਰਕਿਰਿਆ ਦੀ ਪਾਲਣਾ ਕਰ ਸਕਦੇ ਹਨ।
- ਸਿਰਫ਼ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਸਾਲਾਨਾ ਰਿਪੋਰਟ ਪ੍ਰਾਪਤ ਕਰਨ ਦੇ ਉਦੇਸ਼ ਨਾਲ, ਜੇ ਮੈਂਬਰਾਂ ਦਾ ਈ-ਮੇਲ ਪਤਾ ਡੀ ਪੀਜ਼/ਕੰਪਨੀ/ਆਰ ਟੀ ਏ ਕੋਲ ਰਜਿਸਟਰਡ ਨਹੀਂ ਹੈ, ਤਾਂ ਮੈਂਬਰ cs@tscpl.biz 'ਤੇ ਕੰਪਨੀ ਨੂੰ ਈ-ਮੇਲ ਭੇਜ ਕੇ ਆਪਣੀ ਈ-ਮੇਲ ਆਈ ਡੀ ਰਜਿਸਟਰ ਕਰਵਾ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਹਾਲੇ ਤੱਕ ਆਪਣਾ ਈ-ਮੇਲ ਪਤਾ ਰਜਿਸਟਰ ਨਹੀਂ ਕਰਵਾਇਆ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾ ਈ-ਮੇਲ ਪਤਾ ਆਪਣੇ (ਡੀ ਪੀਜ਼) ਕੋਲ ਰਜਿਸਟਰ ਕਰਵਾਉਣ।
- ਸਾਰੇ ਮੈਂਬਰਾਂ (ਜਿਨ੍ਹਾਂ ਕੋਲ ਭੌਤਿਕ ਰੂਪ ਵਿੱਚ ਸ਼ੇਅਰ ਹਨ ਜਾਂ ਜਿਨ੍ਹਾਂ ਦੇ ਈ-ਮੇਲ ਪਤੇ ਡੀ ਪੀਜ਼/ਕੰਪਨੀ/ ਆਰ ਟੀ ਏ ਕੋਲ ਰਜਿਸਟਰਡ ਨਹੀਂ ਹਨ, ਸਮੇਤ) ਲਈ ਰਿਮੋਟ ਈ-ਵੋਟਿੰਗ ਰਾਹੀਂ ਜਾਂ ਏ ਜੀ ਐਮ ਦੌਰਾਨ ਵੋਟ ਪਾਉਣ ਦੀ ਵਿਸਥਾਰਪੂਰਵਕ ਪ੍ਰਕਿਰਿਆ ਅਤੇ ਹਦਾਇਤਾਂ ਨੋਟਿਸ ਵਿੱਚ ਦਿੱਤੀਆਂ ਗਈਆਂ ਹਨ।

ਡਿਪਾਜ਼ਟਰੀ, ਅਰਥਾਤ ਸੀ ਡੀ ਐਸ ਐਲ ਅਤੇ ਐਨ ਐਸ ਡੀ ਐਲ ਰਾਹੀਂ ਲਾਗਇਨ ਨਾਲ ਸਬੰਧਤ ਕਿਸੇ ਵੀ ਤਕਨੀਕੀ ਸਮੱਸਿਆ ਲਈ ਡੀਮੈਟ ਰੂਪ 'ਚ ਸਕਿਉਰਟੀਜ਼ ਵਿਅਕਤੀਗਤ ਸ਼ੇਅਰ ਹੋਲਡਰਾਂ ਵਾਸਤੇ ਹੈਲਪਡੈਸਕ :

| ਲਾਗਇਨ ਕਿਸਮ | ਹੈਲਪਡੈਸਕ ਵੇਰਵੇ |
|---|---|
| ਸੀ ਡੀ ਐਸ ਐਲ ਕੋਲ ਡੀਮੈਟ ਰੂਪ 'ਚ ਸਕਿਉਰਟੀਜ਼ ਰੱਖਣ ਵਾਲੇ ਵਿਅਕਤੀਗਤ ਸ਼ੇਅਰਹੋਲਡਰਜ਼। | ਲਾਗਇਨ 'ਚ ਕਿਸੇ ਕਿਸਮ ਦੀ ਤਕਨੀਕੀ ਸਮੱਸਿਆ ਦਾ ਸਾਹਮਣਾ ਕਰ ਰਹੇ ਮੈਂਬਰਾਂ ਨੂੰ helpdesk.evoting@cdslindia.com'ਤੇ ਬੇਨਤੀ ਭੇਜ ਕੇ ਸੀ ਡੀ ਐਸ ਐਲ ਨਾਲ ਸੰਪਰਕ ਕਰ ਸਕਦੇ ਹਨ ਜਾਂ ਟੋਲ ਫ਼ੀ ਨੰ. 1800225533 'ਤੇ ਸੰਪਰਕ ਕਰ ਸਕਦੇ ਹਨ। |
| ਐਨ ਐਸ ਡੀ ਐਲ ਕੋਲ ਡੀਮੈਟ ਰੂਪ 'ਚ ਸਕਿਉਰਟੀਜ਼ ਰੱਖਣ ਵਾਲੇ ਵਿਅਕਤੀਗਤ ਸ਼ੇਅਰਹੋਲਡਰਜ਼। | ਲਾਗਇਨ 'ਚ ਕਿਸੇ ਕਿਸਮ ਦੀ ਤਕਨੀਕੀ ਸਮੱਸਿਆ ਦਾ ਸਾਹਮਣਾ ਕਰ ਰਹੇ ਮੈਂਬਰਾਂ ਨੂੰ evoting@nsdl.co.in 'ਤੇ ਬੇਨਤੀ ਭੇਜ ਕੇ ਐਨ ਐਸ ਡੀ ਐਲ ਨਾਲ ਸੰਪਰਕ ਕਰ ਸਕਦੇ ਹਨ ਜਾਂ ਟੋਲ ਫ਼ੀ ਨੰ. 1800 1020 990 ਅਤੇ 1800 22 44 30 'ਤੇ ਸੰਪਰਕ ਕਰ ਸਕਦੇ ਹਨ। |

ਡਾਇਰੈਕਟਰਾਂ ਦੇ ਬੋਰਡ ਨੇ ਮੈਸ. ਪੀ ਐਸ ਰੈਲੀ ਐਂਡ ਐਸੋਸੀਏਟਸ, ਪ੍ਰੈਕਟਿਸਿੰਗ ਕੰਪਨੀ ਸਕੱਤਰਾਂ ਦੇ ਪਰਮਿੰਦਰ ਪਾਲ ਸਿੰਘ ਰੈਲੀ (ਮੈਂਬਰਸ਼ਿਪ ਨੰ. ਐਫ ਸੀ ਐਫ 6861) ਨੂੰ ਸਕਰੂਟੀਨਾਈਜ਼ਰ ਨਿਯੁਕਤ ਕੀਤਾ ਹੈ। ਉਹ ਰਿਮੋਟ ਈ-ਵੋਟਿੰਗ ਪ੍ਰਕਿਰਿਆ ਦੇ ਨਾਲ-ਨਾਲ ਏ ਜੀ ਐਮ ਵਿੱਚ ਹੋਣ ਵਾਲੀ ਵੋਟਿੰਗ ਪ੍ਰਕਿਰਿਆ ਦੀ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਜਾਂਚ ਕਰਨਗੇ।

ਰਿਮੋਟ ਈ-ਵੋਟਿੰਗ ਅਤੇ ਏ ਜੀ ਐਮ ਦੌਰਾਨ ਹੋਈ ਵੋਟਿੰਗ ਦੇ ਨਤੀਜੇ ਏ ਜੀ ਐਮ ਦੀ ਸਮਾਪਤੀ ਤੋਂ ਦੋ ਕਾਰਜਕਾਰੀ ਦਿਨਾਂ ਦੇ ਅੰਦਰ ਘੋਸ਼ਿਤ ਕੀਤੇ ਜਾਣਗੇ।

ਘੋਸ਼ਿਤ ਕੀਤੇ ਗਏ ਨਤੀਜੇ, ਸਕਰੂਟੀਨਾਈਜ਼ਰ ਦੀ ਰਿਪੋਰਟ ਸਮੇਤ, ਨਤੀਜਿਆਂ ਦੀ ਘੋਸ਼ਣਾ ਤੋਂ ਤੁਰੰਤ ਬਾਅਦ ਕੰਪਨੀ ਦੀ ਵੈੱਬਸਾਈਟ www.tscindialimited.com ਅਤੇ ਸੀ ਡੀ ਐਸ ਐਲ ਦੀ ਵੈੱਬਸਾਈਟ www.evotingindia.com 'ਤੇ ਤੁਰੰਤ ਉਪਲਬਧ ਕਰਵਾਏ ਜਾਣਗੇ।

ਇਸ ਤੋਂ ਇਲਾਵਾ, ਨਤੀਜੇ ਉਸ ਸਟਾਕ ਐਕਸਚੇਂਜ ਨੂੰ ਵੀ ਸੂਚਿਤ ਕੀਤੇ ਜਾਣਗੇ ਜਿੱਥੇ ਕੰਪਨੀ ਦੇ ਸ਼ੇਅਰ ਸੂਚੀਬੱਧ ਹਨ, ਅਰਥਾਤ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ (ਐਨ ਐਸ ਈ-ਇਮਰਜ), ਅਤੇ ਇਸ ਦੀ ਵੈੱਬਸਾਈਟ www.nseindia.com 'ਤੇ ਵੀ ਉਪਲਬਧ ਕਰਵਾਏ ਜਾਣਗੇ।

ਸਥਾਨ : ਜਲੰਧਰ
ਮਿਤੀ : 26.08.2026

ਵਾਸਤੇ ਟੀ ਐਸ ਸੀ ਇੰਡੀਆ ਲਿਮਟਿਡ
ਸਹੀ/-
ਸੋਨੀਆ ਗਾਬਾ
ਕੰਪਨੀ ਸੈਕਰੇਟਰੀ

# ਮਹਿੰਗਾਈ ਤੇ ਕਾਲਾ-ਬਾਜ਼ਾਰੀ ਖ਼ਿਲਾਫ਼ ਰੋਸ ਮਾਰਚ

**ਦੁਸਾਂਝ ਕਲਾਂ (ਸੁਰਿੰਦਰ ਪਾਲ ਕੁੱਕੂ)** ਦਿਹਾਤੀ ਮਜ਼ਦੂਰ ਸਭਾ ਦੇ ਯੂਨਿਟ ਦੁਸਾਂਝ ਕਲਾਂ ਅਤੇ ਬਹੁਜਨ ਸਮਾਜ ਪਾਰਟੀ ਦੇ ਯੂਨਿਟ ਦੁਸਾਂਝ ਕਲਾਂ ਵੱਲੋਂ ਸਾਂਝੇ ਤੌਰ ਤੇ ਦੁਸਾਂਝ ਕਲਾਂ ਦੇ ਅੱਡੇ ਤੇ ਦਿਨੋਂ-ਦਿਨ ਵੱਧ ਰਹੀ ਮਹਿੰਗਾਈ, ਕਾਲਾ ਬਾਜ਼ਾਰੀ ਦੇ ਖ਼ਿਲਾਫ਼ [illegible] ਰੋਸ ਮਾਰਚ ਕੀਤਾ ਗਿਆ। ਰੋਸ ਮਾਰਚ ਨੂੰ ਸੰਬੋਧਨ ਕਰਦੇ ਹੋਏ ਹਰਮੇਸ਼ ਵਿਰਦੀ, ਦੀਪਕ ਰਾਏ, ਬਲਵਿੰਦਰ ਸਿੰਘ ਬਿੰਦਾ, ਰਾਮ ਨਾਥ ਸਾਬਕਾ ਪੰਚ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਸਾਂਗ ਕੀਤੀ ਕਿ ਮਹਿੰਗਾਈ ਤੇ ਕਾਲਾ ਬਾਜ਼ਾਰੀ ਕਾਰਨ ਕੀਮਤਾਂ ਆਸਮਾਨ ਛੂਹ ਰਹੀ ਹੈ, ਜਿਵੇਂ ਕਿ ਖੰਡ 70 ਰੁਪਏ ਕਿੱਲੋ, ਸਰੋਂ ਦਾ ਤੇਲ ਇੱਕ ਲੀਟਰ 185 ਰੁਪਏ, ਘਿਓ ਇੱਕ ਕਿੱਲੋ 170 ਰੁਪਏ, ਪੈਟਰੋਲ 104 ਰੁਪਏ, ਡੀਜਲ 93 ਰੁਪਏ, ਘਰੇਲੂ ਸਿਲੰਡਰ ਇੱਕ ਹਜ਼ਾਰ ਤੋਂ ਪਾਰ ਵਿਕ ਰਹੇ ਹਨ। ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਜਦੋਂ ਕੁੱਝ ਚੋਣਵੇਂ ਕਾਰਪੋਰੇਟ ਘਰਾਣਿਆਂ ਅਤੇ ਰਾਜਸੀ ਲੀਡਰਾਂ ਦੇ ਖੰਡ ਮਿੱਲਾਂ ਉੱਤੇ ਕਬਜ਼ੇ ਕਰਵਾ ਦਿੱਤੇ ਗਏ ਹਨ ਅਤੇ ਉਹ ਹੀ ਨੀਤੀਆਂ ਘੜਨ ਲੱਗ ਗਏ ਹਨ ਤਾਂ ਚੀਨੀ ਦੀ ਮਿਠਾਸ ਵੀ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤੀ ਗਈ ਹੈ। [illegible] ਸਪਲਾਈ ਕਰਨ ਅਤੇ ਵੱਧ ਰਹੀ ਮਹਿੰਗਾਈ ਨੂੰ ਵੱਧ ਪਾਵੇ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੁਸਾਂਝ ਕਲਾਂ ਅਤੇ ਬਹੁਜਨ ਸਮਾਜ ਪਾਰਟੀ ਯੂਨਿਟ ਦੁਸਾਂਝ ਕਲਾਂ ਵੱਲੋਂ ਕੇਂਦਰ ਸਰਕਾਰ ਦੇ ਖ਼ਿਲਾਫ਼ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਸਾਬਕਾ ਪੰਚ ਰਾਮ ਨਾਥ, ਦੀਪਕ ਰਾਏ, ਹਰਮੇਸ਼ ਵਿਰਦੀ, ਬਲਵਿੰਦਰ ਸਿੰਘ ਬਿੰਦਾ, ਕੁਲਵਿੰਦਰ ਕਿੰਦਾ, ਸੰਤੋਖ ਸਿੰਘ, ਬਾਵਾ, ਵਿਨੋਦ ਵਿਰਦੀ, ਸੋਨੂੰ ਦੁਸਾਂਝ, ਅਸ਼ੋਕ ਕੁਮਾਰ, ਮਲਕੀਅਤ ਚੰਦ, ਰਾਜ ਕੁਮਾਰ ਤੋਂ ਇਲਾਵਾਂ ਇਲਾਕੇ ਭਰ ਤੋਂ ਭਾਰੀ ਗਿਣਤੀ ਵਿੱਚ ਸਾਥੀ ਆਦਿ ਹਾਜ਼ਰ ਸਨ।

# ਹਲਵਾਈ ਦੀ ਦੁਕਾਨ ਤੋਂ ਮੋਟਰਸਾਈਕਲ, ਸਿਲੰਡਰ ਤੇ ਕੂਲਰ ਚੋਰੀ

**ਮਾਹਿਲਪੁਰ (ਸਹਗੋ)**- ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ ਤੇ ਪੈਂਦੇ ਪਿੰਡ ਟੂਟੋਮਜਾਰਾ ਵਿਚ ਚੋਰਾਂ ਨੇ ਹਲਵਾਈ ਦੀ ਦੁਕਾਨ ਵਿਚੋਂ ਮੋਟਰਸਾਈਕਲ, ਗੈਸ ਸਿਲੰਡਰ, ਕੂਲਰ ਅਤੇ ਫਰੂਟੀਆਂ ਚੋਰੀ ਕੀਤੀਆਂ। ਦੁਕਾਨਦਾਰ ਨੇ ਥਾਣਾ ਮਾਹਿਲਪੁਰ ਵਿੱਚ ਰਿਪੋਰਟ ਦਰਜ ਕਰਵਾਈ। ਪ੍ਰਾਪਤ ਜਾਣਕਾਰੀ ਅਨੁਸਾਰ ਬਲਾਕ ਮਾਹਿਲਪੁਰ ਪੈਂਦੇ ਪਿੰਡ ਟੂਟੋ ਮਜਾਰਾ [illegible] ਦੇ ਮਾਲਕ ਜਸਵੀਰ ਸਿੰਘ ਨੇ ਦੱਸਿਆ ਕਿ 27 ਅਗਸਤ ਨੂੰ ਸਵੇਰੇ [illegible] ਜਦੋਂ ਮੈਂ ਆਪਣੀ ਦੁਕਾਨ ਖੋਲ੍ਹਣ ਲੱਗਾ ਤਾਂ ਦੇਖਿਆ ਕਿ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ ਤੇ ਸ਼ਟਰ ਬੰਦ ਹੈ। ਜਦੋਂ ਮੈਂ ਸ਼ਟਰ ਖੋਲ੍ਹਿਆ ਤਾਂ ਦੇਖਿਆ ਕਿ ਸਾਰਾ ਮੋਟਰਸਾਈਕਲ ਮਾਰਕਾ ਸਪਲੈਂਡਰ ਨੰਬਰ ਪੀ ਬੀ 0 ਸੀ 2385 , ਗੈਸ ਨਾਲ ਭਰੇ ਹੋਏ ਦੋ ਸਿਲੰਡਰ, ਕੂਲਰ, ਇਕ ਰਿਫਾਈਂਡ ਦਾ ਭਰਿਆ ਹੋਇਆ ਪੀਪਾ ਅਤੇ ਫਰਿਜ ਵਿਚੋਂ ਫਰੂਟੀਆਂ ਅਤੇ ਹਿੱਲ ਡਰਿੰਕ ਗਾਇਬ ਸੀ ਜੋ ਚੋਰਾਂ ਨੇ ਰਾਤ ਸਮੇਂ ਚੋਰੀ ਕਰ ਲਿਆ ਹੈ। ਉਸ ਨੇ ਦੱਸਿਆ ਕਿ ਚੋਰਾਂ ਨੇ ਚੋਰੀ ਕਰਦੇ ਸਮੇਂ ਦੁਕਾਨ ਵਿਚ ਹੀ ਕਾਫੀ ਮਾਤਰਾ ਵਿੱਚ ਫਰੂਟੀਆਂ ਅਤੇ ਹਿੱਲ ਡਰਿੰਕ ਪੀ ਕੇ ਚੋਰੀ ਨੂੰ ਇੰਜਾਮ ਦਿਤਾ। ਦੁਕਾਨ ਮਾਲਕ ਨੇ ਦੱਸਿਆ ਕਿ ਥਾਣਾ ਮਾਹਿਲਪੁਰ ਵਿਚ ਰਿਪੋਰਟ ਦਰਜ ਕਰਵਾ ਦਿਤੀ ਹੈ।

# 1,135 ਮਹਿਲਾ ਸਤਿਕਾਰ ਸਖੀਆਂ ਨੂੰ 39.18 ਲੱਖ ਦੀ ਸਨਮਾਨ ਰਾਸ਼ੀ ਮਿਲੀ : ਚੱਬੇਵਾਲ

**ਹੁਸ਼ਿਆਰਪੁਰ (ਡਾ. ਰਮਨ)**- ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਜ਼ਿਲ੍ਹੇ ਦੀਆਂ 1,135 ਮਹਿਲਾ ਸਤਿਕਾਰ ਸਖੀਆਂ ਨੂੰ ਪੰਜਾਬ ਸਰਕਾਰ ਦੀ ਪ੍ਰਮੁੱਖ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ 39.18 ਲੱਖ ਰੁਪਏ ਦੀ ਸਨਮਾਨ ਰਾਸ਼ੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮਿਲ ਗਈ ਹੈ। [illegible] ਨੇ ਦੱਸਿਆ ਕਿ ਯੋਗ ਔਰਤਾਂ ਤੱਕ ਪਹੁੰਚ ਕਰਨ ਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਵਿੱਚ ਮਹਿਲਾ ਸਤਿਕਾਰ ਸਖੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਯੋਜਨਾ ਤਹਿਤ [illegible] 300 ਰੁਪਏ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਬ੍ਰੀਫਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ [illegible] ਪੰਜਾਬ ਭਰ ਦੀਆਂ ਕੁੱਲ 1.37 ਲੱਖ ਮਹਿਲਾ ਸਤਿਕਾਰ ਸਖੀਆਂ ਨੂੰ 52.20 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਮੁਹੱਈਆ ਕਰਵਾਈ।ਐਮ ਪੀ ਨੇ ਕਿਹਾ ਕਿ ਮਹਿਲਾ ਸਤਿਕਾਰ ਸਖੀਆਂ ਦੇ ਉਪਰਾਲਿਆਂ ਦੀ ਬਦੌਲਤ ਇਸ ਯੋਜਨਾ ਦਾ ਘੇਰਾ ਵਿਸ਼ਾਲ ਹੋਇਆ ਹੈ, ਜਿਸ ਤਹਿਤ ਪੂਰੇ ਪੰਜਾਬ ਵਿੱਚ 75 ਲੱਖ ਤੋਂ ਵੱਧ ਔਰਤਾਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਖੀਆਂ ਸਰਕਾਰ ਅਤੇ ਮਹਿਲਾ ਲਾਭਪਾਤਰੀਆਂ ਵਿਚਕਾਰ ਇੱਕ ਮਜ਼ਬੂਤ ਜ਼ਮੀਨੀ ਕੜੀ ਵਜੋਂ ਉੱਭਰੀਆਂ ਹਨ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਜਾਗਰੂਕਤਾ ਦੀ ਘਾਟ, ਦਸਤਾਵੇਜ਼ਾਂ ਜਾਂ ਰਜਿਸਟ੍ਰੇਸ਼ਨ ਪ੍ਰਕਿਰਿਆ ਦੀਆਂ ਮੁਸ਼ਕਲਾਂ ਕਾਰਨ ਕੋਈ ਵੀ ਯੋਗ ਔਰਤ ਵਾਂਝੀ ਨਾ ਰਹੇ।

# ਜਿੰਪਾ ਨੇ ਨਾਰੂ ਨੰਗਲ ਖਾਸ 'ਚ ਖੇਡ ਮੈਦਾਨ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਨਾਰੂ ਨੰਗਲ ਖਾਸ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਖੇਡ ਮੈਦਾਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਪਿੰਡ ਪੱਧਰ 'ਤੇ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ।ਵਿਧਾਇਕ ਜਿੰਪਾ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਨਾਲ-ਨਾਲ ਅਨੁਸ਼ਾਸਨ, ਟੀਮ ਭਾਵਨਾ ਅਤੇ ਸਕਾਰਾਤਮਕ ਸੋਚ ਵਿਕਸਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਪਿੰਡ ਪੱਧਰ ਤੱਕ ਆਧੁਨਿਕ ਖੇਡ ਸਹੂਲਤਾਂ ਪਹੁੰਚਾਉਣਾ ਹੈ, ਤਾਂ ਜੋ ਪੇਂਡੂ ਖੇਤਰਾਂ ਦੇ ਖਿਡਾਰੀ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਦੇਸ਼ ਜ਼ਿਲ੍ਹਾ, ਸੂਬਾ ਅਤੇ ਕੌਮੀ ਪੱਧਰ ਤੱਕ ਨਾਮ ਰੌਸ਼ਨ ਕਰ ਸਕਣ।ਉਨ੍ਹਾਂ ਪਿੰਡ ਵਾਸੀਆਂ ਨੂੰ ਨਵੇਂ ਖੇਡ ਮੈਦਾਨ ਲਈ ਵਧਾਈ ਦਿੰਦਿਆਂ ਕਿਹਾ ਕਿ ਇਸ ਦਾ ਵੱਧ ਤੋਂ ਵੱਧ ਉਪਯੋਗ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਗਤੀਸ਼ੀਲ ਜੀਵਨ ਸ਼ੈਲੀ ਵੱਲ ਪ੍ਰੇਰਿਤ ਕੀਤਾ ਜਾ ਸਕੇ। ਇਸ ਮੌਕੇ ਸਰਪੰਚ ਊਸ਼ਾ ਰਾਣੀ, ਸਰਪੰਚ ਰੇਸ਼ਮ ਸਿੰਘ, ਹਰਜ ਸ਼ਰਮਾ, ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੁਮਾਰ ਅਤੇ ਬਲਾਕ ਪ੍ਰਧਾਨ ਬਲਜੀਤ ਸਿੰਘ ਸਮੇਤ ਹੋਰ ਪਤਵੰਤੇ ਵਿਅਕਤੀ ਅਤੇ ਪਿੰਡ ਵਾਸੀ ਮੌਜੂਦ ਸਨ।

# ਰੇਨਬੋ ਪਬਲਿਕ ਸਕੂਲ ਤੇ ਰੇਨਬੋ ਸਟਾਰਸ 'ਚ ਰੱਖੜੀ ਦਾ ਤਿਉਹਾਰ ਮਨਾਇਆ

**ਆਦਮਪੁਰ (ਗੁਰਜੀਤ ਸਿੰਘ)**- ਰੇਨਬੋ ਪਬਲਿਕ ਸਕੂਲ ਅਤੇ ਰੇਨਬੋ ਸਟਾਰਸ ਦੇ ਪ੍ਰਬੰਧਕ ਅਨਿਲ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭੈਣ-ਭਰਾ ਦੇ ਪਵਿੱਤਰ ਤਿਉਹਾਰ ਰੱਖੜੀ ਦੇ ਸੰਬੰਧ ਵਿੱਚ ਮੁਕਾਬਲਿਆਂ ਦਾ ਆਯੋਜਨ ਕੀਤਾ, ਜਿਸ ਦੀ ਪ੍ਰਧਾਨਗੀ ਮੈਨੇਜਰ ਜੋਧ ਸਿੰਘ ਭੋਗਰਾ ਤੇ ਪ੍ਰਿੰਸੀਪਲ ਸੰਧਿਆ ਮਹਿਤਾ ਦੁਆਰਾ ਕੀਤੀ ਗਈ।ਇਹਨਾਂ ਮੁਕਾਬਲਿਆਂ ਦੇ ਤਹਿਤ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੇ ਕਾਰਡ ਮੇਕਿੰਗ ਮੁਕਾਬਲੇ, ਜਮਾਤ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਥਾਲੀ ਸਜਾਉਣ ਅਤੇ ਨੌਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਰੱਖੜੀ ਬਣਾਉਣ ਦੇ ਮੁਕਾਬਲੇ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਰੰਗ-ਬਿਰੰਗੇ ਕਾਗਜ਼ਾਂ, ਧਾਗਿਆਂ, ਮੋਤੀਆਂ ਅਤੇ ਚੌਲਾਂ ਨਾਲ ਸੁੰਦਰ ਰੱਖੜੀਆਂ ਬਣਾਈਆਂ ਤੇ ਥਾਲੀਆਂ ਨੂੰ ਸਜਾਇਆ। ਰੇਨਬੋ ਸਟਾਰਸ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਵੀ ਇੱਕ ਦੂਜੇ ਨੂੰ ਰੱਖੜੀ ਬੰਨ੍ਹ ਕੇ ਇਸ ਤਿਉਹਾਰ ਨੂੰ ਅਧਿਆਪਕਾਂ ਨਾਲ ਮਨਾਇਆ। ਮੈਨੇਜਰ ਜੋਧ ਸਿੰਘ ਭੋਗਰਾ ਤੇ ਪ੍ਰਿੰਸੀਪਲ ਸੰਧਿਆ ਮਹਿਤਾ ਨੇ ਇਸ ਪਵਿੱਤਰ ਤਿਉਹਾਰ ਉੱਤੇ ਸਭ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਮੁਲਾਜ਼ਮਾਂ ਦੇ ਸੰਘਰਸ਼ ਦੀ ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਵੱਲੋਂ ਹਮਾਇਤ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਨੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ 27 ਅਗਸਤ ਨੂੰ ਦਫ਼ਤਰਾਂ ਦਾ ਕੰਮਕਾਜ ਠੱਪ ਕਰਨ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਕੀਤੀ ਜਾ ਰਹੀ ਵੱਡੀ ਰੈਲੀ ਦੀ ਪੂਰਨ ਹਮਾਇਤ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਦੇ ਕਨਵੀਨਰ ਅਡਵੋਕੇਟ ਰਜਿੰਦਰ ਸਿੰਘ ਰਾਣਾ, ਕਿਰਤੀ ਕਿਸਾਨ ਯੂਨੀਅਨ ਦੇ ਪੰਜਾਬ ਸੂਬਾ ਜਨਰਲ ਸਕੱਤਰ ਰਸ਼ਪਾਲ ਸਿੰਘ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਰਤੜਾ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਟਕਾਉਣ ਦੀ ਬਜਾਏ ਤੁਰੰਤ ਪ੍ਰਵਾਨ ਕਰਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ।ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਨੂੰ ਹੋਰ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵਿੱਚ ਸਰਕਾਰ ਦੀਆਂ ਨੀਤੀਆਂ ਪ੍ਰਤੀ ਰੋਸ ਲਗਾਤਾਰ ਵਧ ਰਿਹਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਮੁਲਾਜ਼ਮਾਂ ਦਾ ਹੱਕ ਹੈ। ਇਸ ਤੋਂ ਇਲਾਵਾ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਮਿਲਣੀਆਂ ਯਕੀਨੀ ਬਣਾਈਆਂ ਜਾਣ।

# ਜੀ ਆਰ ਡੀ ਕਾਲਜ ਵਿਖੇ ਮਨਾਇਆ 'ਧੀਆਂ ਦਾ ਮੇਲਾ'

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਵਲੋਂ ਮਹਾਰਾਜਾ ਰਣਜੀਤ ਸਿੰਘ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਸਹਿਯੋਗ ਸਦਕਾ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਧੀਆਂ ਨੂੰ ਵੀ ਪੁੱਤਰਾਂ ਵਾਂਗ ਸਤਿਕਾਰ ਦੇਣ ਦਾ ਸੁਨੇਹਾ ਦਿੰਦੇ ਹੋਏ 'ਧੀਆਂ ਦਾ ਮੇਲਾ' ਸਮਾਗਮ ਜੀ ਆਰ ਡੀ ਕੋ-ਐਜੂਕੇਸ਼ਨਲ ਕਾਲਜ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੀ ਪ੍ਰਧਾਨਗੀ ਤੀਰਥ ਸਿੰਘ ਪਦਮ ਅਤੇ ਜਸਪਾਲ ਕੌਰ ਪਦਮ ਜਲੰਧਰ ਨੇ ਕੀਤੀ। ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸਮਾਜ ਸੇਵਕ ਅਮਨਦੀਪ ਸਿੰਘ ਬਸਰਾ ਅਤੇ ਰਾਜਵਿੰਦਰ ਕੌਰ ਬਸਰਾ ਨੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਵਿਦਿਆਰਥਣਾਂ ਵਲੋਂ ਪੰਜਾਬੀ ਸੱਭਿਆਚਾਰ ਨਾਲ ਜੁੜਿਆ ਪ੍ਰਭਾਵਸ਼ਾਲੀ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਸੱਭਿਆਚਾਰਕ ਲੋਕਗੀਤ, ਬੋਲੀਆਂ, ਗਿੱਧਾ, ਭਗੰੜਾ, ਕੋਰੀਓਗਰਾਫੀ ਆਦਿ ਦੀਆਂ ਪੇਸ਼ਕਾਰੀਆਂ ਨੂੰ ਖਾਸ ਤੌਰ ਤੇ ਪਸੰਦ ਕੀਤਾ ਗਿਆ। ਵਿਦਿਆਰਥੀਆਂ ਦੀਆਂ ਵੱਖ ਵੱਖ ਪ੍ਰਤਿਯੋਗੀਤਾਵਾਂ ਵੀ ਕਰਵਾਈਆਂ ਗਈਆਂ। ਜਿਸ ਵਿਚ ਪੱਲਵੀ ਦੇ ਸਿਰ ਧੀਆਂ ਦਾ ਤਾਜ ਸਜਾਇਆ ਗਿਆ ਜਦਕਿ ਐਨਾ ਨੇ ਮੁਸਕਾਨ ਪੰਜਾਬ ਦੀ, ਅਨੂਪ੍ਰੀਆ ਨੇ ਗਿੱਧਿਆਂ ਦੀ ਰਾਣੀ, ਸਰੂੰ ਜਿਹਾ ਕੱਦ ਦਾ ਖਿਤਾਬ ਹਰਮਨਦੀਪ ਕੌਰ, ਤੋਰ ਪੰਜਾਬਣ ਦੀ ਦਾ ਟਾਈਟਲ ਨਵਨੀਤ ਕੌਰ ਨੇ ਆਪਣੇ ਨਾਮ ਕੀਤਾ। ਪੇਸ਼ਕਾਰੀਆਂ ਦੇਣ ਵਾਲੇ ਵਿਦਿਆਰਥੀਆਂ ਨੂੰ ਪੁਰਸਕਾਰ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਜੱਜਾਂ ਦੀ ਭੂਮਿਕਾ ਸੀਨੀਅਰ ਆਰਟਿਸਟ ਪੂਜਾ ਸਾਹਨੀ, ਸਤਵਿੰਦਰ ਕੌਰ ਅਤੇ ਪੂਨਮ ਸ਼ਰਮਾ ਫਗਵਾੜਾ ਵਲੋਂ ਨਿਭਾਈ ਗਈ। ਮੁੱਖ ਮਹਿਮਾਨ ਅਮਨਦੀਪ ਸਿੰਘ ਬਸਰਾ ਅਤੇ ਰਾਜਵਿੰਦਰ ਕੌਰ ਬਸਰਾ ਤੋਂ ਇਲਾਵਾ ਕਾਲਜ ਦੇ ਡਾਇਰੈਕਟਰ (ਐਜੂਕੇਸ਼ਨ) ਡਾ. ਨੀਲਮ ਸੇਠੀ, ਡਾ. ਤੀਰਥ ਰਾਮ ਬਸਰਾ ਕੋਆਰਡੀਨੇਟਰ ਅਤੇ ਪ੍ਰਿੰਸੀਪਲ ਗੁਰਜੀਤ ਕੌਰ ਨੇ ਦੋਵੇਂ ਜੱਥੇਬੰਦੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਅਖੀਰ ਵਿਚ ਸੁਸਾਇਟੀ ਦੇ ਪ੍ਰਧਾਨ ਗੀਤ-ਪ੍ਰੀਤ ਪਾਲ ਸਿੰਘ ਨੇ ਮੁੱਖ ਮਹਿਮਾਨਾਂ, ਪਤਵੰਤਿਆਂ, ਕਾਲਜ ਪ੍ਰਬੰਧਕਾਂ ਅਤੇ ਖਾਸ ਤੌਰ ਤੇ ਰਿਪਲ ਕੁਮਾਰ ਸਰਪੰਚ ਵਜੀਦੋਵਾਲ ਦੇ ਨਾਲ ਉਹਨਾਂ ਦੀ ਧਰਮ ਪਤਨੀ ਸੋਨੀਆ ਸ਼ਰਮਾ ਸਮੇਤ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸਲਵਿੰਦਰ ਸਿੰਘ ਜੱਸੀ ਰਿਟਾ. ਸੁਪਰਡੈਂਟ ਅਤੇ ਰਿਟਾ. ਪ੍ਰਿੰਸੀਪਲ ਹਰਮੇਸ਼ ਪਾਠਕ ਵਲੋਂ ਆਪਣੇ ਜਾਣੇ-ਪਛਾਣੇ ਅੰਦਾਜ ਵਿਚ ਨਿਭਾਈ ਗਈ। ਇਸ ਮੌਕੇ ਅਭਿਲਾਸ਼ਾ ਬਾਲੀ, ਬਲਵਿੰਦਰ ਸਿੰਘ ਪਲਾਹੀ, ਹਰਦੀਪ ਰੱਤੂ, ਹਰਮਨਦੀਪ ਕੌਰ, ਹਰਪ੍ਰੀਤ ਕੌਰ, ਕੋਮਲ, ਜਸਮੀਨ, ਰਮਨਪ੍ਰੀਤ ਕੌਰ, ਹਰਮਨ, ਹਰਦੀਪ, ਜੈਸਮੀਨ ਕੌਰ, ਗੁਰਪ੍ਰੀਤ ਕੌਰ, ਗੁਰਲੀਨ, ਏਂਜਲ ਪ੍ਰੀਤ ਕੌਰ, ਨਵਪ੍ਰੀਤ, ਮਹਿਕ, ਨੇਹਾ, ਨਵਦੀਪ, ਪੂਜਾ ਸ਼ਰਮਾ, ਵੰਦਨਾ, ਰਮਨਪ੍ਰੀਤ ਕੌਰ, ਇੰਦਰਜੀਤ ਕੌਰ, ਤਮੰਨਾ ਆਦਿ ਤੋਂ ਇਲਾਵਾ ਕਾਲਜ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਡਿਪਟੀ ਕਮਿਸ਼ਨਰ ਨੇ ਐੱਸ ਆਈ ਆਰ ਤਹਿਤ ਨੋਟਿਸ ਸੁਣਵਾਈ ਪ੍ਰਕਿਰਿਆ ਦਾ ਲਿਆ ਜਾਇਜ਼ਾ

**ਕਪੂਰਥਲਾ (ਮਨਜੀਤ ਮਾਨ)**- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਅਕਾਸ਼ ਬਾਂਸਲ ਨੇ ਵੋਟਰ ਸੂਚੀ ਦੀ ਡਰਾਫਟ ਪ੍ਰਕਾਸ਼ਨਾ ਤੋਂ ਬਾਅਦ ਜਾਰੀ ਕੀਤੇ ਨੋਟਿਸਾਂ ਦੇ ਸਬੰਧ ਵਿੱਚ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ ਦੇ ਹਿੱਸੇ ਵਜੋਂ ਸਥਾਪਿਤ ਦੋ ਨੋਟਿਸ ਸੁਣਵਾਈ ਕੇਂਦਰਾਂ ਦਾ ਨਿਰੀਖਣ ਕੀਤਾ ਤੇ ਲੋਕਾਂ ਦੀ ਸੁਣਵਾਈ ਪ੍ਰਕਿਰਿਆ ਦਾ ਜਾਇਜ਼ਾ ਲਿਆ।ਡਿਪਟੀ ਕਮਿਸ਼ਨਰ ਨੇ ਧਾਲੀਵਾਲ ਦੋਨਾ ਵਿਖੇ ਡੀ.ਐਮ. ਵੇਅਰਹਾਊਸਿੰਗ ਮਨਦੀਪ ਸਿੰਘ ਅਤੇ ਕਪੂਰਥਲਾ ਵਿਖੇ ਆਸ਼ੀਸ਼ ਚੋਪੜਾ, ਐੱਸ ਡੀ ਈ, ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਦਫ਼ਤਰਾਂ ਵਿੱਚ ਵਧੀਕ ਏ ਈ ਆਰ ਓਜ਼ ਦੇ ਨੋਟਿਸ ਸੁਣਵਾਈ ਕੇਂਦਰਾਂ ਦਾ ਦੌਰਾ ਕੀਤਾ, ਜਿੱਥੇ ਉਹ ਉਨ੍ਹਾਂ ਵਿਅਕਤੀਆਂ ਦੇ ਮਾਮਲਿਆਂ ਦੀ ਸੁਣਵਾਈ ਕਰ ਰਹੇ ਸਨ ਜਿਨ੍ਹਾਂ ਨੂੰ ਨੋਟਿਸ ਮਿਲੇ ਸਨ ਅਤੇ ਜੋ ਵੈਰੀਫਿਕੇਸ਼ਨ ਲਈ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਆਏ ਸਨ।ਨਿਰੀਖਣ ਦੌਰਾਨ ਉਨ੍ਹਾਂ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਲੋਕਾਂ ਦੁਆਰਾ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਜਾਂਚ ਕਰਨ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਸਮੀਖਿਆ ਕੀਤੀ। ਉਨ੍ਹਾਂ ਸੁਣਵਾਈ ਕੇਂਦਰਾਂ 'ਤੇ ਆਏ ਕਈ ਨਾਗਰਿਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਵੈਰੀਫਿਕੇਸ਼ਨ ਪ੍ਰਕਿਰਿਆ ਦੌਰਾਨ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ, ਜੇਕਰ ਕੋਈ ਹੋਵੇ, ਬਾਰੇ ਪੁੱਛਗਿੱਛ ਕੀਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੋਟਿਸ ਸੁਣਵਾਈ ਪ੍ਰਕਿਰਿਆ ਐਸ.ਆਈ.ਆਰ. ਮੁਹਿੰਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿਸਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਯੋਗ ਨਾਗਰਿਕ ਨੂੰ ਆਪਣੀ ਯੋਗਤਾ ਸਾਬਤ ਕਰਨ ਅਤੇ ਅੰਤਿਮ ਵੋਟਰ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਉਣ ਦਾ ਪੂਰਾ ਮੌਕਾ ਮਿਲੇ।

# ਵਾਤਾਵਰਣ ਜਾਗਰੂਕਤਾ ਮੁਕਾਬਲੇ 'ਚ ਆਸ਼ੀਆ ਨਾਜ਼ਿਸ਼ ਤੇ ਸਿਮਰਨ ਰਹੇ ਜੇਤੂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਵਿਨੀਤਾ ਰਾਓ ਦੀ ਯੋਗ ਅਗਵਾਈ ਹੇਠ ਕਾਲਜ ਦੇ ਈਕੋ ਕਲੱਬ ਅਤੇ ਐਨ.ਐਸ.ਐਸ. ਵਿਭਾਗ ਦੁਆਰਾ ਸਾਲਿਡ ਵੇਸਟ ਮਨੇਜਮੈਂਟ ਉੱਤੇ ਲੇਖ ਰਚਨਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸੁਰੱਖਿਅਤ ਅਤੇ ਸਾਫ-ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ ਗਿਆ।ਇਹਨਾਂ ਮੁਕਾਬਲਿਆਂ ਵਿੱਚ ਬੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾਂ ਆਸ਼ੀਆ ਬਾਨੋ ਨਾਜ਼ਿਸ਼ ਅਤੇ ਸਿਮਰਨ ਕੌਰ ਜੇਤੂ ਰਹੀਆਂ। ਵਿਦਿਆਰਥਣਾਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਸਰਟੀਫਿਕੇਟ ਦੇ ਕੇ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਈਕੋ ਕਲੱਬ ਦੇ ਮੈਂਬਰ ਅਤੇ ਐਨ.ਐਸ.ਐਸ.ਦੇ ਕਮੇਟੀ ਮੈਂਬਰ ਪ੍ਰੋ. ਰਵਿੰਦਰ ਸਿੰਘ, ਪ੍ਰੋ. ਬੋਮਿੰਦਰ ਕੌਰ, ਪ੍ਰੋ. ਸ਼ਵੇਤਾ ਖਰਬੰਦਾ, ਪ੍ਰੋ. ਕਿਰਨਪ੍ਰੀਤ ਕੌਰ ਅਤੇ ਡਾ. ਨਿਰਮਲ ਸਿੰਘ ਹਾਜ਼ਰ ਸਨ।

# ਅਧਿਆਪਕ ਦੀ ਘਾਟ ਕਾਰਨ ਸਕੂਲ ਬੰਦ ਹੋਣ ਦੀ ਕਗਾਰ 'ਤੇ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦੇ ਪਿੰਡ ਬੱਲੋਵਾਲ ਸੌਂਖੜੀ ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਅਧਿਆਪਕ ਨਾ ਹੋਣ ਕਾਰਨ ਸਕੂਲ ਦੇ ਵਿਦਿਆਰਥੀਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ ਅਤੇ ਸਕੂਲ ਬੰਦ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਹੈ। ਅਜੇ ਮੰਗੂਪੁਰ ਵੱਲੋਂ ਸਕੂਲ ਵਿਖੇ ਪਹੁੰਚ ਸਾਰੇ ਹਲਾਤਾਂ ਬਾਰੇ ਲੋਕਾਂ ਨੂੰ ਜਨਤਕ ਕਰਾਇਆ ਗਿਆ। ਇਸ ਗੰਭੀਰ ਮਾਮਲੇ ਨੂੰ ਲੈ ਕੇ ਅਜੇ ਮੰਗੂਪੁਰ, ਜ਼ਿਲ੍ਹਾ ਪ੍ਰਧਾਨ ਕਾਂਗਰਸ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਬੱਲੋਵਾਲ ਸੌਂਖੜੀ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਤੁਰੰਤ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇ। ਅਜੇ ਮੰਗੂਪੁਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਜੇਕਰ ਕਿਸੇ ਸਕੂਲ ਵਿੱਚ ਅਧਿਆਪਕ ਹੀ ਨਹੀਂ ਹੋਣਗੇ ਤਾਂ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੇ ਭਵਿੱਖ ਨਾਲ ਸਿੱਧਾ ਖਿਲਵਾੜ ਹੋਵੇਗਾ। ਉਨ੍ਹਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਂਦਿਆਂ ਸਕੂਲ ਵਿੱਚ ਲੋੜੀਂਦੇ ਅਧਿਆਪਕਾਂ ਦੀ ਤਾਇਨਾਤੀ ਕੀਤੀ ਜਾਵੇ, ਤਾਂ ਜੋ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ ਅਤੇ ਸਕੂਲ ਨੂੰ ਬੰਦ ਹੋਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਅਜੇ ਮੰਗੂਪੁਰ ਜਿਲਾ ਪ੍ਰਧਾਨ, ਦੇਸ ਰਾਜ ਸਰਪੰਚ, ਜੈ ਚੰਦ, ਗੁਰਪਾਲ, ਸੰਤੋਖ ਸਿੰਘ,ਮਿਹਰ ਚੰਦ, ਰੂਪ ਲਾਲ ਆਦਿ ਹਾਜ਼ਰ ਸਨ।

# ਜ਼ਿਲ੍ਹਾ ਰੈੱਡ ਕਰਾਸ ਵੱਲੋਂ ਫਸਟ ਏਡ ਟ੍ਰੇਨਿੰਗ ਕੈਂਪ

**ਮੁਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਰੈਡ ਕਰਾਸ, ਐਸ.ਏ.ਐਸ. ਨਗਰ ਵੱਲੋਂ ਕੋਮਲ ਮਿੱਤਲ, ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਦੀ ਯੋਗ ਅਗਵਾਈ ਹੇਠ ਭਾਰਤੀ ਰੈਡ ਕਰਾਸ, ਨੈਸ਼ਨਲ ਹੈੱਡਕੁਆਟਰ ਨਵੀ ਦਿੱਲੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੈਂਟ ਜਾਨ ਐਂਬੂਲੈਂਸ ਵਲੋਂ ਮਹਿੰਦਰਾ ਐਂਡ ਮਹਿੰਦਰਾ ਲਿਮਿ:, ਹੁਮਾਯੂਪੁਰ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਫਸਟ ਏਡ ਟ੍ਰੇਨਿੰਗ ਸੰਬੰਧੀ ਤਿੰਨ ਰੋਜ਼ਾ ਟ੍ਰੇਨਿੰਗ ਕੈਂਪ ਲਗਾਇਆ ਗਿਆ, ਜਿਸ ਵਿੱਚ ਭਾਰਤੀ ਰੈਡ ਕਰਾਸ ਦੇ ਟ੍ਰੇਨਰ ਲੈਕਚਰਾਰ ਸੰਦੀਪ ਸਿੰਘ ਨੇ ਇਸ ਕੰਪਨੀ ਦੇ ਆਨਲਾਈਨ ਰਜਿਸਟਰਡ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਹਾਦਸਿਆਂ ਦੌਰਾਨ ਕੀਮਤੀ ਜਾਨਾਂ ਬਚਾਉਣ ਦੀ ਸਿਖਲਾਈ ਦਿੱਤੀ ਗਈ ਜਿਸ ਵਿੱਚ ਸਿਖਿਆਰਥੀਆਂ ਨੂੰ ਦੱਸਿਆ ਗਿਆ ਕਿ ਦੁਰਘਟਨਾਵਾਂ ਦੌਰਾਨ ਫੱਟੜਾਂ ਦੀ ਜਿੰਦਗੀ ਬਚਾਉਣ ਅਤੇ ਉਨ੍ਹਾਂ ਦੀ ਦੁੱਖ ਤਕਲੀਫ ਘਟਾਉਣ ਵਿੱਚ ਫਸਟ ਏਡ ਦੀ ਬੇਹੱਦ ਲੋੜ ਰਹਿੰਦੀ ਹੈ । ਹਰ ਇਕ ਨਾਗਰਿਕ ਨੂੰ ਫਸਟ ਏਡ ਦੀ ਮੁੱਢਲੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ । ਉਨ੍ਹਾਂ ਵਲੋਂ ਸਿਖਿਆਰਥੀਆਂ ਨੂੰ ਸੀ ਪੀ ਆਰ, ਬਨਾਉਟੀ ਸਾਹ ਦੇਣਾ, ਬੇਹੋਸ਼ੀ, ਦਿਲ ਦਾ ਦੌਰਾ, ਮਿਰਗੀ, ਲਹੂ ਨੂੰ ਰੋਕਣ, ਟੁੱਟੀ ਹੱਡੀਆਂ ਨੂੰ ਸਹਾਰਾ ਦੇਣ, ਜਲਣ ਅਤੇ ਸੱਪ ਦੇ ਡੰਗਣ ਆਦਿ ਸਬੰਧੀ ਮੌਕੇ ਤੇ ਦਿੱਤੀ ਜਾਣ ਵਾਲੀ ਫਸਟ ਏਡ ਦੀ ਟ੍ਰੇਨਿੰਗ ਦਿੱਤੀ ਗਈ । ਉਨ੍ਹਾਂ ਵਲੋਂ ਦੱਸਿਆ ਗਿਆ ਕਿ ਦਿਲ ਦੇ ਦੌਰਿਆਂ ਦੌਰਾਨ ਦਿੱਤੀ ਗਈ ਸੀ ਪੀ ਆਰ ਜਿੰਦਗੀ ਬਚਾਉਣ ਵਿੱਚ ਬੇਹੱਦ ਮੱਦਦਗਾਰ ਸਾਬਿਤ ਹੁੰਦੀ ਹੈ । ਸਿਖਿਆਰਥੀਆਂ ਨੂੰ ਸਿਹਤ ਸੰਭਾਲ ਦੇ ਨਾਲ ਨਾਲ ਮਾਨਸਿਕ ਸਿਹਤ ਠੀਕ ਰੱਖਣ ਬਾਰੇ ਵੀ ਦੱਸਿਆ ਗਿਆ । ਟ੍ਰੇਨਿੰਗ ਉਪਰੰਤ ਨੈਸ਼ਨਲ ਹੈੱਡਕੁਆਟਰ, ਨਵੀ ਦਿੱਲੀ ਦੇ ਪ੍ਰੀਖਿਅਕ ਵਲੋਂ ਫੈਕਟਰੀ ਵਿੱਖੇ ਆ ਕੇ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਵਰਕਰਾਂ ਦੀ ਪ੍ਰੀਖਿਆ ਲਈ ਗਈ । ਕੰਪਨੀ ਵਲੋਂ ਜਿਲ੍ਹਾ ਰੈਡ ਕਰਾਸ ਸਾਖਾ, ਐੱਸ ਏ ਐੱਸ ਨਗਰ ਦਾ ਧੰਨਵਾਦ ਕੀਤਾ ਗਿਆ।

# ਦ ਨੋਰਵੁੱਡ ਸਕੂਲ ਖਿਡਾਰਨਾਂ ਨੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਮਾਰੀ ਬਾਜ਼ੀ

**ਬਲਾਚੌਰ (ਜਸਵਿੰਦਰ ਬੈਂਸ)**- ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਦ ਨੋਰਵੁੱਡ ਸਕੂਲ, ਚਾਹਲ ਦੀਆਂ ਵਿਦਿਆਰਥਣਾਂ ਨੇ ਪੰਜਾਬ ਰਾਜ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੀਆਂ ਬਾਸਕਟਬਾਲ ਅੰਡਰ-14 ਅਤੇ ਵਾਲੀਬਾਲ ਅੰਡਰ-17 (ਲੜਕੀਆਂ) ਦੀਆਂ ਟੀਮਾਂ ਨੇ ਆਪਣੇ-ਆਪਣੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦੇ ਤਗਮੇ ਜਿੱਤੇ ਹਨ। ਸਕੂਲ ਮੈਨੇਜਮੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੌਰਾਨ ਦੋਵਾਂ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਵਿਰੋਧੀ ਟੀਮਾਂ ਨੂੰ ਮਾਤ ਦਿੱਤੀ। ਇਸ ਸ਼ਾਨਦਾਰ ਜਿੱਤ ਨਾਲ ਬਾਸਕਟਬਾਲ ਅੰਡਰ-14 ਅਤੇ ਵਾਲੀਬਾਲ ਅੰਡਰ-17 ਦੀਆਂ ਦੋਵੇਂ ਟੀਮਾਂ ਨੇ ਸਟੇਟ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ।ਇਸ ਮੌਕੇ ਸਕੂਲ ਮੈਨੇਜਮੈਂਟ ਨੇ ਜੇਤੂ ਖਿਡਾਰਨਾਂ ਅਤੇ ਕੋਚ ਸਾਹਿਬਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥਣਾਂ ਦੀ ਸਖ਼ਤ ਮਿਹਨਤ, ਲਗਨ, ਅਨੁਸ਼ਾਸਨ, ਦ੍ਰਿੜ੍ਹ ਇਰਾਦੇ ਅਤੇ ਖੇਡ ਪ੍ਰਤੀ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਖਿਡਾਰਨਾਂ ਦੀ ਤਿਆਰੀ ਵਿੱਚ ਕੋਚ ਸਾਹਿਬਾਨ ਵੱਲੋਂ ਦਿੱਤੀ ਗਈ ਸੁਚੱਜੀ ਸਿਖਲਾਈ ਅਤੇ ਮਾਰਗਦਰਸ਼ਨ ਦੀ ਵੀ ਸ਼ਲਾਘਾ ਕੀਤੀ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਅੱਗੇ ਵਧਣ ਲਈ ਹਰ ਸੰਭਵ ਸਹੂਲਤ ਅਤੇ ਉਤਸ਼ਾਹ ਪ੍ਰਦਾਨ ਕੀਤਾ ਜਾ ਰਿਹਾ ਹੈ।

# ਫਰੀ ਮੈਡੀਕਲ ਤੇ ਐੱਕਸ ਰੇ ਕੈਂਪ ਲਗਾਇਆ

**ਆਦਮਪੁਰ, ਮੇਹਟੀਆਣਾ (ਪਰਮਜੀਤ ਸਿੰਘ, ਜਗਤਾਰ ਸਿੰਘ ਭੁੰਗਰਨੀ)**- ਬੀਤੇ ਦਿਨੀਂ ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸਾਰੋਬਾਦ ਵਿੱਖੇ ਅਰਮਾਨ ਲਾਖਾ ਵੱਲੋਂ ਆਪਣੇ ਪਿਤਾ ਸਵਰਗਵਾਸੀ ਸਰਵਨ ਸਿੰਘ ਦੀ ਨਿੱਘੀ ਯਾਦ ਨੂੰ ਤਾਜ਼ਾ ਕਰਦਿਆਂ ਮਾਨਵਤਾ ਦੇ ਭਲੇ ਤਹਿਤ ਪਿੰਮਸ ਹਸਪਤਾਲ ਜਲੰਧਰ ਰਾਜੇਸ਼ ਕੁਮਾਰ ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਅਤੇ ਸਿਵਲ ਹਸਪਤਾਲ ਜਲੰਧਰ ਦੀ ਐਕਸਰੇ ਟੀਮ ਦੇ ਮਾਹਿਰ ਡਾ. ਮੈਡਮ ਜੋਤੀ ਦੇ ਵੱਡੇ ਸਹਿਯੋਗ ਨਾਲ ਫਰੀ ਜਨਰਲ ਦਵਾਈਆਂ ਦਾ ਮੈਡੀਕਲ ਕੈਂਪ ਅਤੇ ਐਕਸ ਰੇ ਜਾਂਚ ਕੈਂਪ ਲਗਾਇਆ ਗਿਆ ਜਿਸ ਵਿੱਚ ਢੇੜ ਸੌ ਦੇ ਕਰੀਬ ਲੋੜਵੰਦਾਂ ਮਰੀਜ਼ਾਂ ਨੇ ਲਾਹਾ ਲਿਆ। ਇਸ ਮੌਕੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਐਡਵੋਕੇਟ ਸ੍ਰੀਮਤੀ ਹਰਪ੍ਰੀਤ ਕੌਰ ਲਾਖਾ ਜੀਆ ਵੱਲੋਂ ਆਈਆਂ ਹੋਈਆਂ ਸਾਧ ਸੰਗਤਾਂ ਅਤੇ ਡਾਕਟਰ ਸਾਹਿਬਾਨਾਂ ਦੀ ਚਾਹ ਪਾਨੀ ਅਤੇ ਲੰਗਰ ਪ੍ਰਸ਼ਾਦੇ ਨਾਲ ਭਰਪੂਰ ਸੇਵਾ ਕੀਤੀ। ਇਸ ਮੌਕੇ ਉਚੇਚੇ ਤੌਰ ਤੇ ਆਈਆਂ ਹੋਈਆਂ ਸਾਧ ਸੰਗਤਾਂ ਨੂੰ ਲਾਖਾ ਪਰਵਾਰ ਵੱਲੋਂ ਸਨਮਾਨ ਚਿੰਨ੍ਹ ਅਤੇ ਸਿਰਪਾਉ ਭੇਟ ਕਰ ਸਨਮਾਨਤ ਕੀਤਾ ਗਿਆ।

# ਕੁਦਰਤੀ ਖੇਤੀ ਦੀ ਮਹੱਤਤਾ ਬਾਰੇ ਜਾਗਰੂਕਤਾ ਕੈਂਪ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵਲੋਂ ਪਿੰਡ ਭਾਰਟਾ ਵਿਖੇ ਡਾ ਪ੍ਰਦੀਪ ਕੁਮਾਰ, ਉਪ ਨਿਰਦੇਸ਼ਕ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਦੀ ਅਗਵਾਈ ਹੇਠ ਕੁਦਰਤੀ ਖੇਤੀ ਸੰਬੰਧੀ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਕਿਸਾਨ ਭਾਈਚਾਰੇ ਨੂੰ ਕੁਦਰਤੀ ਖੇਤੀ ਦੀ ਵਰਤੋਂ ਦੇ ਮਹੱਤਵ ਪ੍ਰਤੀ ਜਾਣੂ ਕਰਵਾਉਣਾ ਸੀ। ਇਸ ਪ੍ਰੋਗਰਾਮ ਵਿੱਚ 80 ਤੋਂ ਵੱਧ ਕਿਸਾਨਾਂ ਨੇ ਹਿੱਸਾ ਲਿਆ।ਕੁਦਰਤੀ ਖੇਤੀ ਬਾਰੇ ਕਿਸਾਨਾਂ ਦੇ ਨਾਲ ਵਿਚਾਰ ਸਾਂਝੇ ਕਰਦੇ ਹੋਏ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਡਾ. ਬਲਜੀਤ ਸਿੰਘ, ਸਹਾਇਕ ਪ੍ਰੋਫੈਸਰ (ਕੀਟ ਵਿਗਿਆਨ) ਨੇ ਜ਼ੀਰੋ ਬਜਟ ਕੁਦਰਤੀ ਖੇਤੀ ਬਾਰੇ ਜਾਣਕਾਰੀ ਦਿੱਤੀ ਅਤੇ ਨਾਲ ਹੀ ਕੁਦਰਤੀ ਖੇਤੀ ਦੀ ਮਹੱਤਤਾ ਬਾਰੇ ਵੀ ਦੱਸਿਆ ਗਿਆ। ਇਸ ਤੋਂ ਇਲਾਵਾ ਆਏ ਹੋਏ ਕਿਸਾਨਾਂ ਨੂੰ ਬੀਜ ਅੰਮ੍ਰਿਤ, ਜੀਵ ਅੰਮ੍ਰਿਤ ਅਤੇ ਘਣ- ਜੀਵ ਅੰਮ੍ਰਿਤ ਬਣਾਉਣ ਅਤੇ ਕੁਦਰਤੀ ਢੰਗ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਦੇ ਉੱਤੇ ਵੀ ਜ਼ੋਰ ਦਿੱਤਾ ਗਿਆ ਅਤੇ ਨਾਲ ਹੀ ਹਰੀ ਖਾਦ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ ਗਿਆ।ਇਸ ਪ੍ਰੋਗਰਾਮ ਨੇ ਕਿਸਾਨਾਂ ਨੂੰ ਇੱਕ ਸਿਹਤਮੰਦ ਵਾਤਾਵਰਣ, ਬਿਹਤਰ ਮਿੱਟੀ ਦੀ ਸਿਹਤ ਅਤੇ ਇੱਕ ਟਿਕਾਊ ਤੇ ਕੁਦਰਤੀ ਖੇਤੀਬਾੜੀ ਲਈ ਸਾਧਨਾਂ ਦੀ ਸੰਤੁਲਿਤ ਵਰਤੋਂ ਅਤੇ ਸੁਧਰੇ ਕੁਦਰਤੀ ਖੇਤੀ ਢੰਗਾਂ ਨੂੰ ਅਪਨਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।

# ਐੱਸ ਆਈ ਆਰ 2026 ਦਾ 100 ਫੀਸਦੀ ਕੰਮ ਮੁਕੰਮਲ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ) -2026 ਦਾ 100 ਫੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਐੱਸ ਆਈ ਆਰ-2026 ਤਹਿਤ ਜ਼ਿਲ੍ਹੇ ਦੇ ਸਾਰੇ ਚੋਣ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ 13 ਅਗਸਤ 2026 ਤੋਂ 12 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵੋਟਰਾਂ ਦਾ ਨਾਮ ਡਰਾਫਟ ਵੋਟਰ ਸੂਚੀ ਵਿੱਚ ਅਨਮੈਪਡ ਵੋਟਰ ਵਜੋਂ ਦਰਜ ਹੋਇਆ ਹੈ ਜਾਂ ਜਿਨ੍ਹਾਂ ਵੋਟਰਾਂ ਦਾ ਰਿਕਾਰਡ ਸਾਲ 2003 ਦੀ ਵੋਟਰ ਸੂਚੀ ਨਾਲ ਮੇਲ ਨਹੀਂ ਖਾਂਦਾ, ਅਜਿਹੇ ਵੋਟਰਾਂ ਨੂੰ ਸਬੰਧਤ ਚੋਣ ਰਜਿਸਟ੍ਰੇਸ਼ਨ ਅਫ਼ਸਰ/ਸਹਾਇਕ ਚੋਣ ਰਜਿਸਟ੍ਰੇਸ਼ਨ ਅਫ਼ਸਰ ਵੱਲੋਂ ਬੀ ਐੱਲ ਓ ਰਾਹੀਂ ਨੋਟਿਸ ਜਾਰੀ ਕੀਤੇ ਜਾ ਰਹੇ ਹਨ।

ਉਨ੍ਹਾਂ ਨੋਟਿਸ ਪ੍ਰਾਪਤ ਕਰਨ ਵਾਲੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਨੋਟਿਸ ਵਿੱਚ ਦਰਜ ਮਿਤੀ, ਸਮਾਂ ਅਤੇ ਨਿਰਧਾਰਤ ਸਥਾਨ 'ਤੇ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਆਪਣੇ ਲੋੜੀਂਦੇ ਦਸਤਾਵੇਜ਼ ਸਬੰਧਤ ਚੋਣ ਰਜਿਸਟ੍ਰੇਸ਼ਨ ਅਫ਼ਸਰ/ਸਹਾਇਕ ਚੋਣ ਰਜਿਸਟ੍ਰੇਸ਼ਨ ਅਫ਼ਸਰ ਦੇ ਸਾਹਮਣੇ ਪੇਸ਼ ਕਰਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਵੋਟਰ ਖੁਦ ਸੁਣਵਾਈ ਲਈ ਹਾਜ਼ਰ ਹੋਣ ਦੇ ਸਮਰੱਥ ਨਹੀਂ ਹੈ ਤਾਂ ਉਹ ਅਧਿਕਾਰਤ ਪੱਤਰ ਰਾਹੀਂ ਆਪਣੇ ਪ੍ਰਤੀਨਿਧੀ ਨੂੰ ਨਿਯੁਕਤ ਕਰ ਸਕਦਾ ਹੈ। ਅਧਿਕਾਰਤ ਵਿਅਕਤੀ ਨੋਟਿਸ ਵਿੱਚ ਦਰਜ ਸਮੇਂ ਅਤੇ ਸਥਾਨ 'ਤੇ ਵੋਟਰ ਦੀ ਤਰਫੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਸਕਦਾ ਹੈ। ਅਧਿਕਾਰਤ ਪੱਤਰ ਸਬੰਧਤ ਬੀ.ਐਲ.ਓ. ਜਾਂ ਚੋਣ ਰਜਿਸਟ੍ਰੇਸ਼ਨ ਅਫ਼ਸਰ ਦੇ ਦਫ਼ਤਰ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

# ਐੱਚ ਐੱਮ ਵੀ ਵਿਖੇ ਮਨਾਇਆ ਐਂਟੀ ਰੈਗਿੰਗ ਹ਼ਫਤਾ

**ਜਲੰਧਰ (ਸ਼ੈਲੀ ਐਲਬਰਟ)**- ਹੰਸ ਰਾਜ ਮਹਿਲਾ ਮਹਾਵਿਦਿਆਲਿਆ ਜਲੰਧਰ ਵਿਖੇ ਐਂਟੀ-ਰੈਗਿੰਗ ਹਫ਼ਤਾ ਮਨਾਇਆ ਗਿਆ। ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ ਵਿਦਿਆਰਥੀਆਂ ਨੂੰ ਰੈਗਿੰਗ ਦੇ ਨੁਕਸਾਨਦੇਹ ਪ੍ਰਭਾਵਾਂ, ਸਖ਼ਤ ਐਂਟੀ-ਰੈਗਿੰਗ ਕਾਨੂੰਨਾਂ ਅਤੇ ਸੰਸਥਾ ਵਿੱਚ ਉਪਲਬਧ ਸਹਾਇਤਾ ਪ੍ਰਣਾਲੀਆਂ ਬਾਰੇ ਜਾਗਰੂਕ ਕੀਤਾ ਗਿਆ। ਵੱਖ-ਵੱਖ ਕਲਾਸਾਂ ਵਿੱਚ ਸੈਸ਼ਨ ਆਯੋਜਿਤ ਕੀਤੇ ਗਏ ਅਤੇ ਇੱਕ ਸਨਮਾਨਜਨਕ ਅਤੇ ਰੈਗਿੰਗ-ਮੁਕਤ ਕੈਂਪਸ ਸੁਨਿਸਚਿਤ ਕਰਨ ਲਈ ਸਾਰੇ ਵਿਦਿਆਰਥੀਆਂ ਦੁਆਰਾ ਲਈ ਗਈ ਐਂਟੀ-ਰੈਗਿੰਗ ਸਹੁੰ ਨਾਲ ਇਸ ਦਾ ਸਮਾਪਨ ਹੋਇਆ। ਕਾਲਜ ਦੇ ਹੋਸਟਲ ਵਿੱਚ ਵੀ ਇੱਕ ਜਾਗਰੂਕਤਾ ਮੁਹਿੰਮ ਅਤੇ ਸਹੁੰ-ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਆਪਸੀ ਸਤਿਕਾਰ 'ਤੇ ਆਧਾਰਿਤ ਸੀਨੀਅਰ-ਜੂਨੀਅਰ ਦੇ ਸੁਖਾਵੇਂ ਰਿਸ਼ਤੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸੀਨੀਅਰ ਫੈਕਲਟੀ ਮੈਂਬਰ ਡਾ. ਮਮਤਾ ਨੇ ਵੀ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਰੈਗਿੰਗ ਮੁਕਤ ਮਾਹੌਲ ਸਿਰਜਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੂੰ ਰਚਨਾਤਮਕ ਤੌਰ 'ਤੇ ਜੋੜਨ ਲਈ ਇਸੇ ਵਿਸ਼ੇ 'ਤੇ ਇੱਕ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਹਰਸ਼ਿਤਾ ਨੇ ਪਹਿਲਾ, ਅਨੰਤ ਕੌਰ ਅਤੇ ਪ੍ਰਿਯੰਕਾ ਨੇ ਦੂਜਾ, ਲਕਸ਼ਮੀ ਅਤੇ ਖੁਸ਼ੀ ਨੇ ਤੀਜਾ ਸਥਾਨ ਅਤੇ ਅਰਪਿਤਾ ਨੇ ਹੌਸਲਾ-ਅਫ਼ਜ਼ਾਈ ਇਨਾਮ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਆਪਣੀ ਸ਼ਿਰਕਤ ਨਾਲ ਇਸ ਪ੍ਰੋਗਰਾਮ ਦੀ ਸ਼ੋਭਾ ਨੂੰ ਹੋਰ ਵੀ ਵਧਾਇਆ। ਇਸ ਮੌਕੇ ਉਹਨਾਂ ਨੇ ਕਿਹਾ ਕਿ ਕਿਸੇ ਵੀ ਵਿਦਿਅਕ ਸੰਸਥਾ ਵਿੱਚ ਰੈਗਿੰਗ ਲਈ ਕੋਈ ਥਾਂ ਨਹੀਂ ਹੈ ਅਤੇ ਵਿਦਿਆਰਥੀਆਂ ਨੂੰ ਇੱਕ ਸੁਰੱਖਿਅਤ ਕੈਂਪਸ ਦੇ ਜ਼ਿੰਮੇਵਾਰ ਅੰਬੈਸਡਰ (ਨੁਮਾਇੰਦੇ) ਬਣਨ ਦੀ ਅਪੀਲ ਕੀਤੀ। ਡਾ. ਸੀਮਾ ਖੰਨਾ (ਇੰਚਾਰਜ ਐਂਟੀ-ਰੈਗਿੰਗ), ਡਾ. ਸੀਮਾ ਮਰਵਾਹਾ (ਡੀਨ ਅਕਾਦਮਿਕ), ਡਾ. ਸ਼ਾਲੂ ਬੱਤਰਾ, ਸੰਗੀਤਾ ਭੰਡਾਰੀ, ਮੀਨੂ ਕੁੰਦਰਾ, ਡਾ. ਨੀਰੂ ਭਾਰਤੀ ਅਤੇ ਡਾ. ਸ਼ੈਲੇਂਦਰ ਨੇ ਇਸ ਸਮਾਗਮ ਵਿੱਚ ਸਰਗਰਮ ਭੂਮਿਕਾ ਨਿਭਾਈ।

# ਸਿਲਵਰ ਓਕ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਦੀ ਯੂ ਐੱਸ ਆਰਮੀ 'ਚ ਚੋਣ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਪੰਡਿਤ ਮਿਥਲੇਸ਼)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀ. ਸੈਕੰ. ਸਕੂਲ ਸ਼ਾਹਬਾਜ਼ਪੁਰ ਦੇ ਸੁਨਹਿਰੀ ਇਤਿਹਾਸ ਦੇ ਵਿੱਚ ਇੱਕ ਹੋਰ ਸ਼ਾਨਦਾਰ ਪੰਨਾ ਉਸ ਵੇਲੇ ਜੁੜ ਗਿਆ ਜਦੋਂ ਸਕੂਲ ਦੇ ਪਾਸ ਆਊਟ ਵਿਦਿਆਰਥੀ ਹੇਮੰਤ ਸ਼ਰਮਾ ਦੀ ਯੂ ਐੱਸ ਆਰਮੀ ਦੇ ਵਿੱਚ ਚੋਣ ਹੋਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਹੇਮੰਤ ਸ਼ਰਮਾ ਨਰਸਰੀ ਕਲਾਸ ਤੋ ਬਾਰਵੀਂ ਕਲਾਸ ਤੱਕ ਸਕੂਲ ਦਾ ਹੋਣਹਾਰ ਵਿਦਿਆਰਥੀ ਰਿਹਾ ਹੈ। ਉਹਨੂੰ ਦੱਸਿਆ ਕਿ ਜਿੱਥੇ ਹੇਮੰਤ ਸ਼ਰਮਾ ਆਪਣੇ ਸਕੂਲਿੰਗ ਦੇ ਦੌਰਾਨ ਸਕੂਲ ਦੇ ਪ੍ਰੀਫੈਕਟ ਵਜੋਂ ਸੇਵਾ ਨਿਭਾ ਚੁੱਕਾ ਹੈ, ਉੱਥੇ ਹੀ ਉਹ ਨੈਸ਼ਨਲ ਲੈਵਲ ਦਾ ਸ਼ੂਟਰ ਵੀ ਰਹਿ ਚੁੱਕਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਹੇਮੰਤ ਸ਼ਰਮਾ ਦੀ 12ਵੇਂ ਬਰੈਵੋ ਕੋਂਬੈਕਟ ਇੰਜੀਨੀਅਰ ਵਜੋਂ 35ਵੀਂ ਬਰੈਵੋ ਇੰਜੀਨੀਅਰ ਬਟਾਲੀਅਨ ਵਿੱਚ ਯੂ ਐੱਸ ਆਰਮੀ ਦੇ ਵਿੱਚ ਨਿਯੁਕਤੀ ਹੋਈ।ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਸੁਰੇਸ਼, ਪੰਕਜ, ਸੁਸ਼ੀਲ ਕੁਮਾਰ, ਬਲਦੇਵ, ਵਿਸ਼ਾਲੀ, ਗੁਰਪ੍ਰੀਤ, ਨੇਹਾ, ਸੁਮਨ, ਸਿਲਵੀ, ਆਸ਼ਾ, ਆਰਤੀ, ਮੋਨਿਕਾ, ਰਮਨ, ਤਰਨ, ਪੁਸ਼ਪਾ, ਰਜਿੰਦਰ, ਅਮਰਪ੍ਰੀਤ, ਅਮਨ ਜੋਤ, ਅਮਨਦੀਪ ਅਤੇ ਹੋਰ ਸਟਾਫ ਮੌਜੂਦ ਸੀ।

# ਦਾਖਲਾ ਲੈਣ ਲਈ ਅੰਤਿਮ ਮਿਤੀ 31 ਤੱਕ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫ਼ੀਲੀਏਟਿਡ/ਏਡਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2026-27 ਲਈ ਅੱਠਵੀਂ ਤੋਂ ਬਾਰਵੀਂ ਸ਼੍ਰੇਣੀਆਂ ਲਈ ਸਕੂਲਾਂ ਵਿੱਚ ਰੈਗੂਲਰ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰਖਦੇ ਹੋਏ ਦਾਖਲਾ ਲੈਣ ਲਈ ਨਿਰਧਾਰਤ ਕੀਤੀ ਗਈ ਅੰਤਿਮ ਮਿਤੀ 22 ਅਗਸਤ 2026 (ਰਿਵਾਇਜ਼ਡ) ਵਿੱਚ ਵਾਧਾ ਕਰਦੇ ਹੋਏ ਮਿਤੀ 31 ਅਗਸਤ 2026 ਤੱਕ ਦਾਖਲਾ ਲੈਣ ਦੀ ਸਹੂਲਤ ਦਿਤੀ ਜਾਂਦੀ ਹੈ ।

# ਹਰਜੋਤ ਕੌਰ ਲੋਹਟੀਆਂ ਨੇ ਸੜਕ ਦਾ ਕੀਤਾ ਉਦਘਾਟਨ

**ਫਿਲੌਰ (ਨਿਰਮਲ)**- ਹਲਕਾ ਫ਼ਿਲੌਰ ਦੇ ਇਲਾਕੇ ਵਿੱਚ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਵਿਧਾਨ ਸਭਾ ਹਲਕਾ ਫਿਲੌਰ ਦੇ ਇੰਚਾਰਜ ਹਰਜੋਤ ਕੌਰ ਲੋਹਟੀਆਂ ਵੱਲੋਂ ਫ਼ਿਲੌਰ-ਨੂਰਮਹਿਲ ਰੋਡ ਤੋਂ ਗੰਨਾ ਪਿੰਡ ਦਸ਼ਮੇਸ਼ ਨਗਰ ਤੱਕ ਨਵੀਂ ਬਣ ਕੇ ਤਿਆਰ ਹੋਈ ਸੜਕ ਦਾ ਰੀਬਨ ਕੱਟ ਕੇ ਰਸਮੀ ਉਦਘਾਟਨ ਕੀਤਾ ਗਿਆ। ਇਸ ਸੜਕ ਸਬੰਧੀ ਲੋਹਟੀਆਂ ਨੇ ਦੱਸਿਆ ਕਿ ਇਹ 1:28 ਕਿਲੋਮੀਟਰ ਦੀ ਬਣੀ ਸੜਕ ਕਰੀਬ 23 ਲੱਖ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਈ ਹੈ ਅਤੇ ਇਸ ਨੂੰ ਜਨਤਾ ਨੂੰ ਸਮਰਪਤ ਕਰ ਦਿੱਤਾ ਗਿਆ ਹੈ ।ਉਨ੍ਹਾਂ ਦੁਹਰਾਇਆ ਕਿ ਹਲਕਾ ਫ਼ਿਲੌਰ ਦੀ ਕਾਇਆ ਕਲਪ ਕਰਨ ਦਾ ਸਫ਼ਰ ਲਗਾਤਾਰ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਕਈ ਨਵੇਂ ਵਿਕਾਸ ਦੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਲਾਕੇ ਦੇ ਲੋਕਾਂ ਨੇ ਇਸ ਲੰਬੇ ਸਮੇਂ ਤੋਂ ਲਟਕਦੀ ਮੰਗ ਨੂੰ ਪੂਰਾ ਕਰਨ ਅਤੇ ਸੜਕ ਦਾ ਨਿਰਮਾਣ ਮੁਕੰਮਲ ਕਰਵਾਉਣ ਲਈ ਹਰਜੋਤ ਕੌਰ ਲੋਹਟੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਗਠਨ ਇੰਚਾਰਜ ਡਾਕਟਰ ਵਰਿੰਦਰ ਸੈਣੀ, ਮਨਦੀਪ ਸਿੰਘ ਸ਼ਾਹਪੁਰ, ਗੰਨਾ ਪਿੰਡ ਦੀ ਸਮੁੱਚੀ ਪੰਚਾਇਤ, ਸਮੂਹ ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਮਹਾਂਬੰਦ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਰਕਾਰ ਵਿਰੁੱਧ ਤਹਿਸੀਲ ਪੱਧਰੀ ਰੈਲੀ

**ਹੁਸ਼ਿਆਰਪੁਰ (ਬਲਵੀਰ ਸਿੰਘ)** -ਸੈਣੀ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵਲੋਂ ਬਣਾਈ ਗਈ ਸਾਂਝੀ ਤਾਲਮੇਲ ਕਮੇਟੀ ਵਲੋਂ ਚੰਡੀਗੜ੍ਹ ਰੈਲੀ ਵਿੱਚ ਕੀਤੇ ਗਏ ਐਲਾਨ ਦੇ ਤਹਿਤ ਸਮੂਹ ਵਿਭਾਗਾਂ ਦੇ ਮੁਲਾਜ਼ਮਾਂ ਵਲੋਂ ਅਦਾਰਿਆਂ ਨੂੰ ਪੂਰਨ ਤੌਰ ਤੇ ਬੰਦ ਕਰਦੇ ਹੋਏ ਸਮੂਹਿਕ ਛੁੱਟੀ ਲੈ ਕੇ ਮਿੰਨੀ ਸਕੱਤਰੇਤ ਅੱਗੇ ਇੱਕ ਵਿਸ਼ਾਲ ਤਹਿਸੀਲ ਪੱਧਰੀ ਰੈਲੀ ਕੀਤੀ ਗਈ ਜਿਸ ਵਿੱਚ ਵੱਖ-ਵੱਖ ਵਿਭਾਗਾਂ ਤੋਂ ਮੁਲਾਜ਼ਮਾਂ ਵਲੋਂ ਕੰਮ ਠੱਪ ਕਰਕੇ ਕਾਫਲਿਆਂ ਦੇ ਰੂਪ ਵਿੱਚ ਇਸ ਰੋਸ ਰੈਲੀ ਵਿੱਚ ਸ਼ਮੂਲੀਅਤ ਕੀਤੀ ਗਈ।ਇਸ ਰੈਲੀ ਵਿੱਚ ਸਾਂਝੀ ਤਾਲਮੇਲ ਕਮੇਟੀ ਤੋਂ ਇਲਾਵਾ ਵੀ ਬਹੁਤ ਸਾਰੀਆਂ ਜਥੇਬੰਦੀਆਂ ਵਲੋਂ ਰੋਹ ਭਰਪੂਰ ਨਾਅਰਿਆਂ ਨਾਲ ਰੈਲੀ ਵਿੱਚ ਸ਼ਮੂਲੀਅਤ ਕੀਤੀ ਗਈ। ਇਹ ਰੈਲੀ ਮਨਜੀਤ ਸੈਣੀ, ਬਹਾਦਰ ਸਿੰਘ, ਕੁਲਵੰਤ ਸਿੰਘ ਸੈਣੀ, ਸੰਜੀਵ ਧੂਤ, ਅਨਿਰੁਧ ਮੋਦਗਿੱਲ, ਜਸਵੀਰ ਸਿੰਘ ਭਾਮ, ਜਤਿੰਦਰ ਸਿੰਘ ਸੋਨੀ, ਸੁਖਦੇਵ ਡਾਂਸੀਵਾਲ, ਵਰਿਆਮ ਸਿੰਘ ਮਿਨਹਾਸ, ਜੈਲ ਸਿੰਘ, ਰਾਜ ਕੁਮਾਰ, ਹਰਨਿੰਦਦਰ ਕੌਰ, ਆਸ਼ਾ ਰਾਣੀ ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਅਗਵਾਈ ਹੇਠ ਕੀਤੀ ਗਈ।ਰੈਲੀ ਦੀ ਕਾਰਵਾਈ ਚਲਾਉਂਦਿਆਂ ਪ.ਸ.ਸ.ਫ. ਦੇ ਸੂਬਾ ਆਗੂ ਇੰਦਰਜੀਤ ਵਿਰਦੀ ਨੇ ਕਿਹਾ ਕਿ ਜਦੋਂ ਦੀ ਇਸ ਆਮ ਆਦਮੀ ਦੀ ਸਰਕਾਰ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਮੁਲਾਜ਼ਮ, ਪੈਨਸ਼ਨਰ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਬੜੀ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਸਹਿਤ ਬਾਕੀ ਮੰਤਰੀਆਂ ਵਲੋਂ ਮੀਟਿੰਗਾਂ ਦਾ ਸਮਾਂ ਦੇ ਕੇ ਵਾਰ-ਵਾਰ ਮੀਟਿੰਗਾਂ ਰੱਦ ਕੀਤੀਆਂ ਜਾ ਰਹੀਆਂ ਹਨ । ਮੁੱਖ ਮੰਤਰੀ ਦੇ ਹੈਂਕੜ ਭਰੇ ਵਤੀਰੇ ਦਾ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਅੰਦਰ ਭਾਰੀ ਰੋਸ ਹੈ ਅਤੇ ਸੰਘਰਸ਼ੀ ਲੋਕ ਹੁਣ ਸਰਕਾਰ ਨੂੰ ਸਬਕ ਸਿਖਾਉਣ ਦੇ ਰੌਅ ਵਿੱਚ ਹਨ। ਪ੍ਰਧਾਨਗੀ ਮੰਡਲ ਦੇ ਆਗੂਆਂ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਦਾ ਇੱਕ ਝੰਡੇ ਹੇਠ ਇਕੱਠੇ ਹੋ ਕੇ ਸਰਕਾਰ ਦੀਆਂ ਨੀਤੀਆਂ ਖਿਲਾਫ ਸੰਘਰਸ਼ ਕਰਨਾ ਇੱਕ ਸ਼ੁੱਭ ਸੰਕੇਤ ਹੈ ਅਤੇ ਇਸ ਦਾ ਨਤੀਜਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਦੇਖਣ ਨੂੰ ਮਿਲੇਗਾ।ਆਗੂਆਂ ਵੱਲੋਂ ਸਮੂਹ ਮੁਲਾਜ਼ਮ-ਪੈਨਸ਼ਨਰ ਵਰਗ ਨੂੰ ਤਿੱਖੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਹੋਕਾ ਦਿੱਤਾ। ਰੈਲੀ ਨੂੰ ਐਨ.ਐਚ.ਐਮ. ਆਗੂ ਤਰੁਣ ਕੁਮਾਰ, ਪੰਜਾਬ ਰੋਡਵੇਜ਼ ਆਗੂ ਬਲਜੀਤ ਸਿੰਘ, ਕੋ-ਆਪਰੇਟਿਵ ਬੈਂਕ ਯੂਨੀਅਨ ਆਗੂ ਸੁਖਵੀਰ ਸਿੰਘ, ਆਮ ਆਦਮੀ ਕਲੀਨਿਕ ਸਾਂਝਾ ਫਰੰਟ ਆਗੂ ਗੁਰਪ੍ਰੀਤ ਕੌਰ, ਆਊਟਸੋਰਸ ਯੂਨੀਅਨ ਆਗੂ ਸਚਿਨ ਕੁਮਾਰ, ਸਫਾਈ ਸੇਵਕ ਯੂਨੀਅਨ ਆਗੂ ਕਰਨਜੋਤ ਆਦੀਆ, ਜੀ.ਟੀ.ਯੂ. ਆਗੂ ਪ੍ਰਿਤਪਾਲ ਸਿੰਘ ਚੌਟਾਲਾ, ਸੰਯੁਕਤ ਕਿਸਾਨ ਮੋਰਚਾ ਆਗੂ ਦਵਿੰਦਰ ਸਿੰਘ ਕੱਕੋਂ, ਸਟਾਫ ਨਰਸਿਜ਼ ਐਸੋਸੀਏਸ਼ਨ ਨੀਲਮ ਰਾਚਣੀ, ਕੰਪਿਊਟਰ ਟੀਚਰਜ਼ ਯੂਨੀਅਨ ਆਗੂ ਅਨਿਲ ਐਰੀ, ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਆਗੂ ਬਲਵਿੰਦਰ ਸਿੰਘ ਵਸਰਾ, ਮਿੰਨੀ ਸਕੱਤਰੇਤ ਆਗੂ ਦੀਪਕ ਸ਼ਰਮਾ, ਬੀ.ਐਡ ਫਰੰਟ ਆਗੂ ਸੁਰਜੀਤ ਰਾਜਾ ਮਾਸਟਰ ਕੇਡਰ, ਐਸਪੀ ਸ਼ਰਮਾ ਫੋਰਮ ਆਫ਼ ਰਿਟਾਇਰ ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ, ਯੂਨੀਅਨ ਆਗੂ ਹਰਭਜਨ ਸਿੰਘ, ਐਂਟੀ ਲਾਰਵਾ ਆਗੂ ਗੁਰਵਿੰਦਰ ਸ਼ਾਨੇ, ਪੈਰਾ ਮੈਡੀਕਲ ਯੂਨੀਅਨ ਆਗੂ ਮਨੋਹਰ ਸਿੰਘ, ਸੈਣੀ ਬਲਵੀਰ ਸੈਣੀ ਸੂਬਾ ਪ੍ਰਧਾਨ ਦਾ ਵਰਕਿੰਗ ਰਿਪੋਰਟਰ ਐਸੋਸੀਏਸ਼ਨ ਪੰਜਾਬ ਇੰਡੀਆ ਅਤੇ ਵਧੀਕ ਜਨਰਲ ਸਕੱਤਰ ਪੰਜਾਬ ਸਟੇਟ ਪੈਨਸ਼ਨਰ ਕਨਫਰਡਰੇਸ਼ਨ, ਬਲਜੀਤ ਸਿੰਘ ਮਹਿਮੋਵਾਲ, ਸ਼ਮਸ਼ੇਰ ਸਿੰਘ ਧਾਮੀ, ਰਕੇਸ਼ ਕੁਮਾਰ ਮਹਿਲਾਂਵਾਲੀ, ਓਂਕਾਰ ਸਿੰਘ, ਭੁਪਿੰਦਰ ਸਿੰਘ, ਮਦਨ ਲਾਲ ਸੈਣੀ, ਬਲਵੀਰ ਸਿੰਘ, ਹਰਮੇਸ਼ ਪਾਲ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# 'ਮਾਈ ਭਾਰਤ' ਯੂਥ ਲੀਡਰਸ਼ਿਪ ਬੂਟਕੈਂਪ ਦਾ ਉਦਘਾਟਨ

**ਮੁਹਾਲੀ (ਗੁਰਜੀਤ ਬਿੱਲਾ)**- ਮਾਈ ਭਾਰਤ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਚੰਡੀਗੜ੍ਹ ਕਾਲਜ ਆਫ਼ ਟੈਕਨਾਲੋਜੀ (ਸੀ ਸੀ ਟੀ ), ਲਾਂਡਰਾਂ, ਮੋਹਾਲੀ ਵਿਖੇ ਤਿੰਨ ਦਿਨਾਂ 'ਫਿਊਚਰ ਯੂਥ ਲੀਡਰਸ਼ਿਪ ਬੂਟਕੈਂਪ' ਦਾ ਉਦਘਾਟਨ ਕੀਤਾ ਗਿਆ, ਜਿਸ ਵਿੱਚ 35 ਉਤਸ਼ਾਹੀ ਨੌਜਵਾਨਾਂ ਨੇ ਭਾਗ ਲਿਆ।ਬੂਟਕੈਂਪ ਦਾ ਰਸਮੀ ਉਦਘਾਟਨ ਡਾ. ਪਲਕੀ ਸਾਹਿਬ ਕੌਰ, ਡਾਇਰੈਕਟਰ-ਪ੍ਰਿੰਸੀਪਲ, ਚੰਡੀਗੜ੍ਹ ਕਾਲਜ ਆਫ਼ ਟੈਕਨਾਲੋਜੀ, ਲਾਂਡਰਾਂ ਅਤੇ ਡਾ. ਗਗਨਦੀਪ ਭੁੱਲਰ, ਡਾਇਰੈਕਟਰ, ਸਟੂਡੈਂਟ ਵੈਲਫੇਅਰ, ਸੀ ਜੀ ਸੀ ਲਾਂਡਰਾਂ ਵੱਲੋਂ ਮੋਹਿਤ ਕੁਮਾਰ ਸੈਣੀ, ਡਿਪਟੀ ਡਾਇਰੈਕਟਰ, ਮਾਈ ਭਾਰਤ, ਐੱਸ ਏ ਐੱਸ ਨਗਰ ਦੀ ਮੌਜੂਦਗੀ ਵਿੱਚ ਕੀਤਾ ਗਿਆ। ਡਾ. ਪਲਕੀ ਸਾਹਿਬ ਕੌਰ ਨੇ ਸਵਾਗਤੀ ਭਾਸ਼ਣ ਦਿੱਤਾ, ਜਦਕਿ ਡਾ. ਗਗਨਦੀਪ ਭੁੱਲਰ ਨੇ ਵਿਦਿਆਰਥੀਆਂ ਨੂੰ ਤਿੰਨ ਦਿਨਾਂ ਦੇ ਇਸ ਮਹੱਤਵਪੂਰਨ ਪ੍ਰੋਗਰਾਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸੈਸ਼ਨਾਂ ਵਿੱਚ ਸਰਗਰਮੀ ਨਾਲ ਭਾਗ ਲੈਣ ਅਤੇ ਸਿੱਖਣ, ਨਿੱਜੀ ਵਿਕਾਸ ਅਤੇ ਲੀਡਰਸ਼ਿਪ ਗੁਣਾਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ।ਇਸ ਮੌਕੇ ਸ੍ਰੀ ਵਿਜੇਂਦਰ ਸਿੰਘ ਜੂਨ, ਸਾਬਕਾ ਡੀ.ਆਈ.ਜੀ., ਸੀ.ਆਰ.ਪੀ.ਐਫ. ਅਤੇ ਸਾਬਕਾ ਆਰਮੀ ਮੇਜਰ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਦੀ ਮੌਜੂਦਗੀ ਨੇ ਉਦਘਾਟਨੀ ਪ੍ਰੋਗਰਾਮ ਨੂੰ ਆਪਣੇ ਕੀਮਤੀ ਤਜ਼ਰਬੇ ਅਤੇ ਪ੍ਰੇਰਨਾਦਾਇਕ ਵਿਚਾਰਾਂ ਨਾਲ ਹੋਰ ਪ੍ਰਭਾਵਸ਼ਾਲੀ ਬਣਾਇਆ।

# ਕਰਨਾਲ 'ਚ ਖੁੱਲ੍ਹਣਗੇ 3 ਨਵੇਂ ਸਬ-ਹੈੱਲਥ ਸੈਂਟਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਪੇਂਡੂ ਖੇਤਰਾਂ ਵਿੱਚ ਡਾਕਟਰੀ ਸੇਵਾਵਾਂ ਨੂੰ ਹੋਰ ਵਧੇਰੇ ਮਜ਼ਬੂਤ ਅਤੇ ਸੁਲਭ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਰਨਾਲ ਜ਼ਿਲ੍ਹੇ ਦੇ ਤਿੰਨ ਪਿੰਡਾਂ ਵਿੱਚ ਨਵੇਂ ਸਬ-ਹੈਲਥ ਸੈਂਟਰ ਖੋਲ੍ਹਣ ਅਤੇ ਗੁਰੂਗ੍ਰਾਮ ਜ਼ਿਲ੍ਹੇ ਦੇ ਦੌਲਤਾਬਾਦ ਸਥਿਤ ਪ੍ਰਾਇਮਰੀ ਸਿਹਤ ਕੇਂਦਰ ਨੂੰ ਕਮਿਊਨਿਟੀ ਸਿਹਤ ਕੇਂਦਰ ਵਿੱਚ ਅੱਪਗ੍ਰੇਡ ਕਰਨ ਦੇ ਅਹਿਮ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਫ਼ੈਸਲੇ ਦੀ ਵਿਸਥਾਰ ਜਾਣਕਾਰੀ ਸਾਂਝੀ ਕਰਦਿਆਂ ਸੂਬੇ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਰਾਜ ਸਰਕਾਰ ਪੇਂਡੂ ਖੇਤਰਾਂ ਤੱਕ ਗੁਣਵੱਤਾਪੂਰਨ ਸਿਹਤ ਸੇਵਾਵਾਂ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਲੜੀ ਤਹਿਤ ਮੁੱਖ ਮੰਤਰੀ ਨੇ ਕਰਨਾਲ ਜ਼ਿਲ੍ਹੇ ਦੇ ਪਿੰਡ ਚਾਂਦ ਸਮੰਦ, ਖ਼ਿਰਾਜਪੁਰ ਅਤੇ ਨਲਵੀ ਕਲਾਂ ਵਿੱਚ ਇੱਕ-ਇੱਕ ਨਵਾਂ ਉਪ-ਸਿਹਤ ਕੇਂਦਰ ਸਥਾਪਤ ਕਰਨ ਦੀ ਸਿਧਾਂਤਿਕ ਮਨਜ਼ੂਰੀ ਦੇ ਦਿੱਤੀ ਹੈ।

# ਦਸੂਹਾ 'ਚ ਪੰਜਾਬ ਮਹਾਂ ਬੰਦ ਨੂੰ ਮਿਲਿਆ ਭਰਵਾਂ ਹੁੰਗਾਰਾ

**● ਮੁਲਾਜ਼ਮਾਂ ਨੇ ਧਰਨਾ ਦੇ ਕੇ ਕੀਤਾ ਰੋਸ ਮਾਰਚ**

**ਦਸੂਹਾ (ਕਰਨੈਲ ਮਾਂਗਟ)** ਸਾਂਝੀ ਤਾਲਮੇਲ ਕਮੇਟੀ ਵੱਲੋਂ 27 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਸਮੁੱਚਾ ਸਰਕਾਰੀ ਤੰਤਰ ਬੰਦ ਕਰਨ ਕਰਕੇ ਪੰਜਾਬ ਮਹਾਂਬੰਦ ਦੇ ਦਿੱਤੇ ਸੱਦੇ ਨੂੰ ਤਹਿਸੀਲ ਦਸੂਹਾ ਦੇ ਮੁਲਾਜ਼ਮਾਂ ਅਤੇ ਅਧਿਆਪਕਾਂ ਨੇ ਵੱਡਾ ਹੁੰਗਾਰਾ ਦਿੱਤਾ ਹੈ। ਇਸ ਬੰਦ ਦੌਰਾਨ ਤਹਿਸੀਲ ਦੇ ਸਮੂਹ ਸਕੂਲ ਅਤੇ ਦਫਤਰ ਮੁਕੰਮਲ ਬੰਦ ਰਹੇ। ਜ਼ਿਲ੍ਹੇ ਦੀਆਂ ਸੰਘਰਸ਼ੀਲ ਅਧਿਆਪਕ ਜੱਥੇਬੰਦੀਆਂ ਦੀ ਅਗਵਾਈ ਵਿੱਚ ਸੈਂਕੜੇ ਅਧਿਆਪਕਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਪਾਂਡਵ ਤਲਾਬ ਦਸੂਹਾ ਵਿਖੇ ਵਿਸ਼ਾਲ ਧਰਨਾ ਦਿੱਤਾ ਅਤੇ ਉਪਰੰਤ ਬੱਸ ਅੱਡੇ ਤੱਕ ਰੋਸ ਮਾਰਚ ਕੀਤਾ। ਇਸ ਮੌਕੇ 'ਆਪ' ਸਰਕਾਰ ਵੱਲੋਂ ਹੱਕੀ ਮੰਗਾਂ ਪੂਰੀਆਂ ਕਰਨ ਦੀ ਥਾਂ ਆਪਣੇ ਆਈ.ਟੀ. ਸੈਲ ਰਾਹੀਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਖਿਲਾਫ ਤਨਖਾਹਾਂ ਪਹਿਲਾਂ ਹੀ ਵੱਧ ਹੋਣ ਦੇ ਝੂਠੇ ਬਿਰਤਾਂਤ ਨੂੰ ਮੁਲਾਜ਼ਮ ਜਥੇਬੰਦੀਆਂ ਨੇ ਮੁੱਢੋਂ ਰੱਦ ਕੀਤਾ ਗਿਆ। ਇਸ ਮਹਾਂਬੰਦ ਦੌਰਾਨ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਦਲਬੀਰ ਭੁੱਲਰ, ਬਾਬੂ ਰਾਮ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਦੇ ਦੋਆਬਾ ਜੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਦਸੂਹਾ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਆਗੂ ਨਿਰਮਲ ਸਿੰਘ, ਮਾਸਟਰ ਕੇਡਰ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਕਾਜਲ, ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਬਲਜੀਤ ਸਿੰਘ ਕੱਲੋਵਾਲ, ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਪ੍ਰਧਾਨ ਗੁਰਮੁਖ ਸਿੰਘ ਬਾਜਵਾ ਅਤੇ ਮਨਜੀਤ ਸਿੰਘ ਕਠਾਣਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਸ਼ਾਂਤੀ ਸਰੂਪ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂ ਤਿਲਕ ਰਾਜ, ਪ੍ਰਿੰਸ ਗੜਦੀਵਾਲਾ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਰਾਜੇਸ਼ ਅਰੋੜਾ, ਅਧਿਆਪਕ ਦਲ ਦੇ ਆਗੂ ਸਰਬਜੀਤ ਸਿੰਘ ਕੰਗ, ਸਫਾਈ ਕਰਮਚਾਰੀ ਯੂਨੀਅਨ ਦੇ ਆਗੂ ਸਿਕੰਦਰ ਸਿੰਘ, ਐੱਸ.ਸੀ./ਬੀ.ਸੀ. ਫੈਡਰੇਸ਼ਨ ਦੇ ਆਗੂ ਜਸਵੀਰ ਪਾਲ ਅਤੇ ਬਲਜੀਤ ਸਿੰਘ ਆਦਿ ਨੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਮੰਗਾਂ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਸਰਕਾਰ ਖਿਲਾਫ ਮੁਲਾਜ਼ਮਾਂ ਦਾ ਰੋਹ ਸਿਖਰ ਤੇ ਪਹੁੰਚ ਚੁੱਕਿਆ ਹੈ। ਇਸ ਧਰਨੇ ਵਿੱਚ ਜਸਵਿੰਦਰ ਝਿੰਗੜ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਰਾਜਨ ਕੁਮਾਰ, ਰਵਿੰਦਰ ਰਵੀ, ਭੁਪਿੰਦਰ ਸਿੰਘ, ਗੁਰਵਿੰਦਰ ਪੰਨੂ, ਸਤਵਿੰਦਰ ਸਿੰਘ, ਸੰਦੀਪ ਢੱਟ, ਉਮੇਸ਼ ਕੁਮਾਰ, ਸੰਦੀਪ ਦਾਰਾਪੁਰ, ਗੁਰਦੀਪ ਸਿੰਘ, ਮਨਜੀਤ ਸਿੰਘ, ਗੁਰਵਿੰਦਰ ਸਿੰਘ, ਜਗਜੀਤ ਸਿੰਘ, ਬਲਜਿੰਦਰ ਕੌਰ, ਨੀਲਮ ਕੁਮਾਰੀ, ਰੁਪਿੰਦਰ ਕੌਰ, ਸੁਸ਼ਮਾ ਕੁਮਾਰੀ, ਕਿਰਨ ਕੁਮਾਰੀ, ਨੀਲਮ ਕਾਜਲ, ਸੁਨੀਤਾ ਦੇਵੀ, ਪ੍ਰਵੀਨ ਬਾਲਾ ਸ਼ਰਮਾ, ਮਨਿੰਦਰ ਕੌਰ, ਪਵਨ ਕੁਮਾਰੀ, ਜਸਵੀਰ ਕੌਰ, ਰਸਨਾ ਦੇਵੀ, ਸੁਰੇਨਾ ਕੁਮਾਰੀ, ਤਜਿੰਦਰ ਕੌਰ, ਰੇਖਾ ਦੇਵੀ, ਗੁਰਮੁਖ ਸਿੰਘ, ਸੰਜੀਵ ਕੁਮਾਰ, ਜਗਵਿੰਦਰ ਸਿੰਘ, ਗੁਰਦੀਪ ਸਿੰਘ, ਚਮਨ ਲਾਲ, ਧਰਮਪਾਲ ਭੱਟੀ ਅਤੇ ਸੁਖਦੀਪ ਕੌਰ ਆਦਿ ਵੀ ਹਾਜ਼ਰ ਸਨ।




## ਬਿਜਲੀ ਬਿੱਲਾਂ ਨਾਲ ਸੰਬੰਧਤ ਸ਼ਿਕਾਇਤਾਂ ਲਈ ਹੈਲਪਲਾਈਨ ਨੰਬਰ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਬਿਜਲੀ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਇੱਥੇ ਕਿਹਾ ਕਿ ਬਿਜਲੀ ਖ਼ਪਤਕਾਰ ਆਪਣੇ ਬਿਜਲੀ ਬਿੱਲਾਂ ਨਾਲ ਸਬੰਧਤ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਮਰਪਿਤ ਹੈਲਪਲਾਈਨ ਨੰਬਰ +91 1613105055 ਜਾਂ +91 1616650355 ਰਾਹੀਂ ਪੀ ਐੱਸ ਪੀ ਸੀ ਐੱਲ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਨੰਬਰ 24 ਘੰਟੇ ਕਾਰਜਸ਼ੀਲ ਹਨ ਅਤੇ 15 ਦਿਨਾਂ ਦੇ ਅੰਦਰ-ਅੰਦਰ ਖ਼ਪਤਕਾਰਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਖ਼ਪਤਕਾਰ ਆਰਜ਼ੀ ਤੌਰ 'ਤੇ ਜਾਰੀ, ਤਰੁਟੀਆਂ ਵਾਲੇ, ਵਧ ਕੇ ਆਏ ਜਾਂ ਕਿਸੇ ਹੋਰ ਸਮੱਸਿਆ ਵਾਲੇ ਬਿਜਲੀ ਬਿੱਲਾਂ ਦੇ ਸਬੰਧ ਵਿੱਚ ਹੁਣ ਇਨ੍ਹਾਂ ਸਮਰਪਿਤ ਹੈਲਪਲਾਈਨ ਨੰਬਰਾਂ ਰਾਹੀਂ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਖ਼ਪਤਕਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਸਮਰਪਿਤ ਹੈਲਪਲਾਈਨ ਨੰਬਰਾਂ ਰਾਹੀਂ 15 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਦੇਣ ਤਾਂ ਜੋ ਇਸ ਸੰਬੰਧੀ ਪੜਤਾਲ ਕਰਕੇ ਢੁਕਵਾਂ ਨਿਪਟਾਰਾ ਕੀਤਾ ਜਾ ਸਕੇ ਸੌਂਦ ਨੇ ਉਨ੍ਹਾਂ ਖ਼ਪਤਕਾਰਾਂ, ਜਿਨ੍ਹਾਂ ਨੂੰ ਆਮ ਨਾਲੋਂ ਵੱਧ, ਆਰਜ਼ੀ ਤੌਰ 'ਤੇ ਜਾਰੀ ਜਾਂ ਤਰੁਟੀਆਂ ਵਾਲੇ ਤੇ ਵਧ ਕੇ ਆਏ ਬਿਜਲੀ ਬਿੱਲ ਪ੍ਰਾਪਤ ਹੋਏ ਹਨ, ਉਹ ਇਸ ਸਮਰਪਿਤ ਸਹੂਲਤ ਦਾ ਲਾਭ ਉਠਾ ਕੇ ਨਿਰਧਾਰਤ 15 ਦਿਨਾਂ ਦੇ ਅੰਦਰ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣਾ ਯਕੀਨੀ ਬਣਾਉਣ।

# ਐੱਲ ਪੀ ਯੂ 'ਚ 'ਫ੍ਰੈਸ਼ਮੈਨ ਇੰਡਕਸ਼ਨ 2026' ਨਾਲ ਨਵੇਂ ਬੈਚ ਦਾ ਸਵਾਗਤ

**ਜਲੰਧਰ (ਸ਼ੈਲੀ ਐਲਬਰਟ)**- ਭਾਰਤ ਅਤੇ ਦੁਨੀਆ ਭਰ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਆਪਣੇ ਜੀਵਨ ਦੇ ਸਭ ਤੋਂ ਮਹੱਤਵਪੂਰਨ ਅਧਿਆਵਾਂ ਵਿੱਚੋਂ ਇੱਕ ਦੀ ਸ਼ੁਰੂਆਤ ਕੀਤੀ ਜਦੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ 'ਫ੍ਰੈਸ਼ਮੈਨ ਇੰਡਕਸ਼ਨ 2026' ਰਾਹੀਂ ਨਵੇਂ ਬੈਚ ਦਾ ਸਵਾਗਤ ਕੀਤਾ। ਕੈਂਪਸ ਲੀਡਰਸ਼ਿਪ ਇੰਟਰੈਕਸ਼ਨਾਂ, ਉਦਯੋਗ ਸੈਸ਼ਨਾਂ, ਸੱਭਿਆਚਾਰਕ ਸਮਾਗਮਾਂ, ਸੇਲਿਬ੍ਰਿਟੀ ਪੇਸ਼ਕਾਰੀਆਂ ਅਤੇ ਵਿਦਿਆਰਥੀ-ਭਾਗੀਦਾਰੀ ਗਤੀਵਿਧੀਆਂ ਨਾਲ ਜੀਵੰਤ ਹੋ ਗਿਆ, ਜਿਸ ਨਾਲ ਨਵੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਜੀਵਨ ਦਾ ਪ੍ਰਤੱਖ ਅਨੁਭਵ ਮਿਲਿਆ। ਵਿਦਿਆਰਥੀਆਂ ਅਤੇ ਮਾਪਿਆਂ ਨੇ ਯੂਨੀਵਰਸਿਟੀ ਲੀਡਰਸ਼ਿਪ ਅਤੇ ਫੈਕਲਟੀ ਮੈਂਬਰਾਂ ਨਾਲ ਇੰਟਰਐਕਟਿਵ ਸੈਸ਼ਨਾਂ ਵਿੱਚ ਵੀ ਹਿੱਸਾ ਲਿਆ। ਉਨ੍ਹਾਂ ਨੇ ਐਲਪੀਯੂ ਦੇ ਅਕਾਦਮਿਕ ਈਕੋਸਿਸਟਮ, ਵਿਦਿਆਰਥੀ-ਸਹਾਇਤਾ ਪਹਿਲਕਦਮੀਆਂ ਅਤੇ ਆਪਣੀ ਪੜ੍ਹਾਈ ਦੌਰਾਨ ਉਪਲਬਧ ਮੌਕਿਆਂ ਬਾਰੇ ਪ੍ਰਤੱਖ ਜਾਣਕਾਰੀ ਪ੍ਰਾਪਤ ਕੀਤੀ। ਐੱਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਐੱਲ ਪੀ ਯੂ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਅਤੇ ਐੱਲ ਪੀ ਯੂ ਦੇ ਪ੍ਰੋ-ਵਾਈਸ-ਚਾਂਸਲਰ ਡਾ. ਲੋਵੀਰਾਜ ਗੁਪਤਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਸਵਾਲਾਂ ਦੇ ਜਵਾਬ ਦਿੱਤੇ, ਵਿਦਿਆਰਥੀਆਂ ਦੀਆਂ ਇੱਛਾਵਾਂ ਸੁਣੀਆਂ, ਅਤੇ ਕੈਂਪਸ ਵਿੱਚ ਨਵੇਂ ਵਿਦਿਆਰਥੀਆਂ ਲਈ ਉਪਲਬਧ ਮੌਕਿਆਂ 'ਤੇ ਚਰਚਾ ਕੀਤੀ।



## ਵਿਛੜੇ ਸਾਬਕਾ ਵਿਧਾਇਕਾਂ ਤੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਅਤੇ ਵਿਧਾਇਕ ਆਦਿਤਿਆ ਦੇਵੀਲਾਲ ਸਮੇਤ ਸਦਨ ਨੇ ਪਿਛਲੇ ਵਿਧਾਨ ਸਭਾ ਸੈਸ਼ਨ ਤੋਂ ਬਾਅਦ ਵਿਛੜੀਆਂ ਹੋਈਆਂ ਅਹਿਮ ਹਸਤੀਆਂ, ਸਾਬਕਾ ਵਿਧਾਇਕਾਂ, ਸ਼ਹੀਦ ਸੈਨਿਕਾਂ ਅਤੇ ਵੱਖ-ਵੱਖ ਹਾਦਸਿਆਂ ਵਿੱਚ ਜਾਨ ਗਵਾਉਣ ਵਾਲੇ ਨਾਗਰਿਕਾਂ ਦੇ ਦੇਹਾਂਤ 'ਤੇ ਡੂੰਘਾ ਸੋਗ ਪ੍ਰਗਟ ਕੀਤਾ।



ਮੁੱਖ ਮੰਤਰੀ ਨੇ ਸ਼ੋਕ ਪ੍ਰਸਤਾਵ ਪੜ੍ਹਦਿਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ ਅਤੇ ਦੁਖੀ ਪਰਿਵਾਰਾਂ ਨਾਲ ਆਪਣੀ ਹਮਦਰਦੀ ਪ੍ਰਗਟਾਈ। ਮੁੱਖ ਮੰਤਰੀ ਨੇ ਨੇਪਾਲ ਵਿੱਚ ਆਏ ਹੜ੍ਹਾਂ ਕਾਰਨ ਮਾਰੇ ਗਏ ਲੋਕਾਂ ਦੇ ਦੇਹਾਂਤ 'ਤੇ ਵੀ ਸ਼ੋਕ ਪ੍ਰਗਟ ਕੀਤਾ।


## ਵਿਦਿਆਰਥੀਆਂ ਨੇ ਐਨ ਸੀ ਸੀ ਕੈਂਪ 'ਚ ਲਿਆ ਹਿੱਸਾ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ 21 ਪੀ.ਬੀ. ਬੀ.ਐਨ, ਐੱਨ ਸੀ ਸੀ ਕਪੂਰਥਲਾ ਵੱਲੋਂ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਵਿਖੇ ਦਸ ਦਿਨਾਂ ਐਨ ਸੀ ਸੀ ਕੈਂਪ 'ਚ ਭਾਗ ਲਿਆ। ਕੈਂਪ ਦੌਰਾਨ ਕੈਡਿਟਾਂ ਨੇ ਡਰਿਲ ਸਿਖਲਾਈ, ਮੁੱਢਲੀ ਸਹਾਇਤਾ, ਰਾਸ਼ਟਰੀ ਏਕਤਾ ਅਤੇ ਨੈਤਿਕਤਾ ਬਾਰੇ ਸਿਖਲਾਈ ਹਾਸਲ ਕੀਤੀ। ਇਸ ਦੇ ਨਾਲ ਹੀ ਲੈਕਚਰ, ਖੇਡ ਮੁਕਾਬਲਿਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਕੈਂਪ ਦੌਰਾਨ ਵਿਦਿਆਰਥੀਆਂ ਨੂੰ ਅਨੁਸ਼ਾਸਨ, ਲੀਡਰਸ਼ਿਪ, ਟੀਮ ਵਰਕ, ਆਤਮ ਵਿਸ਼ਵਾਸ ਅਤੇ ਦੇਸ਼ ਭਗਤੀ ਦੀ ਮਜ਼ਬੂਤ ਭਾਵਨਾ ਨੂੰ ਵਿਕਸਿਤ ਕਰਨ ਸਬੰਧੀ ਜਾਣਕਾਰੀ ਹਾਸਲ ਕੀਤੀ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ [illegible] ਨੇ ਕੈਂਪ 'ਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀਆਂ।



## ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮੁਲਾਜ਼ਮਾਂ ਦੀ ਬਾਂਹ ਫੜੀ : ਤਲਵਾੜ

**ਮੋਹਾਲੀ (ਜਗਤਾਰ ਸਿੰਘ ਢੁੱਗਲੀ)**- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਅਤੇ ਸਾਬਕਾ ਕੈਬਨਿਟ ਮੰਤਰੀ ਸਰਦਾਰ ਸੋਹਨ ਸਿੰਘ ਠੰਡਲ ਦੀ ਅਗਵਾਈ ਹੇਠ ਮੁਲਾਜ਼ਮਾਂ ਦੇ ਹੱਕ ਵਿੱਚ ਇੱਕ ਅਹਿਮ ਬੈਠਕ ਦਾ ਆਯੋਜਨ ਕੀਤਾ ਗਿਆ। ਬੈਠਕ ਨੂੰ ਸੰਬੋਧਨ ਕਰਦਿਆਂ ਸੰਜੀਵ ਤਲਵਾੜ ਨੇ ਕਿਹਾ ਕਿ ਕਿਸੇ ਵੀ ਪ੍ਰਦੇਸ਼ ਦੀ ਉੱਨਤੀ ਵਿੱਚ ਬਿਊਰੋਕਰੇਟਸ ਅਤੇ ਮੁਲਾਜ਼ਮਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪਹਿਲ ਦਿੰਦਿਆਂ ਉਨ੍ਹਾਂ ਦੀ ਬਾਂਹ ਫੜੀ ਹੈ ਅਤੇ ਅੱਜ ਵੀ ਮੁਲਾਜ਼ਮ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੇ ਸੁਨਹਿਰੀ ਕਾਰਜਕਾਲ ਨੂੰ ਯਾਦ ਕਰਦੇ ਹਨ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸਰਦਾਰ ਸੋਹਨ ਸਿੰਘ ਠੰਡਲ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਉਣ ਵਾਲੇ ਚੋਣ ਮੈਨੀਫੈਸਟੋ ਵਿੱਚ ਮੁਲਾਜ਼ਮਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਸ਼ਾਮਲ ਕੀਤਾ ਜਾਵੇਗਾ। ਇਸ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ਪਛੜੀਆਂ ਸ਼੍ਰੇਣੀਆਂ ਦੇ ਪੰਜਾਬ ਜਨਰਲ ਸਕੱਤਰ ਬਿਕਰਮਜੀਤ ਸਿੰਘ ਕਲਸੀ, ਵਪਾਰੀ ਵਰਗ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਔਜਲਾ, ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਸਿੰਘ ਅਤੇ ਪਛੜੀਆਂ ਸ਼੍ਰੇਣੀਆਂ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।



# ਸੀ ਟੀ ਗਰੁੱਪ ਵੱਲੋਂ ਖੂਨਦਾਨ ਕੈਂਪ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਸ਼ਾਹਪੁਰ ਅਤੇ ਮਕਸੂਦਾਂ ਕੈਂਪਸਾਂ ਵਿੱਚ ਸਵੈਇੱਛਕ ਖੂਨਦਾਨ ਨੂੰ ਉਤਸ਼ਾਹਿਤ ਕਰਨ ਅਤੇ [illegible] ਆਰਥੋਨੋਵਾ ਅਤੇ ਪਿਮਸ ਹਸਪਤਾਲ ਦੀਆਂ ਮੈਡੀਕਲ ਟੀਮਾਂ ਨੇ ਚਿਕਿਤਸਕ ਸਹਿਯੋਗ ਪ੍ਰਦਾਨ ਕਰਦੇ ਹੋਏ ਖੂਨਦਾਨ ਪ੍ਰਕਿਰਿਆ ਨੂੰ ਸੁਰੱਖਿਅਤ ਅਤੇ ਸੁਚਾਰ ਢੰਗ ਨਾਲ ਸੰਪੰਨ ਕਰਵਾਇਆ। [illegible] ਭਾਰੀ ਉਤਸ਼ਾਹ ਨਾਲ ਖੂਨਦਾਨ ਕੀਤਾ। ਦੋਵੇਂ ਕੈਂਪਸਾਂ ਤੋਂ ਮਿਲਾ ਕੇ 350 ਤੋਂ ਵੱਧ ਯੂਨਿਟ ਖੂਨ ਇਕੱਠਾ ਕੀਤਾ ਗਿਆ, ਜੋ ਸੀ ਟੀ ਪਰਵਾਰ ਦੀ ਸਮਾਜਿਕ ਜ਼ਿੰਮੇਵਾਰੀ, ਮਨੁੱਖਤਾ ਪ੍ਰਤੀ ਸਮਰਪਣ ਅਤੇ ਭਾਈਚਾਰਕ ਸੇਵਾ ਦੀ ਭਾਵਨਾ ਨੂੰ ਦਰਸਾਉਂਦਾ ਹੈ।ਇਸ ਦੌਰਾਨ [illegible] ਅਸੀਂ ਆਰਥੋਨੋਵਾ ਤੇ ਪਿਮਸ ਹਸਪਤਾਲ ਅਤੇ ਸੰਵੇਦਨਾ ਟਰੱਸਟ ਦੇ ਸਹਿਯੋਗ ਲਈ ਧੰਨਵਾਦੀ ਹਾਂ।

ਉਮੀਦ ਹੈ ਕਿ ਇਹ ਉਪਰਾਲਾ ਹੋਰ ਨੌਜਵਾਨਾਂ ਨੂੰ ਨਿਯਮਿਤ ਸਵੈਇੱਛਕ ਖੂਨਦਾਨੀ ਬਣਨ ਲਈ ਪ੍ਰੇਰਿਤ ਕਰੇਗਾ'



# ਸਾਂਝੀ ਤਾਲਮੇਲ ਕਮੇਟੀ ਵੱਲੋਂ ਰੋਸ ਮਾਰਚ

**ਫ਼ਿਲੌਰ (ਨਿਰਮਲ)**- ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫ਼ਰੰਟ ਤੇ ਸਾਂਝਾ ਮੁਲਾਜ਼ਮ ਮੰਚ ਤੇ ਅਧਾਰਿਤ ਬਣੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ ਤੇ ਸਮਹਿਕ ਛੁੱਟੀ ਲੈ ਕੇ ਸਫ਼ਲ ਹੜਤਾਲ ਤੋਂ [illegible] ਸੰਦੀਪ ਰਾਜੋਵਾਲ ਆਦਿ ਨੇ ਕਿਹਾ ਕਿ ਸਰਕਾਰ 18% ਮਹਿੰਗਾਈ ਭੱਤਾ ਦੇਣ ਦੇ ਮਾਨਯੋਗ ਹਾਈ ਕੋਰਟ ਦੇ ਆਦੇਸ਼ ਨੂੰ ਵੀ ਲਾਗੂ ਕਰਨ ਤੋਂ ਮੁਨਕਰ ਹੋਇਆ ਜਾ ਰਿਹਾ ਹੈ। ਓਹਨਾਂ ਕਿਹਾ ਕੇ ਅਗਰ [illegible] ਸ਼ੰਕਰਾਂ, ਸੁੱਖਵਿੰਦਰ ਸਿੰਘ, ਧਰਮਿੰਦਰ ਕੁਮਾਰ, ਜੀਵਨ ਸੈਦੋਵਾਲ, ਹਰਮੇਸ਼ ਰਾਹੀ, ਗੋਪਾਲ ਰਾਵਤ, ਰਾਕੇਸ਼ ਕੁਮਾਰ, ਸੁੱਖਵਿੰਦਰ ਕੌਰ ਆਦਿ ਨੇ ਸਾਂਝੇ ਤੌਰ ਤੇ ਕੀਤੀ। ਇਸ ਮੌਕੇ ਸੂਬਾਈ ਆਗੂਆਂ ਕਰਨੈਲ ਫਿਲੌਰ, ਸੁਰਿੰਦਰ ਕੁਮਾਰ ਪੁਆਰੀ, ਅਵਤਾਰ ਮਹਿਸਮਪੁਰ, ਕੁਲਦੀਪ ਵਾਲੀਆ, ਰਘਵੀਰ ਕੌਰ,ਪੂਨਮ ਨਈਅਰ, ਮਨਜੀਤ ਕੌਰ, ਸੁੱਖਵਿੰਦਰ ਕੌਰ, ਹਰਵਿੰਦਰ ਕੌਰ, ਕੁਲਵਿੰਦਰ ਕੌਰ, ਪੁਸਪਿੰਦਰ ਕੌਰ, ਆਰਤੀ, ਮੀਨਾ ਨਗਰ, ਰੀਨਾ ਰਾਣੀ, ਅੰਜੂ ਵਰਦੀ, ਪੂਨਮ ਰਾਣੀ, ਅਮਨਦੀਪ ਕੌਰ, ਸੀਤਾ ਰਾਣੀ, ਸੰਤੋਸ਼ ਰਾਣੀ ਆਦਿ ਹਾਜ਼ਰ ਸਨ।



## ਵਿਦਿਆਰਥਣਾਂ ਅੰਡਰ-17 ਵਾਲੀਬਾਲ ਮੁਕਾਬਲੇ 'ਚ ਤੀਜੇ ਸਥਾਨ 'ਤੇ

**ਟਾਂਡਾ ਉੜਮੁੜ (ਜਸਵੀਰ ਕਾਜਲ)**- ਵਿਕਟੋਰੀਆ ਇੰਟਰਨੈਸ਼ਨਲ ਸਕੂਲ ਟਾਂਡਾ ਦੀ ਅੰਡਰ-17 ਵਿਦਿਆਰਥਣਾਂ ਦੀ ਵਾਲੀਬਾਲ ਟੀਮ ਨੇ ਪੇਖੋਵਾਲ, ਹੁਸ਼ਿਆਰਪੁਰ ਵਿਖੇ ਕਰਵਾਈ ਗਈ ਜ਼ਿਲ੍ਹਾ ਪੱਧਰੀ ਵਾਲੀਬਾਲ ਪ੍ਰਤੀਯੋਗਤਾ ਵਿੱਚ ਤੀਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਪੂਜਾ [illegible] ਨੇ ਪੂਰੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਅਗਵਾਈ ਦੀ ਸਮਰੱਥਾ ਅਤੇ ਟੀਮ ਭਾਵਨਾ ਪੈਦਾ ਕਰਨ ਦਾ ਮਹੱਤਵਪੂਰਨ ਸਾਧਨ ਹਨ। [illegible]



## ਸਕੂਲ 'ਚ ਮਨਾਇਆ ਰੱਖੜੀ ਦਾ ਤਿਉਹਾਰ

**ਕਰਤਾਰਪੁਰ**- ਰੱਖੜੀ ਦੇ ਤਿਉਹਾਰ ਦੇ ਮੌਕੇ 'ਤੇ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ, ਕਰਤਾਰਪੁਰ ਵਿਖੇ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। [illegible] ਅਧਿਆਪਕਾ ਨੇ ਬੱਚਿਆਂ ਨੂੰ ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਸਕੂਲ ਦੇ ਬੱਚਿਆਂ ਨੇ ਆਪਣੀਆਂ ਭੈਣਾਂ ਲਈ ਰੱਖੜੀ ਅਤੇ ਕਾਰਡ ਬਣਾਏ। ਸਕੂਲ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ ਅਤੇ ਪਲਵਿੰਦਰ ਕੌਰ ਅਤੇ ਸਕੂਲ ਅਧਿਆਪਕਾ ਗੁਰਜੀਤ, ਨੇਹਾ, ਰੇਸ਼ਮਾ ਇਸ ਮੌਕੇ 'ਤੇ ਮੌਜੂਦ ਸਨ।



## ਫੂਡ ਕਮਿਸ਼ਨ ਦੇ ਮੈਂਬਰ ਵੱਲੋਂ ਸਰਕਾਰੀ ਸਕੂਲਾਂ ਤੇ ਰਾਸ਼ਨ ਡਿਪੂਆਂ ਦਾ ਦੌਰਾ

**ਜਲੰਧਰ (ਇਕਬਾਲ ਸਿੰਘ ਉਭੀ, ਸੁਰਿੰਦਰ ਕੁਮਾਰ)**- ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹੇ ਦੇ ਅਚਨਚੇਤ ਦੌਰੇ ਦੌਰਾਨ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਹਾਈ ਸਮਾਰਟ ਸਕੂਲ, ਸੰਸਾਰਪੁਰ, ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਮਿਡਲ ਸਕੂਲ ਧੀਣਾ, ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਜਮਸ਼ੇਰ ਖਾਸ (ਕੰਨਿਆ) ਦਾ ਦੌਰਾ ਕੀਤਾ।ਇਸ ਦੌਰਾਨ ਸਰਕਾਰੀ ਸਕੂਲਾਂ ਵਿੱਚ ਮਿਡ-ਡੇ ਮੀਲ ਤਹਿਤ ਵਿਦਿਆਰਥੀਆਂ ਨੂੰ ਪਰੋਸੇ ਜਾ ਰਹੇ ਖਾਣੇ ਦੀ ਚੈਕਿੰਗ ਕੀਤੀ ਗਈ ਅਤੇ ਮੌਕੇ 'ਤੇ ਸਟਾਫ਼ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਦਿੱਤੇ ਜਾ ਰਹੇ ਖਾਣੇ ਦੀ ਗੁਣਵੱਤਾ ਹਰ ਹਾਲ ਵਿੱਚ ਯਕੀਨੀ ਬਣਾਈ ਜਾਵੇ। ਧਾਲੀਵਾਲ ਵੱਲੋਂ ਜਮਸ਼ੇਰ ਖਾਸ ਦੇ ਦੋ ਆਂਗਣਵਾੜੀ ਕੇਂਦਰਾਂ ਦੀ ਚੈਕਿੰਗ ਕੀਤੀ ਗਈ ਅਤੇ ਕੇਂਦਰਾਂ ਨੂੰ ਮਿਲ ਰਹੀ ਰਾਸ਼ਨ ਸਪਲਾਈ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਮੈਂਬਰ ਫੂਡ ਕਮਿਸ਼ਨ ਵੱਲੋਂ ਰਾਸ਼ਨ ਡੀਪੂਆਂ ਦੀ ਚੈਕਿੰਗ ਕੀਤੀ ਗਈ। ਖੁਰਲਾ ਕਿੰਗਰਾ ਵਿਖੇ ਰਾਸ਼ਨ ਡੀਪੂਆਂ ਦੇ ਨਿਰੀਖਣ ਦੌਰਾਨ ਉਨ੍ਹਾਂ ਲਾਭਪਾਤਰੀਆਂ ਨੂੰ ਜਲਦ ਤੋਂ ਜਲਦ ਕਣਕ ਦੀ ਵੰਡ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਧਾਲੀਵਾਲ ਨੇ ਕਮਿਸ਼ਨ ਦੇ ਹੈਲਪਲਾਈਨ 9876764545 ਨੰਬਰ ਅਤੇ ਈਮੇਲ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਰ (ਵਿਕਾਸ) ਕੋਲ ਦਰਜ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।



# ਕੁਇਜ਼ ਮੁਕਾਬਲੇ ਕਰਵਾਏ




**ਅੱਡਾ ਸਰਾਂ (ਜਸਵੀਰ ਕਾਜਲ)**- ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਵਿਖੇ ਵਿਦਿਆਰਥੀਆਂ ਨੂੰ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇਤਿਹਾਸ ਅਤੇ ਪਰੰਪਰਾਵਾਂ ਨਾਲ ਜੋੜਨ ਦੇ ਉਦੇਸ਼ ਨਾਲ ਇੰਟੈਕ ਹੈਰੀਟੇਜ ਕੁਇਜ਼-2026 ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇੰਟੈਕ ਹੁਸ਼ਿਆਰਪੁਰ ਚੈਪਟਰ ਦੇ ਕਨਵੀਨਰ ਅਤੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਹੁਸ਼ਿਆਰਪੁਰ ਦੇ ਪ੍ਰਿੰਸੀਪਲ ਹਰਜੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ ਇਹਨਾਂ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 100 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਵਿੱਚ ਸਰ ਮਾਰਸ਼ਲ ਬੈਂਸ ਅਵਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਂਬੜਾਂ, ਸੇਂਟ ਸੋਲਜਰ ਹੁਸ਼ਿਆਰਪੁਰ, ਸਰਕਾਰੀ ਸਕੂਲ ਨੰਦਾਚੌਰ, ਚੌਧਰੀ ਬਲਬੀਰ ਸਕੂਲ ਹੁਸ਼ਿਆਰਪੁਰ, ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਤੇ ਡੀ.ਏ.ਵੀ. ਟਾਂਡਾ ਸਮੇਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਕੁਇਜ਼ ਮੁਕਾਬਲਿਆਂ ਦੌਰਾਨ ਭਾਰਤੀ ਇਤਿਹਾਸ, ਕਲਾ, ਸੱਭਿਆਚਾਰ, ਵਿਰਾਸਤੀ ਸਥਾਨਾਂ ਅਤੇ ਪਰੰਪਰਾਵਾਂ ਨਾਲ ਸਬੰਧਤ ਪ੍ਰਸ਼ਨਾਂ ਰਾਹੀਂ ਵਿਦਿਆਰਥੀਆਂ ਦੇ ਗਿਆਨ ਦੀ ਪਰਖ ਕੀਤੀ ਗਈ। ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਅਤੇ ਗਿਆਨ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੁਕਾਬਲੇ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਚੌਧਰੀ ਬਲਬੀਰ ਸਿੰਘ ਸਕੂਲ, ਦੂਜਾ ਸਥਾਨ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਨੈਣੋਵਾਲ ਵੈਦ ਅਤੇ ਤੀਜਾ ਸਥਾਨ ਡੀ.ਏ.ਵੀ. ਸਕੂਲ ਨੇ ਹਾਸਲ ਕੀਤਾ।

ਜੇਤੂ ਟੀਮਾਂ ਨੂੰ ਇਨਾਮ ਅਤੇ ਸਨਮਾਨ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਇੰਟੈਕ ਹੁਸ਼ਿਆਰਪੁਰ ਚੈਪਟਰ ਦੇ ਕਨਵੀਨਰ ਅਤੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਹੁਸ਼ਿਆਰਪੁਰ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੇ ਕਿਹਾ ਕਿ ਸਾਡੀ ਵਿਰਾਸਤ ਸਾਡੀ ਪਹਿਚਾਣ ਅਤੇ ਮਾਣ ਹੈ।

## ਪੰਜਾਬ ਸੋਲਰ ਐਨਰਜੀ ਮਾਡਲ ਅਪਣਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣੇਗਾ

**ਢਿੱਲਵਾਂ**- ਵਾਈਸ ਚੇਅਰਮੈਨ ਸੁਖਜੀਤ ਸਿੰਘ ਢਿੱਲਵਾਂ ਨੇ ਕਰਨਾਟਕਾ ਦਾ ਦੌਰਾ ਕੀਤਾ। ਇਸ ਦੌਰੇ ਦਾ ਮੁੱਖ ਉਦੇਸ਼ ਸੋਲਰ ਐਨਰਜੀ ਰਾਹੀਂ ਖਾਣਾ ਤਿਆਰ ਕਰਨ ਵਾਲੇ ਮਾਡਲ ਦਾ ਅਧਿਐਨ ਕਰਨਾ ਅਤੇ ਇਸ ਨੂੰ ਪੰਜਾਬ ਵਿੱਚ ਲਾਗੂ ਕਰਨ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਹਾਸਲ ਕਰਨਾ ਸੀ। ਇਸ ਦੌਰਾਨ ਉਨ੍ਹਾਂ ਨੇ ਬੈਂਗਲੁਰੂ ਸਥਿਤ ਟਾਟਾ ਟੈਕਨੋ ਪਾਰਕ ਕੰਪਨੀ ਦਾ ਦੌਰਾ ਕੀਤਾ, ਜਿੱਥੇ ਸੋਲਰ ਐਨਰਜੀ ਦੀ ਵਰਤੋਂ ਕਰਕੇ ਲਗਭਗ 10,000 ਤੋਂ 12,000 ਵਿਅਕਤੀਆਂ ਲਈ ਖਾਣਾ ਤਿਆਰ ਕੀਤਾ ਜਾਂਦਾ ਹੈ।



ਚੇਅਰਮੈਨ ਢਿੱਲਵਾਂ ਨੇ ਇਸ ਆਧੁਨਿਕ ਤਕਨੀਕ ਅਤੇ ਸੋਲਰ ਮਾਡਲ ਦਾ ਬਾਰੀਕੀ ਨਾਲ ਅਧਿਐਨ ਕੀਤਾ ਵਾਈਸ ਚੇਅਰਮੈਨ ਸ੍ਰੀ ਸੁਖਜੀਤ ਸਿੰਘ ਢਿੱਲਵਾਂ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣੇਗਾ, ਜੋ ਸਕੂਲਾਂ ਵਿੱਚ ਮਿਡ-ਡੇ ਮੀਲ ਤਿਆਰ ਕਰਨ ਲਈ ਸੋਲਰ ਐਨਰਜੀ ਮਾਡਲ ਨੂੰ ਅਪਣਾਏਗਾ।


ਇਸ ਪ੍ਰੋਜੈਕਟ ਨੂੰ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਦੇ ਰਾਹੀਂ ਅੱਗੇ ਵਧਾਇਆ ਜਾਵੇਗਾ। ਇਸੇ ਉਦੇਸ਼ ਨਾਲ ਸੋਲਰ ਐਨਰਜੀ ਰਾਹੀਂ ਵੱਡੇ ਪੱਧਰ 'ਤੇ ਖਾਣਾ ਤਿਆਰ ਕਰਨ ਵਾਲੇ ਮਾਡਲ ਦਾ ਅਧਿਐਨ ਕਰਨ ਲਈ ਇਹ ਦੌਰਾ ਕੀਤਾ ਗਿਆ। ਇਸ ਮੌਕੇ ਮਾਸਟਰ ਹਰਦੀਪ ਸਿੰਘ, ਲੈਕਚਰਰ ਸੁਖਦੇਵ ਸਿੰਘ, ਰੈੱਡ ਕਰਾਸ ਦੇ ਸੈਕਟਰੀ ਮੰਦੀਪ ਮੌਂਗਾ ਤੇ ਸ੍ਰੀ ਗੁਰਪ੍ਰੀਤ ਸਿੰਘ ਸਿਵੀਆਂ ਵੀ ਹਾਜ਼ਰ ਸਨ।

## ਰਾਮਲੀਲ੍ਹਾ ਤੇ ਦੁਸਹਿਰੇ ਦੇ ਸੰਬੰਧ 'ਚ ਝੰਡੇ ਦੀ ਰਸਮ ਅੱਜ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**- ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਨਾਲ ਅਤੇ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ, ਪ੍ਰੇਰਨਾ ਸਦਕਾ ਤੇ ਮਹੰਤ ਸ੍ਰੀ ਜੈ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਨਾਲ ਸ੍ਰੀ ਕੁੰਦਨ ਲਾਲ ਰਾਮਲੀਲਾ ਕਲੱਬ (ਰਜਿ.) ਲੋਹੀਆਂ ਖਾਸ ਵੱਲੋਂ 59ਵੀਂ ਰਾਮਲੀਲਾ ਅਤੇ 60ਵਾਂ ਦੁਸਹਿਰਾ ਉਤਸਵ ਮਨਾਉਣ ਲਈ ਝੰਡੇ ਦੀ ਰਸਮ ਬਹੁਤ ਧੂਮਧਾਮ ਨਾਲ ਅਤੇ ਸ਼ਰਧਾ ਪੂਰਬ ਨਾਲ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿੱਚ ਸ਼ਾਮ 4:00 ਵਜੇ 28 ਅਗਸਤ ਨੂੰ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਦਸ਼ਮੇਸ਼ ਪਾਰਕ ਲੋਹੀਆਂ ਖਾਸ ਵਿੱਚ ਝੰਡੇ ਦੀ ਰਸਮ ਸੰਪੂਰਨ ਹੋਵੇਗੀ। ਇਸ ਮੌਕੇ ਤੇ ਨਿਰਦੇਸ਼ਕ ਪ੍ਰੇਮ ਕੁਮਾਰ ਸੱਦੀ ਤੇ ਸਹਾਇਕ ਗਜਰਾਜ ਯਦੁਵੰਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਰਾਮਲੀਲਾ ਦਾ ਮੰਚਨ ਬਹੁਤ ਹੀ ਵਧੀਆ ਸ਼ਰਧਾਪੂਰਵਕ ਢੰਗ ਨਾਲ ਕੀਤਾ ਜਾਵੇਗਾ ਅਤੇ ਦੁਸਹਿਰਾ ਕੁਟੀਆ ਗਰਾਊਂਡ ਸਿੱਧੂਪੁਰ ਰੋਡ ਤੇ ਬਹੁਤ ਹੀ ਧੂਮ ਧਾਮ ਤੇ ਸ਼ਰਧਾ ਪੂਰਵਕ ਨਾਲ ਮਨਾਇਆ ਜਾਵੇਗਾ।

## 'ਪਰਿਵਰਤਨ' ਪ੍ਰੋਗਰਾਮ ਨੇ ਪੰਜਾਬ 'ਚ 37 ਲੱਖ ਤੋਂ ਵੱਧ ਲੋਕਾਂ ਨੂੰ ਕੀਤਾ ਪ੍ਰਭਾਵਤ

**ਜਲਧਰ (ਇਕਬਾਲ ਸਿੰਘ ਉਭੀ)**- ਐਚ ਡੀ ਐਫ ਸੀ ਬੈਂਕ ਦੀ ਸੀ ਐਸ ਆਰ ਸ਼ਾਖਾ ਮੁਖੀ ਨੁਸਰਤ ਪਠਾਨ ਨੇ ਪੱਤਰਕਾਰ ਵਾਰਤਾ ਦੌਰਾਨ ਕਿਹਾ ਕਿ ਬੈਂਕ ਦੇ ਪਰਿਵਰਤਨ ਪ੍ਰੋਗਰਾਮ ਰਾਹੀਂ ਰਾਜ ਦੇ ਭਾਗੀਦਾਰਾਂ ਨਾਲ ਮਿਲ ਕੇ 2015 ਤੋਂ ਪੰਜਾਬ ਵਿੱਚ ਹੁਣ ਤੱਕ 37 ਲੱਖ ਤੋਂ ਵੱਧ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਤ ਕੀਤਾ ਹੈ। ਉਨ੍ਹਾਂ ਕਿਹਾ ਕਿ ਬੈਂਕ ਦੀਆਂ ਪਹਿਲਕਦਮੀਆਂ ਵਿਚ ਪੰਜਾਬ ਦੇ 23 ਵਿੱਚੋਂ 21 ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਫਿਰੋਜ਼ਪੁਰ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਵੀ ਪ੍ਰੋਜੈਕਟਾਂ ਨੂੰ ਲਾਗੂ ਕੀਤਾ ਗਿਆ ਹੈ। ਵੱਖ ਵੱਖ ਸ਼ਹਿਰਾਂ ਵਿੱਚ ਪੇਂਡੂ ਵਿਕਾਸ, ਸਿੱਖਿਆ, ਹੁਨਰ, ਰੁਜ਼ਗਾਰ ਤੇ ਸਿਹਤ ਸੇਵਾਵਾਂ, ਵਿੱਤੀ ਸਾਖਰਤਾ ਅਤੇ ਕੁਦਰਤੀ ਸਰੋਤ ਪ੍ਰਬੰਧਨ 'ਤੇ ਕੇਂਦ੍ਰਿਤ ਹਨ। ਪੰਜਾਬ ਵਿੱਚ ਹੁਣ ਤੱਕ 53,368 ਕਿਸਾਨਾਂ ਨੂੰ ਸਹਾਇਤਾ, 98 ਸਮਾਰਟ ਸਕੂਲ ਸਥਾਪਤ ਕਰਕੇ 24,500 ਵਿਦਿਆਰਥੀਆਂ ਨੂੰ ਲਾਭ, 11,210 ਵਿਅਕਤੀਆਂ ਨੂੰ ਹੁਨਰ ਸਿਖਲਾਈ ਅਤੇ 20 ਪਿੰਡਾਂ ਨੂੰ ਸਾਫ਼ ਪੀਣ ਵਾਲੇ ਪਾਣੀ ਲਈ ਸਹਾਇਤਾ ਦਿੱਤੀ ਗਈ ਹੈ। ਇਸ ਤੋਂ ਇਲਾਵਾ 859 ਸੋਲਰ ਲਾਈਟਾਂ ਅਤੇ 268 ਜਲ ਭੰਡਾਰ ਢਾਂਚੇ ਸਥਾਪਤ ਕੀਤੇ ਗਏ ਹਨ। ਬੈਂਕ ਦੀ ਸੀ ਐਸ ਆਰ ਮੁਖੀ ਨੁਸਰਤ ਪਠਾਨ ਨੇ ਕਿਹਾ ਕਿ ਅਸੀਂ ਲੋੜ-ਅਧਾਰਿਤ ਪ੍ਰੋਗਰਾਮ ਡਿਜ਼ਾਈਨ ਲਾਗੂ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਕਰਨ ਅਤੇ ਸਥਾਈ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਨ ਵਿਚ ਭੂਮਿਕਾ ਨਿਭਾਉਣ ਲਈ ਵਚਨਬੱਧ ਹਾਂ। ਇਸ ਮੌਕੇ ਕਾਰਪੋਰੇਟ ਹੈੱਡ ਮਧੂ ਛਿੱਬੜ ਅਤੇ ਸ਼ਰਨ ਸ਼ਟੀਫਨੀ ਡਮੈਲੋ ਸਮੇਤ ਹੋਰ ਮੈਂਬਰ ਹਾਜ਼ਰ ਸਨ।



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ, ਸੁਰਜੀਤ ਢੇਰ)**- ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 18 ਫੀਸਦੀ ਡੀਏ ਨਾ ਦੇਣ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਨਾ ਕਰਨ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਨਾ ਦੇਣ, ਮਾਣ ਭੱਤਾ ਵਰਕਰਾਂ ਨੂੰ ਪੂਰੀ ਉਜਰਤ ਨਾ ਦੇਣ, ਕੱਟੇ ਗਏ ਭੱਤੇ ਲਾਗੂ ਨਾ ਕਰਨ ਤੇ ਮਾਣਯੋਗ ਹਾਈਕੋਰਟ ਦੇ ਫੈਸਲੇ ਨੂੰ ਨਾ ਮੰਨਣ ਕਾਰਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਮੁਲਾਜ਼ਮ ਮੰਚ ਦੇ ਸੱਦੇ 'ਤੇ ਪੰਜਾਬ ਬੰਦ ਦੇ ਸੱਦੇ ਨੂੰ ਭਰਪੂਰ ਹੁੰਗਾਰਾ ਮਿਲਿਆ। ਮੁਲਾਜ਼ਮਾਂ ਨੇ ਆਪਣੀਆਂ ਛੁੱਟੀਆਂ ਭਰ ਕੇ ਵੱਡੀ ਗਿਣਤੀ ਵਿੱਚ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਨੰਗਲ ਦੇ ਪ੍ਰਧਾਨ ਤਰਸੇਮ ਲਾਲ ਸੈਣੀ ਦੀ ਅਗਵਾਈ ਹੇਠ ਵੱਖ-ਵੱਖ ਮੁਲਾਜ਼ਮ ਤੇ ਪੈਨਸ਼ਨਰ ਅਤੇ ਕਿਸਾਨ ਜਥੇਬੰਦੀਆਂ ਨੇ ਨੰਗਲ ਬੱਸ ਸਟੈਂਡ 'ਤੇ ਇਕੱਠੇ ਹੋ ਕੇ ਨੰਗਲ ਦੇ ਬਾਜ਼ਾਰਾਂ ਵਿੱਚ ਰੋਸ ਮਾਰਚ ਕਰਨ ਤੋਂ ਬਾਅਦ ਸਥਾਨਕ ਐਸਡੀਐਮ ਕੰਪਲੈਕਸ ਨੰਗਲ ਵਿਖੇ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਵਿੱਚ ਪੰਜਾਬ ਪੈਨਸ਼ਨਰ ਐਸੋਸੀਏਸ਼ਨ ਨੰਗਲ ਬੀਬੀਐਮਬੀ ਪਾਰਟਨਰ ਸਟੇਟਸ ਯੂਨੀਅਨ, ਮਿਊਂਸੀਪਲ ਸਫ਼ਾਈ ਸੇਵਕ ਯੂਨੀਅਨ ਨੰਗਲ, ਪੰਜਾਬ ਰੋਡਵੇਜ਼ ਪੈਨਸ਼ਨਰ ਯੂਨੀਅਨ, ਗੌਰਮਿੰਟ ਟੀਚਰਜ਼ ਯੂਨੀਅਨ, ਵਾਟਰ ਸਪਲਾਈ ਯੂਨੀਅਨ, ਮਨਿਸਟਰੀਅਲ ਸਟਾਫ ਯੂਨੀਅਨ, ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਤੇ ਕੁੱਲ ਹਿੰਦ ਕਿਸਾਨ ਸਭਾ ਨੇ ਹਿੱਸਾ ਲਿਆ। ਬੀਬੀਐਮਬੀ ਯੂਨੀਅਨ ਦੇ ਪ੍ਰਧਾਨ ਰਾਜਾ ਰਾਮ ਮਲਿਕ, ਜਨਰਲ ਸਕੱਤਰ ਤਰਸੇਮ ਚੰਦ, ਸੱਤਪਾਲ ਸ਼ਾਹ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਹਰਵੰਤ ਸਿੰਘ, ਪ੍ਰੇਮ ਕੁਮਾਰ ਢੱਲ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ। ਪੈਨਸ਼ਨਰ ਐਸੋਸੀਏਸ਼ਨ ਪੰਜਾਬ ਤੋਂ ਪ੍ਰਿੰਸੀਪਲ ਦੇਵ ਰਾਮ ਧਾਮੀ, ਹਰਜਾਪ ਸਿੰਘ ਪਲਾਸੀ, ਦੌਲਤ ਰਾਮ, ਕਸ਼ਮੀਰੀ ਲਾਲ, ਜਰਨੈਲ ਸਿੰਘ ਸੰਧੂ, ਗੁਰਦੀਪ ਸਿੰਘ ਬੇਲਾ, ਪੰਜਾਬ ਰੋਡਵੇਜ਼ ਤੋਂ ਸੇਵਾ ਸਿੰਘ, ਲਖਵਿੰਦਰ ਰਾਏ, ਵਾਟਰ ਸਪਲਾਈ ਤੋਂ ਪ੍ਰਧਾਨ ਅਨਿਲ ਕੁਮਾਰ, ਗੌਰਮਿੰਟ ਟੀਚਰਜ਼ ਯੂਨੀਅਨ ਤੋਂ ਪ੍ਰਧਾਨ ਅੰਮ੍ਰਿਤ ਸੈਣੀ, ਸੋਹਣ ਲਾਲ ਮਨਿਸਟੀਅਲ ਸਟਾਫ ਤੋਂ ਪ੍ਰਧਾਨ ਅੰਕੁਸ਼ ਦਿਵੇਦੀ, ਸਫਾਈ ਸੇਵਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕੌਸ਼ਲ ਨੇ ਸੰਬੋਧਨ ਕੀਤਾ। ਧਰਨੇ ਵਿੱਚ ਸਾਰੀਆਂ ਜਥੇਬੰਦੀਆਂ ਦੇ ਸਾਥੀਆਂ ਨੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਮੰਗ ਕੀਤੀ ਗਈ ਕਿ ਮੁਲਾਜ਼ਮਾਂ ਦੀਆਂ ਮੰਗਾਂ ਫੌਰੀ ਤੌਰ 'ਤੇ ਪੰਜਾਬ ਸਰਕਾਰ ਮੰਨੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ।ਇਸ ਮੌਕੇ ਦੇ ਵਧ ਰਹੀ ਮਹਿੰਗਾਈ ਬਾਰੇ ਵੀ ਚਿੰਤਾ ਪ੍ਰਗਟ ਕਰਦਿਆਂ ਮੁਲਾਜ਼ਮ ਜਥੇਬੰਦੀਆਂ ਨੇ ਕਿਹਾ ਕਿ ਮਹਿੰਗਾਈ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਪਰ ਮੁਲਾਜ਼ਮਾਂ ਨੂੰ ਕਾਨੂੰਨ ਮੁਤਾਬਕ ਮਿਲਣ ਵਾਲੇ ਮਾਣ ਭੱਤੇ ਪੰਜਾਬ ਸਰਕਾਰ ਨੇ ਬੰਦ ਕੀਤੇ ਹੋਏ ਹਨ।



# ਸੰਤ ਹਜ਼ਾਰਾ ਸਿੰਘ ਦੀ ਸਾਲਾਨਾ ਬਰਸੀ ਮਨਾਈ



**ਫਿਲੌਰ (ਨਿਰਮਲ)**- ਸੰਤ ਹਜ਼ਾਰਾਂ ਸਿੰਘ ਅਕਾਲੀ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਨਵਨੀਤ ਸਿੰਘ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸੰਤ ਹਜ਼ਾਰਾਂ ਸਿੰਘ ਅਕਾਲੀ ਦੀ ਸਾਲਾਨਾ ਬਰਸੀ ਹਰ ਸਾਲ ਸ਼ਰਧਾ ਨਾਲ ਮਨਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੰਤ ਹਜ਼ਾਰਾਂ ਸਿੰਘ ਅਕਾਲੀ ਰਾਜਾ ਸਾਹਿਬ ਵੱਲੋਂ ਦਿੱਤੇ ਨਿਰਦੇਸ਼ ਮੁਤਾਬਕ ਪਿੰਡ ਰਸੂਲਪੁਰ ਆ ਕੇ ਸੇਵਾ ਕਰਨ ਲੱਗੇ ਸਨ ਉਨ੍ਹਾਂ ਸੰਗਤਾਂ ਦੀ ਬਹੁਤ ਲੰਮਾ ਸਮਾਂ ਸੇਵਾ ਕੀਤੀ ਉਨ੍ਹਾਂ ਕਈ ਮੋਰਚਿਆਂ ਤੇ ਵੀ ਭਾਗ ਲਿਆ।ਇਸ ਮੌਕੇ ਹਾਜ਼ਰ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ, ਹਰਜਿੰਦਰ ਸਿੰਘ ਲੱਲੀਆਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਕੁਲਦੀਪ ਸਿੰਘ ਬਾਜਵਾ, ਮਨਜੀਤ ਸਿੰਘ ਬਿੱਲਾ, ਭੁਪਿੰਦਰ ਸਿੰਘ, ਸੁਲੱਖਣ ਸਿੰਘ ਰਾਏਪੁਰ, ਕੁਲਦੀਪ ਸਿੰਘ ਕੰਗ, ਮਨਦੀਪ ਸਿੰਘ ਗੋਰਾ, ਡਾਕਟਰ ਪ੍ਰਿੰਸ ਸਰਪੰਚ ਰਸੂਲਪੁਰ, ਡਾਕਟਰ ਕੁਲਦੀਪ ਰਾਏ ਸਮਾਜ ਸੇਵੀ,ਬਾਬਾ ਸਰੂਪ ਸਿੰਘ, ਸਤਨਾਮ ਸਿੰਘ ਚਾਹਲ, ਪਰਮਿੰਦਰ ਸਿੰਘ ਨਗਰ, ਮੋਹਣ ਸਿੰਘ ਕੰਡਿਆਣਾ, ਅਮਰਜੀਤ ਸਿੰਘ ਕਟਾਣਾ, ਇੰਦਰਜੀਤ ਸਿੰਘ ਸਿੱਧੂ ਅਤੇ ਹੋਰ ਵੱਡੀ ਗਿਣਤੀ 'ਚ ਪ੍ਰਮੁੱਖ ਵਿਅਕਤੀ ਸਨ। ਇਸ ਮੌਕੇ ਸੰਗਤਾਂ ਲਈ ਅਤੁੱਟ ਲੰਗਰ ਲਗਾਇਆ ਜਾਵੇਗਾ।

# ਰੇਲਵੇ ਪੁਲਸ ਨੂੰ ਟਰੈਕ 'ਤੇ ਮਿਲੀ ਅਣਪਛਾਤੇ ਵਿਅਕਤੀ ਦੀ ਲਾਸ਼

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਮੋਰਿੰਡਾ ਰੇਲਵੇ ਪੁਲਸ ਨੂੰ ਪੁਰਾਣਾ ਰੇਲਵੇ ਸਟੇਸ਼ਨ ਦੇ ਨੇੜੇ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ। ਲਾਸ਼ ਨੂੰ ਸ਼ਨਾਖਤ ਲਈ 72 ਘੰਟਿਆਂ ਲਈ ਸਰਕਾਰੀ ਹਸਪਤਾਲ ਵਿਖੇ ਭੇਜਿਆ ਗਿਆ ਹੈ। ਰੇਲਵੇ ਚੌਕੀ ਇੰਚਾਰਜ ਏ ਐਸ ਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਮੋਰਿੰਡਾ ਦੇ ਪੁਰਾਣਾ ਰੇਲਵੇ ਸਟੇਸ਼ਨ ਦੇ ਨੇੜੇ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੈ। ਉਨ੍ਹਾਂ ਦੇਖਿਆ ਕਿ ਕਿਲੋਮੀਟਰ 23 ਦੇ ਪੁਆਇੰਟ 6-7 'ਤੇ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੈ ਜਿਸ ਦੀ ਮੌਕੇ 'ਤੇ ਕੋਈ ਸ਼ਨਾਖਤ ਨਹੀਂ ਹੋ ਸਕੀ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ ਲਗਭਗ 42 ਸਾਲ ਦੇ ਕਰੀਬ ਹੈ। ਚੌਂਕੀ ਇੰਚਾਰਜ ਏ ਐਸ ਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ 72 ਘੰਟੇ ਲਈ ਸਰਕਾਰੀ ਹਸਪਤਾਲ ਰੋਪੜ ਵਿਖੇ ਮੋਰਚਰੀ ਵਿਚ ਰਖਵਾ ਦਿੱਤਾ ਗਿਆ।



## ਹਾਕੀ ਸਟਿੱਕ ਨਾਲ ਇਤਿਹਾਸ ਲਿਖਣ ਵਾਲਾ ਜਾਦੂਗਰ (ਸਫ਼ਾ 4 ਦਾ ਬਾਕੀ)

ਨੇ 201 ਗੋਲ ਅਤੇ ਉਨ੍ਹਾ ਦੇ ਭਰਾ ਰੂਪ ਸਿੰਘ ਨੇ 185 ਗੋਲ ਸਨ।

ਫਿਰ 1936 ਦੀਆਂ ਬਰਲਿਨ ਓਲੰਪਿਕ ਖੇਡਾਂ ਆਈਆਂ। ਇਸ ਦੌਰਾਨ ਹੀ ਧਿਆਨ ਚੰਦ ਦਾ ਵਿਆਹ ਜਾਨਕੀ ਦੇਵੀ ਨਾਲ ਹੋਇਆ। ਉਨ੍ਹਾ ਨੂੰ ਭਾਰਤੀ ਟੀਮ ਦੀ ਕਪਤਾਨੀ ਸੌਂਪੀ ਗਈ। ਭਾਰਤ ਨੇ ਹੰਗਰੀ ਨੂੰ 4-1, ਅਮਰੀਕਾ ਨੂੰ 7-0, ਜਪਾਨ ਨੂੰ 9-0 ਅਤੇ ਸੈਮੀਫਾਈਨਲ ਵਿੱਚ ਫਰਾਂਸ ਨੂੰ 10-0 ਨਾਲ ਹਰਾਇਆ। ਫਾਈਨਲ ਵਿੱਚ ਸਾਹਮਣੇ ਮੇਜ਼ਬਾਨ ਜਰਮਨੀ ਸੀ। ਮੈਚ ਦੇਖਣ ਲਈ ਅਡੋਲਫ਼ ਹਿਟਲਰ ਦੀ ਮੌਜੂਦਗੀ ਦਾ ਵੀ ਵਰਣਨ ਮਿਲਦਾ ਹੈ। ਭਾਰਤ ਨੇ ਜਰਮਨੀ ਨੂੰ 8-1 ਨਾਲ ਹਰਾ ਕੇ ਲਗਾਤਾਰ ਤੀਜਾ ਓਲੰਪਿਕ ਸੋਨ ਤਮਗਾ ਜਿੱਤਿਆ। ਬਰਲਿਨ ਓਲੰਪਿਕ ਦੇ ਪੰਜ ਮੈਚਾਂ ਵਿੱਚ ਧਿਆਨ ਚੰਦ ਨੇ ਕੁੱਲ 11 ਗੋਲ ਦਾਗੇ।

ਬਰਲਿਨ ਦੇ ਇਸ ਫਾਈਨਲ ਨਾਲ ਇੱਕ ਹੋਰ ਬਹੁਤ ਪ੍ਰਸਿੱਧ ਕਹਾਣੀ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਧਿਆਨ ਚੰਦ ਦੀ ਖੇਡ ਤੋਂ ਪ੍ਰਭਾਵਤ ਹੋ ਕੇ ਹਿਟਲਰ ਨੇ ਉਨ੍ਹਾ ਨੂੰ ਜਰਮਨ ਫ਼ੌਜ ਵਿੱਚ ਉੱਚ ਅਹੁਦੇ, ਇੱਥੋਂ ਤੱਕ ਕਿ ਕਰਨਲ ਬਣਨ ਦੀ ਪੇਸ਼ਕਸ਼ ਕੀਤੀ ਸੀ। ਧਿਆਨ ਚੰਦ ਵੱਲੋਂ ਇਹ ਪੇਸ਼ਕਸ਼ ਠੁਕਰਾ ਦੇਣ ਦੀ ਕਥਾ ਵੀ ਬਹੁਤ ਪ੍ਰਚਲਤ ਹੈ। ਇਸ ਦੰਤ-ਕਥਾ ਦੇ ਬਾਵਜੂਦ ਇਹ ਗੱਲ ਨਿਸਚਿਤ ਹੈ ਕਿ ਬਰਲਿਨ ਵਿੱਚ ਉਨ੍ਹਾ ਦੀ ਖੇਡ ਨੇ ਜਰਮਨ ਦਰਸ਼ਕਾਂ ਅਤੇ ਹਾਕੀ ਜਗਤ ਨੂੰ ਡੂੰਘਾ ਪ੍ਰਭਾਵਤ ਕੀਤਾ ਸੀ। ਧਿਆਨ ਚੰਦ ਦੀ ਬਰਲਿਨ ਖੇਡ ਬਾਰੇ ਇਤਿਹਾਸਕ ਵਰਣਨਾਂ ਵਿੱਚ ਇਹ ਗੱਲ ਵੀ ਮਿਲਦੀ ਹੈ ਕਿ ਜਰਮਨ ਗੋਲਕੀਪਰ ਨਾਲ ਟਕਰਾਅ ਵਿੱਚ ਉਨ੍ਹਾ ਦਾ ਇੱਕ ਦੰਦ ਟੁੱਟ ਗਿਆ ਸੀ ਅਤੇ ਉਹ ਮੁੜ ਮੈਦਾਨ ਵਿੱਚ ਆ ਕੇ ਖੇਡੇ।

ਇਸ ਤਰ੍ਹਾਂ 1928, 1932 ਅਤੇ 1936 ਤਿੰਨ ਲਗਾਤਾਰ ਓਲੰਪਿਕ ਖੇਡਾਂ ਵਿੱਚ ਤਿੰਨ ਸੋਨ ਤਮਗੇ ਭਾਰਤੀ ਹਾਕੀ ਦੇ ਸੁਨਹਿਰੀ ਯੁੱਗ ਦੀ ਨਿਸ਼ਾਨੀ ਬਣ ਗਏ। ਧਿਆਨ ਚੰਦ ਨੇ ਤਿੰਨਾਂ ਓਲੰਪਿਕਸ ਦੇ ਕੁੱਲ 12 ਮੈਚਾਂ ਵਿੱਚ 37 ਗੋਲ ਕਰਨ ਦਾ ਅਦਭੁਤ ਰਿਕਾਰਡ ਬਣਾਇਆ। ਉਨ੍ਹਾਂ ਆਪਣੇ ਕਰੀਅਰ ਦੇ 185 ਅੰਤਰਰਾਸ਼ਟਰੀ ਮੈਚਾਂ ਵਿੱਚ 570 ਗੋਲ ਕੀਤੇ, ਜਦਕਿ ਉਨ੍ਹਾਂ ਦੇ 1926 ਤੋਂ 1948 ਤੱਕ ਦੇ ਸਮੁੱਚੇ ਘਰੇਲੂ ਅਤੇ ਅੰਤਰਰਾਸ਼ਟਰੀ ਖੇਡ-ਕੈਰੀਅਰ ਦੌਰਾਨ 1,000 ਤੋਂ ਵੱਧ ਗੋਲ ਕਰਨ ਦਾ ਅੰਕੜਾ ਭਾਰਤ ਸਰਕਾਰ ਦੇ ਪ੍ਰਕਾਸ਼ਨਾਂ ਵਿੱਚ ਦਰਜ ਹੈ।

ਧਿਆਨ ਚੰਦ ਦੀ ਮਹਾਨਤਾ ਸਿਰਫ਼ ਭਾਰਤ ਤੱਕ ਸੀਮਤ ਨਹੀਂ ਸੀ। ਅਣਵੰਡੇ ਪੰਜਾਬ ਨਾਲ ਉਨ੍ਹਾ ਦਾ ਲੰਮਾ ਰਿਸ਼ਤਾ ਰਿਹਾ ਅਤੇ ਪੰਜਾਬ ਦੇ ਬਹੁਤ ਸਾਰੇ ਖਿਡਾਰੀ ਉਨ੍ਹਾ ਨੂੰ ਆਪਣਾ ਆਦਰਸ਼ ਮੰਨਦੇ ਸਨ। ਪਾਕਿਸਤਾਨੀ ਹਾਕੀ ਨਾਲ ਜੁੜੇ ਪਰਵਾਰਾਂ ਵਿੱਚ ਵੀ ਉਨ੍ਹਾਂ ਲਈ ਅਪਾਰ ਸਤਿਕਾਰ ਸੀ। ਜਹਾਂਗੀਰ ਬੱਟ ਦੇ ਪਿਤਾ ਧਿਆਨ ਚੰਦ ਦੀ ਖੇਡ ਦੇ ਵੱਡੇ ਪ੍ਰਸੰਸਕ ਸਨ ਅਤੇ ਉਹ ਆਪਣੇ ਪੁੱਤਰ ਨੂੰ ਉਨ੍ਹਾ ਵਰਗਾ ਖਿਡਾਰੀ ਬਣਨ ਦੀ ਪ੍ਰੇਰਨਾ ਦਿੰਦੇ ਸਨ। ਵੰਡ ਨੇ ਧਰਤੀ ਵੰਡ ਦਿੱਤੀ, ਪਰ ਇੱਕ ਮਹਾਨ ਖਿਡਾਰੀ ਲਈ ਸਤਿਕਾਰ ਦੀ ਸਾਂਝ ਨਹੀਂ ਵੰਡ ਸਕੀ।

ਧਿਆਨ ਚੰਦ ਦੀ ਜ਼ਿੰਦਗੀ ਦਾ ਪੰਜਾਬ ਨਾਲ ਇੱਕ ਹੋਰ ਮਹੱਤਵਪੂਰਨ ਰਿਸ਼ਤਾ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਨਾਲ ਜੁੜਦਾ ਹੈ। 1963-64 ਵਿੱਚ ਇੱਥੇ ਉਨ੍ਹਾ ਹਾਕੀ ਦੇ ਮੁੱਖ ਕੋਚ ਵਜੋਂ ਨਵੀਂ ਪੀੜ੍ਹੀ ਦੇ ਖਿਡਾਰੀਆਂ ਅਤੇ ਕੋਚਾਂ ਨੂੰ ਤਿਆਰ ਕੀਤਾ, ਉਹ ਸਿਰਫ਼ ਸਟਿੱਕ ਚਲਾਉਣ ਦੀ ਤਕਨੀਕ ਨਹੀਂ ਸਿਖਾਉਂਦੇ ਸਨ, ਉਹ ਖਿਡਾਰੀਆਂ ਨੂੰ ਮੈਦਾਨ ਪੜ੍ਹਨਾ, ਸਾਥੀ ਦੀ ਸਥਿਤੀ ਸਮਝਣਾ ਅਤੇ ਟੀਮ ਲਈ ਖੇਡਣਾ ਸਿਖਾਉਂਦੇ ਸਨ। ਉਨ੍ਹਾ ਦੀ ਕੋਚਿੰਗ ਵਿੱਚ ਵੀ ਉਹੀ ਦਰਸ਼ਨ ਸੀ, ਜੋ ਉਨ੍ਹਾਂ ਦੀ ਆਪਣੀ ਖੇਡ ਵਿੱਚ ਸੀ, ਨਿੱਜੀ ਚਮਕ ਨਾਲੋਂ ਟੀਮ ਦੀ ਜਿੱਤ ਵੱਡੀ ਹੈ।

ਇਸੇ ਖੇਡ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਉਨ੍ਹਾ ਦੇ ਸਪੁੱਤਰ ਅਸ਼ੋਕ ਕੁਮਾਰ ਵੀ ਉੱਘੇ ਓਲੰਪੀਅਨ ਬਣੇ। ਉਹ 1972 ਦੀ ਮਿਊਨਿਖ ਓਲੰਪਿਕ ਕਾਂਸੀ ਤਮਗਾ ਜੇਤੂ ਭਾਰਤੀ ਟੀਮ ਦੇ ਮੈਂਬਰ ਸਨ ਅਤੇ 1975 ਦੇ ਹਾਕੀ ਵਿਸ਼ਵ ਕੱਪ ਦੀ ਜੇਤੂ ਭਾਰਤੀ ਟੀਮ ਦਾ ਵੀ ਹਿੱਸਾ ਰਹੇ। ਪਾਕਿਸਤਾਨ ਵਿਰੁੱਧ ਫਾਈਨਲ ਵਿੱਚ ਉਨ੍ਹਾ ਵੱਲੋਂ ਕੀਤਾ ਗਿਆ ਜੇਤੂ ਗੋਲ ਭਾਰਤੀ ਹਾਕੀ ਦੇ ਇਤਿਹਾਸ ਵਿੱਚ ਅਮਰ ਹੋ ਗਿਆ।

1956 ਵਿੱਚ ਧਿਆਨ ਚੰਦ ਫ਼ੌਜ ਤੋਂ ਮੇਜਰ ਦੇ ਦਰਜੇ ਨਾਲ ਸੇਵਾਮੁਕਤ ਹੋਏ ਅਤੇ ਇਸੇ ਸਾਲ ਭਾਰਤ ਸਰਕਾਰ ਨੇ ਉਨ੍ਹਾ ਨੂੰ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ। ਉਨ੍ਹਾ ਦੀ ਯਾਦ ਵਿੱਚ ਡਾਕ-ਟਿਕਟ ਵੀ ਜਾਰੀ ਕੀਤੀ ਗਈ। ਦਿੱਲੀ ਦੇ ਰਾਸ਼ਟਰੀ ਸਟੇਡੀਅਮ ਦਾ ਨਾਂਅ ਉਨ੍ਹਾ ਨਾਲ ਜੋੜਿਆ ਗਿਆ ਅਤੇ ਅੱਜ ਭਾਰਤ ਦਾ ਸਰਵਉੱਚ ਖੇਡ ਸਨਮਾਨ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਵੀ ਉਨ੍ਹਾ ਦੇ ਨਾਂਅ 'ਤੇ ਹੈ।

3 ਦਸੰਬਰ 1979 ਨੂੰ ਧਿਆਨ ਚੰਦ ਇਸ ਸੰਸਾਰ ਤੋਂ ਵਿਦਾ ਹੋ ਗਏ, ਪਰ ਕੁਝ ਮਨੁੱਖ ਸਰੀਰਕ ਤੌਰ 'ਤੇ ਚਲੇ ਜਾਣ ਤੋਂ ਬਾਅਦ ਵੀ ਆਪਣੇ ਸਮੇਂ ਦੀਆਂ ਹੱਦਾਂ ਤੋਂ ਬਾਹਰ ਜੀਉਂਦੇ ਰਹਿੰਦੇ ਹਨ। ਧਿਆਨ ਚੰਦ ਵੀ ਅਜਿਹੇ ਹੀ ਮਨੁੱਖ ਸਨ। ਉਨ੍ਹਾ ਦਾ ਨਾਂਅ ਅੱਜ ਵੀ ਹਾਕੀ ਦੀ ਕਲਾ, ਭਾਰਤੀ ਖੇਡ-ਗੌਰਵ ਅਤੇ ਅਨੁਸ਼ਾਸਤ ਸਾਧਨਾ ਦਾ ਸਮਾਨਅਰਥੀ ਹੈ।


29 ਅਗਸਤ ਨੂੰ ਉਨ੍ਹਾ ਦੀ ਜਨਮ ਵਰ੍ਹੇਗੰਢ ਰਾਸ਼ਟਰੀ ਖੇਡ ਦਿਵਸ ਵਜੋਂ ਮਨਾਉਣਾ ਸਿਰਫ਼ ਇੱਕ ਮਹਾਨ ਹਾਕੀ ਖਿਡਾਰੀ ਨੂੰ ਸ਼ਰਧਾਂਜਲੀ ਨਹੀਂ, ਸਗੋਂ ਖੇਡਾਂ ਨੂੰ ਜੀਵਨ ਦਾ ਅਹਿਮ ਹਿੱਸਾ ਬਣਾਉਣ ਦਾ ਸੱਦਾ ਵੀ ਹੈ। ਭਾਰਤ ਸਰਕਾਰ ਵੀ ਹਰ ਸਾਲ ਇਸ ਦਿਨ ਨੂੰ ਧਿਆਨ ਚੰਦ ਦੀ ਵਿਰਾਸਤ ਅਤੇ ਦੇਸ਼ ਵਿੱਚ ਖੇਡ-ਸੱਭਿਆਚਾਰ ਨੂੰ ਉਤਸ਼ਾਹਤ ਕਰਨ ਨਾਲ ਜੋੜਦੀ ਹੈ।

ਇਸੇ ਲਈ ਧਿਆਨ ਚੰਦ ਸਿਰਫ਼ ਹਾਕੀ ਦੇ ਜਾਦੂਗਰ ਨਹੀਂ, ਉਹ ਭਾਰਤੀ ਖੇਡ ਇਤਿਹਾਸ ਦੇ ਉਹ ਚੰਦ ਹਨ, ਜਿਨ੍ਹਾ ਦੇ ਚਾਨਣ ਵਿੱਚ ਇੱਕ ਪੂਰਾ ਯੁੱਗ ਅੱਜ ਵੀ ਰੌਸ਼ਨ ਦਿਖਾਈ ਦਿੰਦਾ ਹੈ।

**# ਸੰਪਰਕ : 98769-68193**

# ਮਹਾਂਬੰਦ ਮੌਕੇ ਮਾਹਿਲਪੁਰ 'ਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਭਰਵੀਂ ਸ਼ਮੂਲੀਅਤ

**ਮਾਹਿਲਪੁਰ (ਸ਼ਫ਼ਰੀ)** - ਮੁਲਾਜ਼ਮ-ਪੈਨਸ਼ਨਰ ਸਾਂਝੇ ਫਰੰਟ ਵਲੋਂ ਦਿੱਤੇ ਹੜਤਾਲ ਦੇ ਸੱਦੇ ਤੇ ਬਲਾਕ ਮਾਹਿਲਪੁਰ ਵਿਖੇ ਮੁਲਾਜਮਾਂ ਅਤੇ ਪੈਨਸ਼ਨਰਾਂ ਵਲੋਂ ਮਾਹਿਲਪੁਰ ਵਿਖੇ ਰੈਲੀ ਕਰਕੇ ਆਪਣਾ ਰੋਸ ਪ੍ਰਦਰਸ਼ਨ ਪੈਨਸ਼ਨਰ ਆਗੂ ਸੋਹਣ ਸਿੰਘ ਭੂੰਨੋ, ਪਸਸਫ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਮਲਕੀਤ ਸਿੰਘ ਬਾਹੋਵਾਲ, ਕਸ਼ਮੀਰਾ ਸਿੰਘ, ਮੱਖਣ ਸਿੰਘ ਲੰਗੇਰੀ ਅਤੇ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਅਗਵਾਈ ਵਿੱਚ ਸਥਾਨਕ ਸਬਜ਼ੀ ਮੰਡੀ ਵਿਖੇ ਰੈਲੀ ਕਰਕੇ ਕੀਤਾ ਗਿਆ।ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਮ ਕਿਰਤੀ ਲੋਕਾਂ ਦਾ ਆਰਥਿਕ ਸੋਸ਼ਣ ਕਰ ਰਹੀ ਹੈ।ਪੁਰਾਣੀ ਪੈਨਸ਼ਨ, ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮ ਪੱਕੇ ਕਰਨ, ਪੈਨਸ਼ਨਰਾਂ ਲਈ 2.59 ਗੁਣਾਂਕ, ਨਿੱਜੀਕਰਨ ਬੰਦ ਕਰਨ, ਪਰਖ ਕਾਲ ਤੇ ਕੇਂਦਰੀ ਪੇਅ ਕਮਿਸ਼ਨ ਪੱਤਰ ਰੱਦ ਕਰਨ, ਡੀ.ਏ ਤੇ ਪੇਅ ਕਮਿਸ਼ਨ ਦੇ ਬਕਾਏ ਅਤੇ ਕਈ ਹੋਰ ਹੱਕੀ ਅਤੇ ਜਾਇਜ਼ ਮੰਗਾਂ ਨੂੰ ਹੱਲ ਨਹੀਂ ਕਰ ਰਹੀ।ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਕਿਸਾਨ ਆਗੂ, ਕਸ਼ਮੀਰ ਸਿੰਘ, ਪਰਮਜੀਤ ਕਾਤਿਬ, ਜਗਦੀਸ਼ ਪੋਸੀ, ਕਮਲਜੀਤ ਖੜੌਦੀ, ਚਰਨਜੀਤ ਬਾੜੀਆਂ ਕਲਾਂ, ਕਿਸਾਨ ਆਗੂ ਸ਼ੇਰ ਜੰਗ ਬਹਾਦਰ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਲੋਕ ਵਿਰੋਧੀ ਫੈਸਲੇ ਲੈਣ ਵਾਲੀਆਂ ਸਰਕਾਰਾਂ ਬਹੁਤਾ ਲੰਮਾ ਸਮਾਂ ਲੋਕਾਂ ਦੇ ਸੰਘਰਸ਼ ਸਾਹਮਣੇ ਟਿਕ ਨਹੀਂ ਸਕਦੀਆਂ।ਆਗੂਆਂ ਨੇ ਸੂਬਾ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ।ਮੁਜ਼ਾਹਰਾਕਾਰੀਆਂ ਵਲੋਂ ਸ਼ਹਿਰ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਸਤਵਿੰਦਰ ਸਿੰਘ, ਅਰਵਿੰਦਰ ਸਿੰਘ, ਮਨਜਿੰਦਰ ਸਿੰਘ ਹੱਲੂਵਾਲ, ਪ੍ਰਿੰਸੀਪਲ ਸੁਖਇੰਦਰ ਸਿੰਘ, ਸਰਬਜੀਤ ਮੰਝ, ਬਾਲ ਮੁਕੰਦ ਸ਼ਰਮਾ, ਟਹਿਲ ਸਿੰਘ, ਗਿਆਨ ਹੰਦੋਵਾਲ, ਸਿੰਦਰਪਾਲ, ਜਸਵਿੰਦਰ ਸਿੰਘ, ਵਰਿੰਦਰ ਸ਼ਰਮਾ, ਗੁਰਜੀਤ ਸਿੰਘ ਟੋਨੀ, ਕਮਲਜੀਤ, ਲਹਿੰਬਰ ਸਿੰਘ, ਕੁਲਦੀਪ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਚੰਦ, ਹਰਮਨੋਜ ਕੁਮਾਰ, ਪ੍ਰਿੰਸੀਪਲ ਇੰਦਰਜੀਤ ਸਿੰਘ, ਪ੍ਰਿੰਸੀਪਲ ਹਰਮਨੋਜ ਕੁਮਾਰ, ਪ੍ਰਿੰਸੀਪਲ ਸੁਰਿੰਦਰ ਕੌਰ, ਹਰਕੇਸ਼ ਕੁਮਾਰ, ਸਤਗੁਰ ਸਿੰਘ, ਅਜੇ ਕੁਮਾਰ, ਅਮਰਜੀਤ ਸਿੰਘ, ਗੁਰਪਾਲ ਸਿੰਘ, ਦਵਿੰਦਰ ਸਿੰਘ, ਲਾਲ ਸਿੰਘ, ਸਗਲੀ ਰਾਮ, ਓਮ ਦੱਤ, ਤਰਸੇਮ ਲਾਲ, ਲਹਿੰਬਰ ਰਹੱਦੀ, ਜਸਵਿੰਦਰ ਭਾਮ, ਰਾਮਪਾਲ,ਆਸ਼ਾ ਮੋਘੋਵਾਲ, ਪ੍ਰਦੀਪ, ਅਮਰਵੀਰ ਕੌਰ, ਮਾਇਆ ਦੇਵੀ, ਲਵਦੀਪ ਕੌਰ, ਸੰਦੀਪ ਕੌਰ, ਕੁਲਵੰਤ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਸੰਧਿਆ, ਹਰਬੰਸ ਕੌਰ, ਰਸ਼ਪਾਲ ਕੌਰ, ਪ੍ਰਦੀਪ ਕੌਰ, ਜਸਵੀਰ ਕੌਰ, ਆਸ਼ਾ ਰਾਣੀ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ-ਪੈਨਸ਼ਨਰ ਹਾਜ਼ਰ ਸਨ।



# ਮਰਹੂਮ ਮਾਤਾ ਦੀਆਂ ਅੱਖਾਂ ਦਾਨ ਕਰਵਾਉਣ 'ਤੇ ਪਰਵਾਰ ਦਾ ਸਨਮਾਨ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮਰਹੂਮ ਸ੍ਰੀਮਤੀ ਸੁਰਜੀਤ ਕੌਰ ਪਤਨੀ ਮਹਿਮਾ ਸਿੰਘ ਦੇ ਭੋਗ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਵੱਲੋਂ ਉਨ੍ਹਾਂ ਦੇ ਪਰਵਾਰ ਨੂੰ ਅੱਖਾਂ ਦਾਨ ਕਰਨ ਦੇ ਮਹਾਨ ਕਾਰਜ ਲਈ ਸਨਮਾਨਤ ਕੀਤਾ ਗਿਆ।ਸੁਰਜੀਤ ਕੌਰ ਦੇ ਪਰਵਾਰ ਵੱਲੋਂ ਦੁੱਖ ਦੀ ਘੜੀ ਵਿੱਚ ਵੀ ਮਨੁੱਖਤਾ ਦੀ ਭਲਾਈ ਲਈ ਲਿਆ ਗਿਆ ਇਹ ਫੈਸਲਾ ਦੋ ਨੇਤਰਹੀਣ ਵਿਅਕਤੀਆਂ ਦੇ ਜੀਵਨ ਵਿੱਚ ਰੌਸ਼ਨੀ ਲਿਆਉਣ ਦਾ ਸਾਧਨ ਬਣਿਆ ਹੈ। ਉਹਨਾਂ ਦੀਆਂ ਅੱਖਾਂ ਪਰਵਾਰ ਦੀ ਸਹਿਮਤੀ ਨਾਲ ਪੀ ਜੀ ਆਈ ਨੂੰ ਦਾਨ ਕੀਤੀਆਂ ਗਈਆਂ। ਸ਼ਰਧਾਂਜਲੀ ਸਮਾਗਮ ਮੌਕੇ ਆਗੂਆਂ ਨੇ ਕਿਹਾ ਕਿ ਸੁਰਜੀਤ ਕੌਰ ਬਹੁਤ ਹੀ ਮਿੱਠੇ ਸੁਭਾਅ ਅਤੇ ਪਿਆਰ ਭਰੇ ਬੋਲਾਂ ਵਾਲੇ ਸਨ। ਉਨ੍ਹਾਂ ਵੱਲੋਂ ਆਪਣੇ ਬੱਚਿਆਂ ਨੂੰ ਦਿੱਤੇ ਚੰਗੇ ਸੰਸਕਾਰਾਂ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਦੇ ਪੁੱਤਰ ਪਰਮਜੀਤ ਸੈਣੀ ਰਮੀ ਲੰਬੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਸਰਗਰਮ ਹਨ।

ਉਨਾਂ ਦੇ ਪੋਤੇ ਗੁਰਜੋਤ ਸਿੰਘ ਅਤੇ ਅਭੀਜੋਤ ਸਿੰਘ ਨੇ ਵੀ ਉਹਨਾਂ ਦੀਆਂ ਸਿੱਖਿਆਵਾਂ ਤੇ ਚਲਦੇ ਹੋਏ ਸਮਾਜ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੋਈ ਹੈ। ਭੋਗ ਮੌਕੇ ਡੇਰਾਬੱਸੀ ਦੀਆਂ ਪ੍ਰਮੁੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ ਅਤੇ ਮਰਹੂਮ ਸੁਰਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵਿਧਾਇਕ ਦੇ ਭਰਾ ਪਰਮਜੀਤ ਸਿੰਘ ਰੰਧਾਵਾ, ਕਾਂਗਰਸੀ ਆਗੂ ਉਦੇਵੀਰ ਸਿੰਘ ਢਿੱਲੋਂ,ਅਕਾਲੀ ਦਲ ਦੇ ਐੱਨ ਕੇ ਸ਼ਰਮਾ, ਬੀ ਜੇ ਪੀ ਆਗੂ ਬੰਨੀ ਸੰਧੂ, ਗੁਰਦਰਸ਼ਨ ਸਿੰਘ ਸੈਣੀ, ਐਸ ਐਮ ਐਸ ਸੰਧੂ, ਬੀ ਜੇ ਪੀ ਸ਼ਹਿਰੀ ਪ੍ਰਧਾਨ ਪਵਨ ਧੀਮਾਨ, ਨਗਰ ਕੌਂਸਲ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸੈਣੀ, ਕਾਮਰੇਡ ਸ਼ਾਮ ਲਾਲ, ਹਤਿੰਦਰ ਮੋਹਨ ਸ਼ਰਮਾ, ਨਿਤਿਨ ਜਿੰਦਲ, ਸੁਸ਼ੀਲ ਬਿਆਸ, ਬਰਖਾ ਰਾਮ, ਉਪੇਸ ਪੇਸ਼ ਬੰਸਲ , ਵਿਪਨ ਥੰਮਨ ਸਮੇਤ ਵੱਖ-ਵੱਖ ਪਾਰਟੀਆਂ ਦੇ ਆਗੂ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਹਤਿੰਦਰ ਸਿੰਘ ਹਨੀ ਨੇ ਸੰਭਾਲੀ।



## ਦਯਾਨੰਦ ਮਾਡਲ ਹਾਈ ਸਕੂਲ ਦੇ ਬਾਕਸਰਾਂ ਨੇ ਜਿੱਤੇ 5 ਮੈਡਲ, 3 ਖਿਡਾਰੀ ਰਾਜ ਪੱਧਰੀ ਮੁਕਾਬਲੇ ਲਈ ਚੁਣੇ




**ਸਮਾਣਾ (ਇਕਬਾਲ ਸਿੰਘ ਬੱਲ)**-ਦਯਾਨੰਦ ਮਾਡਲ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਬਾਕਸਿੰਗ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ।ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਮੱਲਾਂ ਮਾਰਦਿਆਂ ਸਕੂਲ ਦੇ ਖਿਡਾਰੀਆਂ ਨੇ ਕੁੱਲ 5 ਮੈਡਲ (3 ਗੋਲਡ, 1 ਸਿਲਵਰ ਤੇ 1 ਬ੍ਰੌਂਜ਼) ਹਾਸਲ ਕਰਕੇ ਵੱਡੀ ਸਫ਼ਲਤਾ ਪ੍ਰਾਪਤ ਕੀਤੀ ਹੈ।ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਅਨਮੋਲ ਸਿੰਘ, ਇਕਬਾਲ ਸਿੰਘ ਤੇ ਮੰਥਨ ਮੱਟੂ ਨੇ ਸੋਨੇ ਦੇ ਤਗਮੇ (ਗੋਲਡ ਮੈਡਲ) ਆਪਣੇ ਨਾਂਅ ਕੀਤੇ।ਇਸ ਪ੍ਰਾਪਤੀ ਤੋਂ ਬਾਅਦ ਇਨ੍ਹਾਂ ਤਿੰਨਾਂ ਖਿਡਾਰੀਆਂ ਦੀ ਚੋਣ 'ਪੰਜਾਬ ਸਟੇਟ ਕੰਪੀਟੀਸ਼ਨ' (ਰਾਜ ਪੱਧਰੀ ਮੁਕਾਬਲੇ) ਲਈ ਹੋਈ ਹੈ।ਇਸ ਤੋਂ ਇਲਾਵਾ ਸਕੂਲ ਦੇ ਇੱਕ ਵਿਦਿਆਰਥੀ ਨੇ ਸਿਲਵਰ ਅਤੇ ਇੱਕ ਨੇ ਬ੍ਰੌਂਜ਼ ਮੈਡਲ ਜਿੱਤਿਆ।ਬੱਚਿਆਂ ਦੀ ਇਸ ਪ੍ਰਾਪਤੀ 'ਤੇ ਸਕੂਲ ਦੇ ਪ੍ਰਧਾਨ ਸ਼੍ਰੀ ਯਸ਼ਪਾਲ ਸਿੰਗਲਾ, ਮੰਤਰੀ ਸ਼੍ਰੀ ਨਾਰਾਇਣ ਦਾਸ, ਪ੍ਰਿੰਸੀਪਲ ਸ਼੍ਰੀਮਤੀ ਅੰਜੂ ਡੈਂਬਲਾ, ਸਮੂਹ ਮੈਨੇਜਮੈਂਟ ਸਟਾਫ਼, ਕੋਚ ਤੇ ਡੀ.ਪੀ. ਸੁਖਚੈਨ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ।ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀ ਇਸ ਵੱਡੀ ਜਿੱਤ ਪਿੱਛੇ ਉਨ੍ਹਾਂ ਦੇ ਮਾਪਿਆਂ ਦਾ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ। ਸਕੂਲ ਪ੍ਰਬੰਧਕਾਂ ਨੇ ਖਿਡਾਰੀਆਂ ਦੀ ਮਿਹਨਤ ਤੇ ਡੀ.ਪੀ. ਸੁਖਚੈਨ ਸਿੰਘ ਤੇ ਕੋਚ ਦੀ ਯੋਗ ਅਗਵਾਈ ਦੀ ਸ਼ਲਾਘਾ ਕੀਤੀ।

## ਮੈਡੀਸਨ ਫਾਰ ਦਾ ਨੇਸ਼ਨ 3.0 ਤਹਿਤ ਲਟਕਦੇ ਮਾਮਲਿਆਂ ਦੇ ਸਹਿਮਤੀ ਨਾਲ ਨਿਪਟਾਰੇ ਲਈ ਵਿਸ਼ੇਸ਼ ਮੁਹਿੰਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਮੈਡੀਸ਼ਨ ਫਾਰ ਦਾ ਨੇਸ਼ਨ 3.0 ਤਹਿਤ ਲੰਬਿਤ ਮਾਮਲਿਆਂ ਦੇ ਆਪਸੀ ਸਹਿਮਤੀ ਨਾਲ ਨਿਪਟਾਰੇ ਲਈ ਵਿਸ਼ੇਸ਼ ਮੁਹਿੰਮ ਸ੍ਰੀਮਤੀ ਜਸਵਿੰਦਰ ਸ਼ੀਮਰ, ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲਸਾ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ (ਮੋਹਾਲੀ) ਅਤੇ ਹਾਈਕੋਰਟ ਪੰਜਾਬ ਤੇ ਹਰਿਆਣਾ ਦੀਆਂ ਹਦਾਇਤਾਂ ਅਨੁਸਾਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੈਡੀਸ਼ਨ ਫਾਰ ਦਾ ਨੇਸ਼ਨ 3.0 ਵਿਸ਼ੇਸ਼ ਮੀਡੀਏਸ਼ਨ ਮੁਹਿੰਮ ਤਹਿਤ ਲੋਕਾਂ ਨੂੰ ਮੀਡੀਏਸ਼ਨ ਰਾਹੀਂ ਆਪਣੇ ਯੋਗ ਲੰਬਿਤ ਮਾਮਲਿਆਂ ਦਾ ਆਪਸੀ ਸਹਿਮਤੀ ਤੇ ਰਾਜ਼ੀਨਾਮੇ ਰਾਹੀਂ ਨਿਪਟਾਰਾ ਕਰਾਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ।ਸ੍ਰੀਮਤੀ ਜਸਵਿੰਦਰ ਸ਼ੀਮਰ, ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਮੈਡੀਸ਼ਨ ਫਾਰ ਦਾ ਨੇਸ਼ਨ 1.0 ਤੇ 2.0 ਦੀ ਸਫ਼ਲਤਾ ਤੋਂ ਪ੍ਰੇਰਨਾ ਲੈਂਦਿਆਂ ਮੈਡੀਸ਼ਨ ਫਾਰ ਦਾ ਨੇਸ਼ਨ 3.0 ਦਾ ਉਦੇਸ਼ ਮੀਡੀਏਸ਼ਨ ਦੀ ਪਹੁੰਚ ਨੂੰ ਹੋਰ ਵਧਾਉਣਾ ਤੇ ਵੱਧ ਤੋਂ ਵੱਧ ਯੋਗ ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਾਉਣਾ ਹੈ।ਉਨ੍ਹਾਂ ਦੱਸਿਆ ਕਿ ਮੀਡੀਏਸ਼ਨ ਇੱਕ ਸਵੈਇੱਛਕ, ਗੁਪਤ ਤੇ ਸੁਖਾਵੀਂ ਪ੍ਰਕਿਰਿਆ ਹੈ, ਜਿਸ ਵਿੱਚ ਇੱਕ ਨਿਰਪੱਖ ਮੀਡੀਏਟਰ ਦੀ ਸਹਾਇਤਾ ਨਾਲ ਵਿਵਾਦ ਦੀਆਂ ਦੋਵੇਂ ਧਿਰਾਂ ਆਪਸੀ ਗੱਲਬਾਤ ਰਾਹੀਂ ਆਪਣੇ ਵਿਵਾਦ ਦਾ ਸਹਿਮਤੀ ਨਾਲ ਹੱਲ ਲੱਭਦੀਆਂ ਹਨ।ਇਸ ਪ੍ਰਕਿਰਿਆ ਨਾਲ ਧਿਰਾਂ ਨੂੰ ਲੰਬੀ ਅਦਾਲਤੀ ਕਾਰਵਾਈ ਤੋਂ ਬਚਣ ਦਾ ਮੌਕਾ ਮਿਲਦਾ ਹੈ ਤੇ ਉਨ੍ਹਾਂ ਦੇ ਸਮੇਂ, ਪੈਸੇ ਤੇ ਮਾਨਸਿਕ ਤਣਾਅ ਦੀ ਵੀ ਬੱਚਤ ਹੋ ਸਕਦੀ ਹੈ।ਆਪਸੀ ਸਹਿਮਤੀ ਨਾਲ ਹੋਇਆ ਨਿਪਟਾਰਾ ਧਿਰਾਂ ਵਿਚਕਾਰ ਹੋਏ ਤਣਾਅ ਤੇ ਵਿਵਾਦ ਨੂੰ ਘਟਾਉਣ ਦੇ ਨਾਲ-ਨਾਲ ਸਮਾਜ ਵਿੱਚ ਭਾਈਚਾਰਕ ਸਾਂਝ, ਸਦਭਾਵਨਾ ਤੇ ਸ਼ਾਂਤੀ ਨੂੰ ਵੀ ਉਤਸ਼ਾਹਤ ਕਰਦਾ ਹੈ।

## ਮੀਰੀ-ਪੀਰੀ ਖ਼ਾਲਸਾ ਮਾਰਚ ਦੌਰਾਨ ਗਿਆਨੀ ਗੜਗੱਜ ਨੂੰ ਘੋੜਾ ਭੇਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੀਰੀ-ਪੀਰੀ ਖ਼ਾਲਸਾ ਮਾਰਚ ਦੇ ਦੂਜੇ ਪੜਾਅ ਦੌਰਾਨ ਪਿੰਡ ਮਹਿਲ ਕਲਾਂ ਵਿਖੇ ਪੁੱਜਣ 'ਤੇ ਸੰਗਤਾਂ ਵੱਲੋਂ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ।ਧਾਰਮਿਕ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਨਾਥ ਸਿੰਘ ਹਮੀਦੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੂੰ ਸਨਮਾਨ ਵਜੋਂ ਇੱਕ ਘੋੜਾ ਭੇਟ ਕੀਤਾ ਗਿਆ।ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਮੀਰੀ-ਪੀਰੀ ਖ਼ਾਲਸਾ ਮਾਰਚ ਸਿੱਖੀ ਦੇ ਮਾਣਮੱਤੇ ਇਤਿਹਾਸ, ਗੁਰਮਤਿ ਸਿਧਾਂਤਾਂ ਅਤੇ ਖ਼ਾਲਸਾਈ ਰਵਾਇਤਾਂ ਨਾਲ ਸੰਗਤਾਂ ਨੂੰ ਜੋੜਨ ਦਾ ਮਹੱਤਵਪੂਰਨ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀਆਂ ਮਹਾਨ ਰਵਾਇਤਾਂ ਨੂੰ ਨਵੀਂ ਪੀੜ੍ਹੀ ਤੱਕ ਪੁਚਾਉਣਾ ਸਮੇਂ ਦੀ ਵੱਡੀ ਲੋੜ ਹੈ।ਗਿਆਨੀ ਗੜਗੱਜ ਨੇ ਘੋੜਾ ਭੇਟ ਕਰਨ ਲਈ ਜਥੇਦਾਰ ਨਾਥ ਸਿੰਘ ਹਮੀਦੀ ਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖ ਧਰਮ ਦੀਆਂ ਰਵਾਇਤਾਂ ਤੇ ਖ਼ਾਲਸਾਈ ਵਿਰਾਸਤ ਨੂੰ ਸੰਭਾਲਣ ਲਈ ਅਜਿਹੇ ਉਪਰਾਲੇ ਸ਼ਲਾਘਾਯੋਗ ਹਨ।ਉਨ੍ਹਾਂ ਸੰਗਤਾਂ ਨੂੰ ਗੁਰਬਾਣੀ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਸਿੱਖੀ ਸਿਧਾਂਤਾਂ ਨਾਲ ਜੁੜਨ ਦੀ ਅਪੀਲ ਕੀਤੀ।

## ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੈਦਾ ਕਰ ਰਹੀ ਵੱਡੇ ਮੌਕੇ : ਹਡਾਣਾ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਾਹਰ ਕੱਢਣ ਲਈ ਨੌਜਵਾਨਾਂ ਲਈ ਵਧੇਰੇ ਮੌਕੇ ਪੈਦਾ ਕਰਨ ਲਈ ਪਹਿਲ ਕਰ ਰਹੀ ਹੈ ਤੇ ਖੇਡਾਂ ਲਈ ਵੱਡਾ ਬਜਟ ਬਣਾਇਆ ਗਿਆ ਹੈ। ਪਿੰਡ ਚਰਾਸੋਂ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਵੱਲੋਂ ਸਮੂਹ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਕਬੱਡੀ ਕੱਪ ਦਾ ਆਯੋਜਨ ਕਰਾਇਆ ਗਿਆ।ਖੇਡ ਮੁਕਾਬਲੇ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਨਾਲ ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ, ਹੈਪੀ ਪਹਾੜੀਪੁਰ ਚੇਅਰਮੈਨ, ਰਾਜਾ ਧੰਜੂ ਸਰਪੰਚ ਤੇ ਬਲਾਕ ਪ੍ਰਧਾਨ, ਚੇਅਰਮੈਨ ਜਗਪ੍ਰੀਤ ਰਹਿਲ, ਅਜੈਬ ਸਿੰਘ ਚਰਾਸੋਂ ਸੀਨੀਅਰ 'ਆਪ' ਆਗੂ, ਬਲਕਾਰ ਸਿੰਘ ਮੈਂਬਰ ਜਿਲ੍ਹਾ ਪ੍ਰੀਸ਼ਦ, ਗੁਰਤੇਜ ਸਿੰਘ ਬਲਾਕ ਸੰਮਤੀ ਮੈਂਬਰ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਆਪ ਆਗੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਕਬੱਡੀ ਸਾਡੀ ਮਾਂ ਖੇਡ ਹੈ ਤੇ ਅਜਿਹੇ ਪੇਂਡੂ ਖੇਡ ਮੁਕਾਬਲੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਯਾਦ ਕਰ ਰਹੇ : ਅਕਾਲੀ ਆਗੂ



**ਕੋਟ ਈਸੇ ਖਾਂ (ਅਰੋੜਾ)**-ਸ਼੍ਰੋਮਣੀ ਅਕਾਲੀ ਦਲ ਨੂੰ ਹਲਕਾ ਧਰਮਕੋਟ ਅੰਦਰ ਹੋਰ ਮਜ਼ਬੂਤ ਕਰਨ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪੁਚਾਉਣ ਲਈ ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਤੇ ਆਗੂਆਂ ਦੀ ਮੀਟਿੰਗ ਸ਼ਹਿਰੀ ਪ੍ਰਧਾਨ ਹਰਮੇਲ ਸਿੰਘ ਰਾਜਪੂਤ ਦੇ ਗ੍ਰਹਿ ਵਿਖੇ ਹੋਈ।ਮੀਟਿੰਗ ਵਿੱਚ ਪਾਰਟੀ ਦੀ ਮਜ਼ਬੂਤੀ, ਜਥੇਬੰਦਕ ਗਤੀਵਿਧੀਆਂ ਤੇ ਆਉਣ ਵਾਲੇ ਪ੍ਰੋਗਰਾਮਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦਾ ਮੁੱਖ ਏਜੰਡਾ 9 ਸਤੰਬਰ ਨੂੰ ਦਾਣਾ ਮੰਡੀ ਧਰਮਕੋਟ ਵਿਖੇ ਹੋਣ ਜਾ ਰਹੀ ਵਿਸ਼ਾਲ 'ਪੰਜਾਬ ਬਚਾਓ ਰੈਲੀ' ਦੀਆਂ ਤਿਆਰੀਆਂ ਸਬੰਧੀ ਵਿਚਾਰ ਕਰਨਾ ਸੀ।ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਹੱਕੀ ਮੰਗਾਂ ਤੇ ਲੋਕਾਂ ਦੇ ਮਸਲਿਆਂ ਦੀ ਆਵਾਜ਼ ਬੁਲੰਦ ਕਰਦਾ ਆ ਰਿਹਾ ਹੈ।

## ਦਿੱਲੀ ਤੇ ਚੰਡੀਗੜ੍ਹ ਧਰਨੇ ਲਈ ਪਿੰਡ ਕੋਟਾਲਾ ਵਿਖੇ ਤਿਆਰੀ ਮੀਟਿੰਗ



**ਸਮਰਾਲਾ/ਮਾਛੀਵਾੜਾ (ਸੁਰਜੀਤ ਸਿੰਘ/ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਕੁੱਲ ਹਿੰਦ ਕਿਸਾਨ ਸਭਾ-1936 ਦੀ ਜ਼ਿਲ੍ਹਾ ਪ੍ਰਧਾਨ ਜਸਵੀਰ ਝੱਜ ਤੇ ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ ਨੇ ਪਿੰਡ ਕੋਟਾਲਾ ਵਿਖੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਗਲੇ ਮਹੀਨੇ ਵਿੱਚ ਇੱਕ ਸਤੰਬਰ ਨੂੰ ਦਿੱਲੀ ਵਿੱਚ ਆਲ ਇੰਡੀਆ ਪੱਧਰ ਦੀ ਇੱਕ ਰੈਲੀ ਕੀਤੀ ਜਾ ਰਹੀ ਹੈ ਤੇ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ 1 ਸਤੰਬਰ ਤੋਂ 7 ਸਤੰਬਰ ਤੱਕ ਇੱਕ ਧਰਨਾ ਦਿੱਤਾ ਜਾ ਰਿਹਾ ਹੈ।ਧਰਨੇ ਵਿੱਚ ਮੁੱਖ ਤੌਰ 'ਤੇ ਭਾਰਤ ਸਰਕਾਰ ਦੁਆਰਾ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਨਾ ਹੋਣ ਦੇਣ ਦਾ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਦੁਆਰਾ ਦਿੱਲੀ ਤੋਂ ਧਰਨਾ ਉਠਾਏ ਜਾਣ ਸਮੇਂ ਮੰਨੇ ਗਏ ਮੁੱਖ ਤੌਰ 'ਤੇ ਅਮਰੀਕਾ ਅਤੇ ਹੋਰ ਮੁਲਕਾਂ ਨਾਲ ਕੀਤੇ ਮੁਕਤ ਪਾਸ ਸਮਝੌਤੇ ਦਾ ਵਿਰੋਧ ਕਰਨਾ, ਕੇਂਦਰ ਸਰਕਾਰ ਦੁਆਰਾ ਕਿਸਾਨ ਅੰਦੋਲਨ ਵੇਲੇ ਮੰਗਾਂ ਨੂੰ ਲਿਖਤੀ ਤੌਰ 'ਤੇ ਮੰਨੀਆਂ ਮੰਗਾਂ ਦੇ ਲਿਖਤੀ ਭਰੋਸੇ ਨੂੰ ਆਉਣ ਵਿੱਚ ਲਿਆਉਣਾ, ਦਰਿਆਈ ਪਾਣੀਆਂ ਦਾ ਨਿਪਟਾਰਾ ਰਿਪੇਰੀਅਨ ਸਿਧਾਂਤ ਰਾਹੀਂ ਕਰਨਾ, ਬਿਜਲੀ ਤੇ ਬੀਜ ਬਿੱਲ ਰੱਦ ਕਰਨਾ ਇਸ ਦੇ ਨਾਲ਼ ਨਾਲ਼ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ ਤੇ ਲੀਕ ਫੇਰਨ, ਲੇਬਰ ਕੋਡ ਰੱਦ ਕਰਾਉਣ, ਮਨਰੇਗਾ ਕਾਨੂੰਨ ਬਹਾਲ ਕਰਾਉਣ, ਪੰਜਾਬ ਦੇ ਪਾਣੀਆਂ ਦੀ ਰੱਖਿਆ ਆਦਿ ਸਮੇਤ ਹੋਰ ਮੁੱਦੇ ਹੋਣਗੇ।ਇਸ ਸਮੇਂ ਸਹਾਇਕ ਸਕੱਤਰ ਮੋਹਨ ਸਿੰਘ ਕੋਟਾਲਾ, ਬਹਾਦਰ ਸਿੰਘ, ਜਗਜੀਤ ਸਿੰਘ, ਰਿੰਪਾ ਸਿੰਘ, ਜੀਤ ਸਿੰਘ, ਲਾਜਪਤ ਰਾਏ, ਦੀਪ ਦਿਲਬਰ, ਆਤਮਾ ਸਿੰਘ, ਗਗਨਦੀਪ ਸਿੰਘ ਤੇ ਮਾਸਟਰ ਆਤਮਾ ਸਿੰਘ ਕੋਟਾਲਾ ਆਦਿ ਨੇ ਕਿਹਾ ਕਿ ਵੱਡੀ ਪੱਧਰ ਤੇ ਇੱਕ ਤਰੀਕ ਦਿੱਲੀ ਰੈਲੀ ਤੇ ਇੱਕ ਸਤੰਬਰ ਤੋਂ ਸੱਤ ਸਤੰਬਰ ਤੱਕ ਲਾਏ ਜਾ ਰਹੇ ਚੰਡੀਗੜ੍ਹ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

## ਚਕੇਰੀਆ ਰੋਡ ਤੋਂ ਵਾਟਰ ਵਰਕਸ-ਸਿਰਸਾ ਰੋਡ ਨੂੰ ਜੋੜਦੀ ਸੜਕ 'ਤੇ ਬੰਦ ਪਿਆ ਰੇਲਵੇ ਫਾਟਕ ਚਾਲੂ ਕਰਨ ਦੀ ਮੰਗ

**ਮਾਨਸਾ (ਆਤਮਾ ਸਿੰਘ ਪਮਾਰ)**

ਸ਼ਹਿਰ ਦੇ ਬਾਹਰ ਨਹਿਰ ਦੇ ਨਾਲ-ਨਾਲ ਚਕੇਰੀਆ ਰੋਡ ਤੋਂ ਵਾਟਰ ਵਰਕਸ ਤੇ ਸਰਸਾ ਰੋਡ ਨੂੰ ਜੋੜਨ ਵਾਲੀ ਲਿੰਕ ਸੜਕ 'ਤੇ ਰੇਲਵੇ ਵਿਭਾਗ ਵੱਲੋਂ ਕਰੀਬ ਇੱਕ ਸਾਲ ਪਹਿਲਾਂ ਰੇਲਵੇ ਅੰਡਰ ਬ੍ਰਿਜ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ।ਨਹਿਰ ਟੁੱਟਣ ਕਾਰਨ ਇਹ ਕੰਮ ਅਧਵਾਟੇ ਰੁਕਿਆ ਪਿਆ ਹੈ, ਜਿਸ ਕਾਰਨ ਰੇਲਵੇ ਫਾਟਕ ਦੇ ਦੋਵੇਂ ਪਾਸੇ ਡੂੰਘੇ ਟੋਏ ਪੁੱਟੇ ਹੋਏ ਹਨ ਅਤੇ ਵੱਡੇ-ਵੱਡੇ ਗਾਰਡਰ ਨੀਚੇ ਗੱਡੇ ਹੋਏ ਹਨ ਤੇ ਰੇਲਵੇ ਵਿਭਾਗ ਵੱਲੋਂ ਫਾਟਕ ਵੀ ਬੰਦ ਕੀਤਾ ਹੋਇਆ ਹੈ।ਇਸ ਸੜਕ ਦੇ ਬੰਦ ਹੋਣ ਨਾਲ ਚਕੇਰੀਆ ਤੋਂ ਇਲਾਵਾ ਬੁਢਲਾਡਾ, ਭੀਖੀ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਮਾਨਸਾ ਸ਼ਹਿਰ ਅਤੇ ਖਾਸ ਕਰਕੇ ਸਕੂਲਾਂ, ਬੈਂਕਾਂ ਤੇ ਹਸਪਤਾਲਾਂ 'ਚ ਪਹੁੰਚਣ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਸ਼ਹਿਰ ਦੇ ਬਹੁਤੇ ਮੁੱਖ ਹਸਪਤਾਲ, ਬੈਂਕ ਤੇ ਸਕੂਲ ਵਾਟਰ ਵਰਕਸ ਰੋਡ 'ਤੇ ਹੀ ਸਥਿਤ ਹਨ।ਇਸ ਦੇ ਨਾਲ ਹੀ ਸ਼ਹਿਰ ਦੀ ਮੁੱਖ ਸੜਕਾਂ 'ਤੇ ਆਵਾਜਾਈ ਜ਼ਿਆਦਾ ਹੋਣ ਕਾਰਨ ਜਾਮ ਦੀ ਸਮੱਸਿਆ ਵੀ ਪੈਦਾ ਹੋ ਰਹੀ ਹੈ।ਇਲਾਕੇ 'ਚ ਰਹਿ ਰਹੇ ਲੋਕ ਤੇ ਇੱਥੇ ਸਥਿਤ ਸ਼ੈਲਰ ਉਦਯੋਗ ਦੇ ਲੋਕਾਂ ਦੀਆਂ ਸਮੱਸਿਆਵਾਂ ਘਟਣ ਦਾ ਨਾਂਅ ਹੀ ਨਹੀਂ ਲੈ ਰਹੀਆਂ। ਵੁਆਇਸ ਆਫ ਮਾਨਸਾ ਦੇ ਮੈਂਬਰਾਂ ਵੱਲੋਂ ਮੌਕੇ ਦਾ ਜਾਇਜ਼ਾ ਲੈਣ ਉਪਰੰਤ ਸੰਸਥਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਰੇਲਵੇ ਵਿਭਾਗ ਤੇ ਠੇਕੇਦਾਰ ਦੀ ਯੋਜਨਾਬੰਦੀ 'ਚ ਕਮੀ ਕਾਰਨ ਅੰਡਰ ਬ੍ਰਿਜ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਹੈ, ਪ੍ਰੰਤੂ ਇਸ ਦਾ ਖਾਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੁਲ ਦਾ ਕੰਮ ਤੁਰੰਤ ਮੁੜ ਸ਼ੁਰੂ ਨਹੀਂ ਕੀਤਾ ਜਾ ਸਕਦਾ ਤਾਂ ਲੋਕਾਂ ਦੀ ਸਹੂਲਤ ਨੂੰ ਧਿਆਨ ਹਿਤ ਰੱਖਦਿਆਂ ਰੇਲਵੇ ਫਾਟਕ ਵਾਲੀ ਸੜਕ 'ਤੇ ਆਵਾਜਾਈ ਪਹਿਲ ਦੇ ਆਧਾਰ 'ਤੇ ਚਾਲੂ ਕੀਤੀ ਜਾਵੇ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਨਹਿਰੀ ਵਿਭਾਗ ਤੇ ਰੇਲਵੇ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਅੰਡਰ ਬ੍ਰਿਜ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਤੱਕ ਕੰਮ ਮੁਕੰਮਲ ਨਹੀਂ ਹੁੰਦਾ, ਉਦੋਂ ਤੱਕ ਸੜਕੀ ਆਵਾਜਾਈ ਬਹਾਲ ਕਰਨ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ।ਸੰਸਥਾ ਦੇ ਮੈਂਬਰ ਰੁਲਦੂ ਰਾਮ ਨੰਦਗੜ੍ਹ, ਦਰਸ਼ਨਪਾਲ ਗਰਗ, ਲਖਵਿੰਦਰ ਸਿੰਘ ਮੂਸਾ, ਵਿਸ਼ਵਦੀਪ ਬਰਾੜ ਸ਼ੰਭੂ ਨਾਥ ਐਸ ਡੀ ਓ, ਕਰਮ ਚੰਦ, ਜੀਵਨ ਬਾਂਸਲ ਤੇ ਹਰਜੀਵਨ ਸਰਾਂ ਸਮੇਤ ਮੌਕੇ 'ਤੇ ਮੌਜੂਦ ਸ਼ਹਿਰ ਵਾਸੀਆਂ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਮੱਸਿਆ ਦਾ ਹੱਲ ਕਰਾਉਣ ਲਈ ਵੁਆਇਸ ਆਫ ਮਾਨਸਾ ਵੱਲੋਂ ਹਰ ਸੰਭਵ ਕਦਮ ਚੁੱਕਿਆ ਜਾਵੇਗਾ।



## ਸੜਕ ਹਾਦਸੇ 'ਚ ਇਕ ਦੀ ਮੌਤ, ਇਕ ਫੱਟੜ

**ਜਲਾਲਾਬਾਦ (ਜੀਤ ਕੁਮਾਰ)**

ਜਲਾਲਾਬਾਦ ਸ਼ਹਿਰ ਵਿੱਚ ਐਫ-ਐਫ ਮੁੱਖ ਮਾਰਗ 'ਤੇ ਬੁੱਧਵਾਰ ਸਵੇਰੇ ਮੋਟਰਸਾਇਕਲ ਨਾਲ ਵਾਪਰੇ ਹਾਦਸੇ ਵਿੱਚ 1 ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਮੋਟਰ ਸਾਇਕਲ ਚਾਲਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।

ਪ੍ਰਾਪਤ ਜਾਣਕਾਰੀ ਦੇ ਅਨੁਸਾਰ ਪਿੰਡ ਕਾਲੂਵਾਲਾ ਦਾ ਨਿਵਾਸੀ ਵਿਅਕਤੀ ਮੋਟਰ ਸਾਇਕਲ 'ਤੇ ਸਵਾਰ ਹੋ ਕੇ ਸਵੇਰੇ ਫਾਜ਼ਿਲਕਾ ਵਾਲੀ ਸਾਇਡ ਤੋਂ ਆ ਰਿਹਾ ਸੀ ਅਤੇ ਐਫ-ਐਫ ਮੁੱਖ ਮਾਰਗ 'ਤੇ ਬੱਤਿਆਂ ਵਾਲੇ ਚੌਕ ਦੇ ਨਜ਼ਦੀਕ ਸੜਕ ਨੂੰ ਕਰਾਸ ਕਰ ਰਹੇ ਵਿਅਕਤੀ ਨਾਲ ਟਕਰਾ ਗਿਆ। ਰਾਜ ਕੁਮਾਰ ਖੇੜਾ (ਰਾਜੂ ਬੱਸਾ ਵਾਲਾ) ਵਾਸੀ ਜਲਾਲਾਬਾਦ ਦੀ ਮੌਕੇ 'ਤੇ ਮੌਤ ਹੋ ਗਈ ਜਦੋਂ ਕਿ ਮੋਟਰ ਸਾਇਕਲ ਚਾਲਕ ਵਿਅਕਤੀ ਫੱਟੜ ਹੋ ਗਿਆ, ਜਿਸ ਨੂੰ ਇਲਾਜ ਲਈ ਤੁਰੰਤ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਕਰਵਾਇਆ ਗਿਆ।

ਮੁੱਢਲੀ ਡਾਕਟਰੀ ਸਹਾਇਤਾ ਦੇਣ ਉਪਰੰਤ ਫਰੀਦਕੋਟ ਮੈਡੀਕਲ ਕਾਲਜ ਲਈ ਰੈਫਰ ਕਰ ਦਿੱਤਾ ਗਿਆ ਹੈ।

## ਡੀ ਬੀ ਯੂ 'ਚ ਵੰਡ ਦੇ ਪੀੜਤਾਂ ਦੀ ਯਾਦ ਨੂੰ ਸਮਰਪਤ ਸਮਾਗਮ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ 1947 ਵਿੱਚ ਭਾਰਤ ਦੀ ਵੰਡ ਤੋਂ ਪ੍ਰਭਾਵਤ ਅਣਗਿਣਤ ਜਾਨਾਂ ਦੀ ਯਾਦ ਵਿੱਚ ਵੰਡ ਦੇ ਭਿਆਨਕ ਯਾਦਗਾਰੀ ਦਿਵਸ 'ਤੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਲੱਖਾਂ ਲੋਕਾਂ ਦੇ ਦੁੱਖ, ਵਿਸਥਾਪਨ, ਵਿਛੋੜੇ ਤੇ ਨੁਕਸਾਨ ਨੂੰ ਯਾਦ ਕੀਤਾ ਗਿਆ, ਜਿਨ੍ਹਾਂ ਨੇ ਉਪ-ਮਹਾਂਦੀਪ ਦੇ ਇਤਿਹਾਸ ਦੇ ਸਭ ਤੋਂ ਦੁਖਦਾਈ ਐਪੀਸੋਡਾਂ ਵਿੱਚੋਂ ਇੱਕ ਦਾ ਅਨੁਭਵ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਹੋਰ ਪਤਵੰਤਿਆਂ ਦੀ ਵਿਸ਼ੇਸ਼ ਹਾਜ਼ਰੀ ਨਾਲ ਹੋਈ।ਇਸ ਮੌਕੇ ਪੰਜ ਆਬ ਅਤੇ ਵਿਰਾਸਤ ਕੇਂਦਰ (ਆਰਡੀਆਈ) ਦੇ ਡੀਨ ਡਾ. ਅਜੀਤ ਬੱਤਾ ਨੇ ਮਹਿਮਾਨਾਂ ਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਵੰਡ ਦੇ ਮਨੁੱਖੀ ਪਹਿਲੂਆਂ ਨੂੰ ਯਾਦ ਰੱਖਣ ਦੀ ਮਹੱਤਤਾ 'ਤੇ ਚਾਨਣਾ ਪਾਇਆ।ਮੁੱਖ ਭਾਸ਼ਣ ਪ੍ਰੋ. (ਡਾ.) ਰਾਮ ਸਿੰਘ ਗੁਰਨਾ ਨੇ ਦਿੱਤਾ, ਜਿਨ੍ਹਾਂ ਨੇ ਵੰਡ ਦੇ ਇਤਿਹਾਸਕ ਮਹੱਤਵ ਤੇ ਵਿਅਕਤੀਆਂ, ਪਰਵਾਰਾਂ ਤੇ ਭਾਈਚਾਰਿਆਂ 'ਤੇ ਇਸਦੇ ਸਥਾਈ ਪ੍ਰਭਾਵ 'ਤੇ ਵਿਚਾਰ ਕੀਤਾ।ਇਸ ਤੋਂ ਬਾਅਦ ਵੰਡ 'ਤੇ ਇੱਕ ਡਿਜ਼ੀਟਲ ਦਸਤਾਵੇਜ਼ੀ ਦਿਖਾਈ ਗਈ, ਜਿਸ ਵਿੱਚ ਇਤਿਹਾਸਕ ਬਿਰਤਾਂਤਾਂ ਤੇ ਨਿੱਜੀ ਅਨੁਭਵਾਂ ਨੂੰ ਪੇਸ਼ ਕੀਤਾ ਗਿਆ, ਜੋ 1947 ਨਾਲ ਜੁੜੇ ਦੁੱਖ, ਵਿਸਥਾਪਨ, ਵਿਛੋੜੇ ਤੇ ਲਚਕੀਲੇਪਨ ਨੂੰ ਦਰਸਾਉਂਦੇ ਸਨ।ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨਾਂ ਦੁਆਰਾ ਪ੍ਰੋਗਰਾਮ ਨੂੰ ਹੋਰ ਅਮੀਰ ਬਣਾਇਆ ਗਿਆ।

## ਏ ਆਈ ਸਿੱਖਿਆ ਤਕਨਾਲੋਜੀ ਭਵਿੱਖ 'ਚ ਵਿਦਿਆਰਥੀਆਂ ਲਈ ਜ਼ਰੂਰੀ : ਉਮੇਸ਼ ਕੁਮਾਰ



**ਗੁਰੂ ਹਰਸਹਾਏ (ਮਨਦੀਪਸਿੰਘ ਸੋਢੀ)**-ਅੱਜ ਦਾ ਯੁੱਗ ਡਿਜ਼ੀਟਲ ਕ੍ਰਾਂਤੀ ਦਾ ਯੁੱਗ ਹੈ।ਵਿਗਿਆਨ ਤੇ ਤਕਨਾਲੋਜੀ ਨੇ ਜੀਵਨ ਦੇ ਹਰ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ।ਇਨ੍ਹਾਂ ਵਿੱਚ ਕ੍ਰਿਤ੍ਰਿਮ ਬੁੱਧੀਮਤਾ ਸਭ ਤੋਂ ਤੇਜ਼ੀ ਨਾਲ ਵਿਕਸਿਤ ਹੋ ਰਹੀ ਤਕਨਾਲੋਜੀ ਹੈ।ਸਿੱਖਿਆ ਦੇ ਖੇਤਰ 'ਚ ਇਸ ਦੀ ਵਰਤੋਂ ਸਮੇਂ ਦੀ ਲੋੜ ਬਣ ਚੁੱਕੀ ਹੈ।ਅਧਿਆਪਕਾਂ ਦੇ ਨਜ਼ਰੀਏ ਤੋਂ ਕ੍ਰਿਤ੍ਰਿਮ ਬੁੱਧੀਮਤਾ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਦਾ ਮਹੱਤਵਪੂਰਨ ਸਾਧਨ ਹੈ।ਸਕੂਲ ਪੱਧਰ 'ਤੇ ਇਸ ਦੀ ਜਾਣਕਾਰੀ ਤੇ ਅਭਿਆਸ ਵਿਦਿਆਰਥੀਆਂ ਵਿੱਚ ਤਰਕਸ਼ੀਲ ਸੋਚ, ਸਮੱਸਿਆ ਹੱਲ ਕਰਨ ਦੀ ਯੋਗਤਾ, ਰਚਨਾਤਮਕਤਾ ਤੇ ਨਵੀਨਤਾ ਨੂੰ ਉਤਸ਼ਾਹਤ ਕਰ ਸਕਦਾ ਹੈ।ਬੁੱਧੀਮਤਾ ਨੂੰ ਸਿਰਫ਼ ਇੱਕ ਵਿਸ਼ੇ ਵਜੋਂ ਨਹੀਂ, ਸਗੋਂ ਇੱਕ ਕੌਸ਼ਲ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ।ਇਸ ਨੂੰ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ, ਭਾਸ਼ਾਵਾਂ ਤੇ ਕਲਾ ਵਰਗੇ ਵਿਸ਼ਿਆਂ ਨਾਲ ਜੋੜਿਆ ਜਾ ਸਕਦਾ ਹੈ।ਇਸ ਨਾਲ ਵਿਦਿਆਰਥੀਆਂ ਲਈ ਸਿੱਖਣ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਅਤੇ ਰੁਚਿਕਰ ਬਣ ਸਕਦੀ ਹੈ।ਕ੍ਰਿਤ੍ਰਿਮ ਬੁੱਧੀਮਤਾ ਵਿਦਿਆਰਥੀਆਂ ਦੀ ਸਿੱਖਣ ਦੀ ਗਤੀ ਤੇ ਯੋਗਤਾ ਅਨੁਸਾਰ ਵਿਅਕਤੀਗਤ ਸਿੱਖਿਆ ਦੇਣ ਵਿੱਚ ਵੀ ਸਹਾਇਕ ਹੋ ਸਕਦੀ ਹੈ।ਇਸ ਤੋਂ ਇਲਾਵਾ, ਵਿਦਿਆਰਥੀਆਂ ਦੀਆਂ ਕਮਜ਼ੋਰੀਆਂ ਅਤੇ ਮਜ਼ਬੂਤੀਆਂ ਦੀ ਪਛਾਣ ਕਰਕੇ ਅਧਿਆਪਕਾਂ ਨੂੰ ਉਚਿਤ ਮਾਰਗਦਰਸ਼ਨ ਦੇਣ ਵਿੱਚ ਮਦਦ ਮਿਲ ਸਕਦੀ ਹੈ।ਹਾਲਾਂਕਿ, ਇਸ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਅਧਿਆਪਕਾਂ ਦੀ ਸਿਖਲਾਈ ਅਤੇ ਸਕੂਲਾਂ ਵਿੱਚ ਲੋੜੀਂਦੇ ਡਿਜ਼ੀਟਲ ਸਾਧਨਾਂ ਦੀ ਉਪਲਬਧਤਾ ਜ਼ਰੂਰੀ ਹੈ।

## ਸੜਕ ਹਾਦਸੇ 'ਚ ਸਕੂਟਰੀ ਚਾਲਕ ਦੀ ਮੌਤ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਬੀਤੇ ਦਿਨ ਜਲਾਲਾਬਾਦ-ਸ੍ਰੀ ਮੁਕਤਸਰ ਸਾਹਿਬ ਰੋਡ ਨਜ਼ਦੀਕ ਐਕਮੇ ਸਕੂਲ ਕੋਲ ਵਾਪਰੇ ਸੜਕ ਹਾਦਸੇ ਵਿਚ ਸਕੂਟਰੀ ਚਾਲਕ ਦੀ ਮੌਤ ਹੋ ਜਾਣ 'ਤੇ ਅਣਪਛਾਤੇ ਕਾਰ ਚਾਲਕ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਮਨਦੀਪ ਸਿੰਘ ਨੇ ਦੱਸਿਆ ਕਿ 25 ਅਗਸਤ ਨੂੰ ਦੁਪਹਿਰ ਕਰੀਬ 1.15 ਵਜੇ ਉਹ ਆਪਣੇ ਗੁਆਂਢੀ ਗੁਰਭੇਜ ਸਿੰਘ ਸਮੇਤ ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਜਾ ਰਹੇ ਸੀ । ਇਸੇ ਦੌਰਾਨ ਉਸ ਦੇ ਪਿਤਾ ਸਤਪਾਲ ਸਿੰਘ (60) ਪੁਤਰ ਪ੍ਰਤਾਪ ਸਿੰਘ ਵਾਸੀ ਜੰਡਵਾਲਾ ਜੋ ਕਿ ਸਕੂਟਰੀ 'ਤੇ ਜਾ ਰਹੇ ਸੀ , ਨੂੰ ਕਰੇਟਾ ਕਾਰ ਦੇ ਚਾਲਕ ਨੇ ਟੱਕਰ ਮਾਰ ਦਿੱਤੀ ਗਈ, ਜਿਸ ਨਾਲ ਉਸ ਦੇ ਪਿਤਾ ਨੂੰ ਗੰਭੀਰ ਰੂਪ ਵਿੱਚ ਸੱਟਾਂ ਲੱਗ ਗਈਆਂ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਹੈ।

## ਖੂਨਦਾਨ ਸਭ ਤੋਂ ਵੱਡਾ ਦਾਨ : ਸਪੀਕਰ ਸੰਧਵਾਂ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**



ਸਿਵਲ ਹਸਪਤਾਲ ਫਰੀਦਕੋਟ ਵਿਖੇ ਸਿਹਤ ਵਿਭਾਗ ਦੇ ਯਤਨਾਂ ਨਾਲ ਬਲੱਡ ਸੈਂਟਰ ਨੂੰ ਮੁੜ ਸੁਚਾਰੂ ਢੰਗ ਨਾਲ ਚਾਲੂ ਕਰ ਦਿੱਤਾ ਗਿਆ ਹੈ। ਇਸ ਮੌਕੇ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਕਿਸਾਨ ਵਿੰਗ ਇੰਚਾਰਜ ਸੇਵਕ ਸਿੰਘ ਧੂੜਕੋਟ ਅਤੇ ਉਨ੍ਹਾਂ ਦੇ ਨੌਜਵਾਨ ਸਾਥੀਆਂ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਪੀਕਰ ਸੰਧਵਾਂ ਨੇ ਖੂਨਦਾਨੀਆਂ, ਪ੍ਰਬੰਧਕਾਂ ਅਤੇ ਸਹਿਯੋਗੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਬਲੱਡ ਸੈਂਟਰ ਨੂੰ ਮੁੜ ਚਾਲੂ ਕਰਨ ਲਈ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪੁਨੀਤ ਕਾਜਲ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਸਮਾਗਮ ਦੌਰਾਨ ਬੋਲਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਖੂਨਦਾਨ ਸਭ ਤੋਂ ਵੱਡਾ ਦਾਨ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਸਿਵਲ ਹਸਪਤਾਲ ਦੇ ਬਲੱਡ ਸੈਂਟਰ ਵਿਖੇ ਵੱਧ ਤੋਂ ਵੱਧ ਖੂਨਦਾਨ ਕਰਨ ਅਤੇ ਕੈਂਪ ਲਗਾਉਣ, ਤਾਂ ਜੋ ਹਸਪਤਾਲ ਵਿੱਚ ਦਾਖਲ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖੂਨ ਮਿਲ ਸਕੇ।ਕੈਂਪ ਦੌਰਾਨ ਮੈਡੀਕਲ ਟੀਮ ਵਿੱਚੋਂ ਡਾ. ਰੀਚਾ ਗਰਗ (ਬੀ.ਟੀ.ਓ.), ਡਾ. ਗਗਨ ਬਜਾਜ, ਡਿਪਟੀ ਮਾਸ ਮੀਡੀਆ ਅਫ਼ਸਰ ਸੁਧੀਰ ਧੀਰ, ਡਾ. ਪ੍ਰਭਦੀਪ ਸਿੰਘ ਚਾਵਲਾ, ਡਾ. ਹਰਜੋਤ ਕੌਰ, ਲੈਬ ਟੈਕਨੀਸ਼ੀਅਨ ਹਰੀ ਸਿੰਘ, ਕਰਮਜੀਤ ਕੌਰ, ਜਸਪ੍ਰੀਤ ਕੌਰ ਅਤੇ ਫਾਰਮੇਸੀ ਅਫ਼ਸਰ ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।ਕੈਂਪ ਨੂੰ ਸਫ਼ਲ ਬਣਾਉਣ ਵਿੱਚ ਸੇਵਕ ਸਿੰਘ ਧੂੜਕੋਟ ਦੀ ਪ੍ਰਬੰਧਕੀ ਟੀਮ ਦੇ ਮੈਂਬਰਾਂ ਬਲਵੀਰ ਸਿੰਘ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ ਸੰਧੂ, ਰਾਜੂ, ਜਸਵਿੰਦਰ ਸਿੰਘ, ਨੋਨੀ ਸਿੰਘ ਬਰਾੜ, ਰਾਮ ਕਰਨ, ਗੁਰਜੀਤ ਸਿੰਘ ਬਰਾੜ, ਗੁਰਭੇਜ ਸਿੰਘ, ਜਗਸੀਰ ਸਿੰਘ, ਗੁਰਨਾ ਗਿੱਲ, ਦੀਪੂ ਤੇ ਕਿੰਦਾ ਨੇ ਵਿਸ਼ੇਸ਼ ਯੋਗਦਾਨ ਪਾਇਆ।

## ਨਗਰ ਕੌਂਸਲ ਪਾਇਲ ਦੇ ਪ੍ਰਧਾਨ ਬਲਜਿੰਦਰ ਕੌਰ ਤੇ ਹੋਰਨਾਂ ਨੇ ਅਹੁਦੇ ਸੰਭਾਲੇ



**ਦੋਰਾਹਾ (ਹਰਮਿੰਦਰ ਸੇਠ)**-ਨਗਰ ਕੌਂਸਲ ਪਾਇਲ ਦੇ ਨਵੇਂ ਚੁਣੇ ਗਏ ਪ੍ਰਧਾਨ ਸ੍ਰੀਮਤੀ ਬਲਜਿੰਦਰ ਕੌਰ, ਸੀਨੀਅਰ ਮੀਤ ਪ੍ਰਧਾਨ ਬੂਟਾ ਸਿੰਘ ਅਤੇ ਮੀਤ ਪ੍ਰਧਾਨ ਦਾਨੋ ਰਾਣੀ ਨੇ ਬੁੱਧਵਾਰ ਨੂੰ ਕੈਬਨਿਟ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਅਤੇ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੀ ਮੌਜੂਦਗੀ ਵਿੱਚ ਅਹੁਦੇ ਸੰਭਾਲ ਲਏ। ਇਸ ਸਮਾਰੋਹ ਦੀ ਆਰੰਭਤਾ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈਂਦਿਆਂ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਹਰਦੀਪ ਸਿੰਘ ਮੁੰਡੀਆਂ ਅਤੇ ਮਨਵਿੰਦਰ ਸਿੰਘ ਗਿਆਸਪੁਰਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਲੋਕਾਂ ਨਾਲ ਕੀਤੇ ਹਰ ਵਾਅਦਿਆਂ ਨੂੰ ਪੂਰਾ ਕਰਨ ਅਤੇ ਪਾਇਲ ਦੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਵਚਨਬੱਧ ਹਨ।ਬਲਜਿੰਦਰ ਕੌਰ ਨੇ ਕਿਹਾ ਕਿ ਉਹ ਪਾਇਲ ਸ਼ਹਿਰ ਦੇ ਵਿਕਾਸ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।

## ਵਰਲਡ ਯੂਨੀਵਰਸਿਟੀ ਵਿਖੇ ਫਿਊਚਰ ਯੂਥ ਲੀਡਰ ਬੂਟ ਕੈਂਪ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਮੇਰਾ ਯੁਵਾ ਭਾਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੀ ਐਨ.ਐੱਸ.ਐੱਸ. ਯੂਨਿਟ ਦੇ ਸਹਿਯੋਗ, ਮਾਰਗਦਰਸ਼ਨ ਅਤੇ ਸਲਾਹ-ਮਸ਼ਵਰੇ ਨਾਲ ਆਯੋਜਿਤ ਤਿੰਨ ਰੋਜ਼ਾ ਫਿਊਚਰ ਯੂਥ ਲੀਡਰ ਬੂਟ ਕੈਂਪ 26 ਅਗਸਤ ਨੂੰ ਸਫਲਤਾਪੂਰਵਕ ਸੰਪੰਨ ਹੋਇਆ। 24 ਤੋਂ 26 ਅਗਸਤ ਤੱਕ ਚੱਲੇ ਇਸ ਬੂਟ ਕੈਂਪ ਵਿੱਚ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਤੋਂ 40 ਨੌਜਵਾਨਾਂ ਨੇ ਉਤਸ਼ਾਹਪੂਰਵਕ ਭਾਗ ਲਿਆ।ਇਸ ਮੌਕੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਬੂਟ ਕੈਂਪ ਦੇ ਸਫਲ ਆਯੋਜਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨੌਜਵਾਨਾਂ ਨੂੰ ਸਮਾਜਿਕ ਅਤੇ ਰਾਸ਼ਟਰੀ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਲੀਡਰਸ਼ਿਪ ਦੇ ਗੁਣ ਵਿਕਸਿਤ ਕਰਨ ਲਈ ਮਹੱਤਵਪੂਰਨ ਮੰਚ ਪ੍ਰਦਾਨ ਕਰਦੀਆਂ ਹਨ।ਡਾ. ਹਰਨੀਤ ਬਿਲਿੰਗ, ਪ੍ਰੋਗਰਾਮ ਕੋਆਰਡੀਨੇਟਰ, ਐਨ.ਐੱਸ.ਐੱਸ., ਵੱਲੋਂ ਯੂਥ ਕਲੱਬਾਂ ਅਤੇ ਐਨ.ਐੱਸ.ਐੱਸ. ਵਿਸ਼ੇ 'ਤੇ ਸੈਸ਼ਨ ਕਰਵਾਇਆ ਗਿਆ ਅਤੇ 'ਮੈਂ ਨਹੀਂ, ਤੁਸੀਂ' ਦੇ ਸਿਧਾਂਤ ਰਾਹੀਂ ਸੇਵਾ, ਟੀਮ ਵਰਕ ਤੇ ਜ਼ਿੰਮੇਵਾਰ ਨਾਗਰਿਕਤਾ ਦੀ ਮਹੱਤਤਾ ਉਜਾਗਰ ਕੀਤੀ ਗਈ। ਕਾਰਤਿਕ ਸਿੰਗਲਾ, ਜ਼ਿਲ੍ਹਾ ਯੁਵਾ ਅਧਿਕਾਰੀ, ਵੱਲੋਂ ਨੌਜਵਾਨਾਂ ਲਈ ਸਰਕਾਰੀ ਯੋਜਨਾਵਾਂ ਤੇ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਅਮਨਦੀਪ ਵੜੈਚ ਵੱਲੋਂ ਡਿਜੀਟਲ ਸਾਖਰਤਾ ਅਤੇ ਸਾਈਬਰ ਸੁਰੱਖਿਆ ਅਤੇ ਸ੍ਰੀਮਤੀ ਨਵਨੀਤ ਕੌਰ, ਸਹਾਇਕ ਪ੍ਰੋਫੈਸਰ, ਸਮਾਜਿਕ ਵਿਗਿਆਨ ਵਿਭਾਗ, ਵੱਲੋਂ ਸ਼ਾਸਨ ਪ੍ਰਣਾਲੀ ਦੀ ਜਾਣ-ਪਛਾਣ ਵਿਸ਼ੇ 'ਤੇ ਸੈਸ਼ਨ ਕਰਵਾਏ ਗਏ।ਪ੍ਰੋਗਰਾਮ ਵਿੱਚ ਸ੍ਰੀਮਤੀ ਨਵਜੋਤ ਕੌਰ, ਸਹਾਇਕ ਪ੍ਰੋਫੈਸਰ, ਸਿੱਖਿਆ ਵਿਭਾਗ; ਸ੍ਰੀਮਤੀ ਪੁਨੀਤ ਤਿਵਾੜੀ ਅਤੇ ਗੁਰਜੋਤ ਕੌਰ, ਹਾਰਟਫੁਲਨੈੱਸ ਟ੍ਰੇਨਰ; ਜਤਿੰਦਰ ਕੁਮਾਰ, ਅਕਾਊਂਟੈਂਟ; ਅਤੇ ਜੀਵਨ ਰੇਖ ਰਾਓ, ਦਫ਼ਤਰੀ ਸਹਾਇਕ, ਮੇਰਾ ਯੁਵਾ ਭਾਰਤ, ਫ਼ਤਿਹਗੜ੍ਹ ਸਾਹਿਬ ਨੇ ਸਰਗਰਮ ਭੂਮਿਕਾ ਨਿਭਾਈ।

## ਦਿੱਲੀ ਤੇ ਚੰਡੀਗੜ੍ਹ ਧਰਨੇ 'ਚ ਸ਼ਮੂਲੀਅਤ ਸੰਬੰਧੀ ਪਵਾਤ ਵਿਖੇ ਤਿਆਰੀ ਮੀਟਿੰਗ

**ਮਾਛੀਵਾੜਾ (ਜਗਦੀਸ਼ ਬੌਬੀ)**-ਕੁੱਲ ਹਿੰਦ ਕਿਸਾਨ ਸਭਾ-1936 ਦੀ ਜ਼ਿਲ੍ਹਾ ਪ੍ਰਧਾਨ ਜਸਵੀਰ ਝੱਜ ਤੇ ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ ਨੇ ਕਿਹਾ ਕਿ ਅਗਲੇ ਮਹੀਨੇ ਵਿੱਚ ਇਕ ਸਤੰਬਰ ਨੂੰ ਦਿੱਲੀ ਵਿੱਚ ਆਲ ਇੰਡੀਆ ਪੱਧਰ ਦੀ ਇੱਕ ਰੈਲੀ ਕੀਤੀ ਜਾ ਰਹੀ ਹੈ ਤੇ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ 1 ਤੋਂ 7 ਸਤੰਬਰ ਤੱਕ ਇੱਕ ਧਰਨਾ ਦਿੱਤਾ ਜਾ ਰਿਹਾ ਹੈ।ਧਰਨੇ 'ਚ ਮੁੱਖ ਤੌਰ 'ਤੇ ਭਾਰਤ ਸਰਕਾਰ ਦੁਆਰਾ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਨਾ ਹੋਣ ਦੇਣ ਦਾ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਦੁਆਰਾ ਦਿੱਲੀ ਤੋਂ ਧਰਨਾ ਉਠਾਏ ਜਾਣ ਸਮੇਂ ਮੰਨੇ ਗਏ ਮੁੱਖ ਤੌਰ 'ਤੇ ਅਮਰੀਕਾ ਤੇ ਹੋਰ ਮੁਲਕਾਂ ਨਾਲ ਕੀਤੇ ਮੁਕਤ ਪਾਸ ਸਮਝੌਤੇ ਦਾ ਵਿਰੋਧ ਕਰਨਾ, ਕੇਂਦਰ ਸਰਕਾਰ ਦੁਆਰਾ ਕਿਸਾਨ ਅੰਦੋਲਨ ਵੇਲੇ ਮੰਗਾਂ ਨੂੰ ਲਿਖਤੀ ਤੌਰ 'ਤੇ ਮੰਨੀਆਂ ਮੰਗਾਂ ਦੇ ਲਿਖਤੀ ਭਰੋਸੇ ਨੂੰ ਆਉਣ ਵਿੱਚ ਲਿਆਉਣਾ, ਦਰਿਆਈ ਪਾਣੀਆਂ ਦਾ ਨਿਪਟਾਰਾ ਰਿਪੇਰੀਅਨ ਸਿਧਾਂਤ ਰਾਹੀਂ ਕਰਨਾ, ਬਿਜਲੀ ਤੇ ਬੀਜ ਬਿੱਲ ਰੱਦ ਕਰਨਾ। ਇਸ ਦੇ ਨਾਲ਼-ਨਾਲ਼ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ ਤੇ ਲੀਕ ਫੇਰਨ, ਲੇਬਰ ਕੋਡ ਰੱਦ ਕਰਾਉਣ, ਮਨਰੇਗਾ ਕਾਨੂੰਨ ਬਹਾਲ ਕਰਾਉਣ, ਪੰਜਾਬ ਦੇ ਪਾਣੀਆਂ ਦੀ ਰੱਖਿਆ ਆਦਿ ਸਮੇਤ ਹੋਰ ਮੁੱਦੇ ਹੋਣਗੇ।ਇਸ ਸਮੇਂ ਮੀਤ ਪ੍ਰਧਾਨ ਮਨਜੀਤ ਸਿੰਘ ਪਵਾਤ, ਗੁਰਦੀਪ ਸਿੰਘ, ਪ੍ਰੇਮ ਸਿੰਘ, ਬਲਵਿੰਦਰ ਸਿੰਘ, ਕਾਲਾ ਪਵਾਤ ਆਦਿ ਨੇ ਕਿਹਾ ਕਿ ਵੱਡੀ ਪੱਧਰ 'ਤੇ ਇੱਕ ਤਰੀਕ ਦਿੱਲੀ ਰੈਲੀ ਅਤੇ ਇੱਕ ਸਤੰਬਰ ਤੋਂ ਸੱਤ ਸਤੰਬਰ ਤੱਕ ਲਾਏ ਜਾ ਰਹੇ ਚੰਡੀਗੜ੍ਹ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਵਰਕਸ਼ਾਪ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਐਨੇਸਥੀਜ਼ਿਆਲੋਜੀ ਵਿਭਾਗ ਵੱਲੋਂ ਏਅਰਵੇਅ ਮੈਨੇਜਮੈਂਟ ਫਾਊਂਡੇਸ਼ਨ ਅਤੇ ਇੰਡੀਅਨ ਸੋਸਾਇਟੀ ਆਫ ਐਨੇਸਥੀਜ਼ਿਆਲੋਜੀ (ਫਰੀਦਕੋਟ ਸਿਟੀ ਬ੍ਰਾਂਚ) ਦੇ ਸਹਿਯੋਗ ਨਾਲ 19ਵੀਂ ਏਅਰਵੇਅ ਸੀਡ (ਸਾਹ ਪ੍ਰਬੰਧਨ) ਦੋ-ਰੋਜ਼ਾ ਵਰਕਸ਼ਾਪ ਅਤੇ ਕਾਨਫਰੰਸ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਸਮਾਗਮ ਦੌਰਾਨ ਦੇਸ਼ ਭਰ ਤੋਂ ਪਹੁੰਚੇ ਮਾਹਿਰਾਂ ਨੇ ਡੈਲੀਗੇਟਾਂ ਨੂੰ ਵੱਖ-ਵੱਖ ਸਕਿੱਲ ਸਟੇਸ਼ਨਾਂ ਰਾਹੀਂ ਏਅਰਵੇਅ ਮੈਨੇਜਮੈਂਟ ਦੀਆਂ ਨਵੀਆਂ ਤਕਨੀਕਾਂ ਦਾ ਪ੍ਰੈਕਟੀਕਲ (ਹੈਂਡਜ਼-ਆਨ) ਅਭਿਆਸ ਕਰਵਾਇਆ। ਸਮਾਗਮ ਦੀ ਉਦਘਾਟਨੀ ਰਸਮ ਮੌਕੇ ਡਾ. ਰਾਜੀਵ ਸ਼ਰਮਾ (ਕੰਟਰੋਲਰ ਆਫ਼ ਐਗਜ਼ਾਮੀਨੇਸ਼ਨਜ਼), ਡਾ. ਸੀਮਾ ਗਰੋਵਰ ਭੱਟੀ (ਪ੍ਰਿੰਸੀਪਲ) ਅਤੇ ਡਾ. ਅਮਰਬੀਰ ਸਿੰਘ ਬੋਪਾਰਾਏ (ਮੈਡੀਕਲ ਸੁਪਰਡੈਂਟ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਰਜਿਸਟਰਾਰ ਡਾ. ਗਰੀਸ਼ ਸਾਹਨੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਮਰੀਜ਼ਾਂ ਦੀ ਸੁਰੱਖਿਆ ਲਈ ਅਜਿਹੇ ਅਕਾਦਮਿਕ ਉਪਰਾਲੇ ਅਤੇ ਨਵੀਆਂ ਤਕਨੀਕਾਂ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ।ਅੰਤ ਵਿੱਚ ਐਨੇਸਥੀਜ਼ਿਆਲੋਜੀ ਵਿਭਾਗ ਦੀ ਮੁਖੀ ਡਾ. ਸਰਵਜੀਤ ਕੌਰ ਨੇ ਆਏ ਹੋਏ ਮਾਹਿਰਾਂ, ਡੈਲੀਗੇਟਾਂ ਅਤੇ ਆਯੋਜਕ ਟੀਮ ਦਾ ਧੰਨਵਾਦ ਕੀਤਾ।

## ਕੇਂਦਰ 'ਚ ਬਦਲਾਅ ਦਾ ਸੰਕੇਤ : ਬਹਿਰੂ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਦਿਨੀਂ ਦੇਸ਼ ਦੇ ਤਿੰਨ ਵੱਡੇ ਸੂਬਿਆਂ 'ਚ ਖ਼ਾਲੀ ਹੋਈਆਂ ਤਿੰਨ ਵਿਧਾਨ ਸਭਾ ਸੀਟਾਂ 'ਤੇ ਹੋਈਆਂ ਚੋਣਾਂ ਵਿਚ 2 ਸੀਟਾਂ 'ਤੇ ਭਾਜਪਾ ਉਮੀਦਵਾਰਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਜੋ ਕੇਂਦਰ 'ਚ ਬਦਲਾਅ ਦਾ ਸੰਕੇਤ ਹੈ। ਬਜ਼ੁਰਗ ਕਿਸਾਨ ਆਗੂ ਸ੍ਰ ਸਤਨਾਮ ਸਿੰਘ ਬਹਿਰੂ ਨੇ ਕਿਹਾ ਕਿ ਜ਼ਿਮਨੀ ਚੋਣਾਂ ਦੌਰਾਨ ਮੱਧ ਪ੍ਰਦੇਸ਼ ਤੇ ਬਿਹਾਰ ਵਿਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਸਿਰਫ਼ ਗੁਜਰਾਤ ਪ੍ਰਧਾਨ ਮੰਤਰੀ ਦਾ ਸੂਬਾ ਹੋਣ ਕਰਕੇ ਭਾਜਪਾ ਦਾ ਉਮੀਦਵਾਰ ਮਾਮੂਲੀ ਵੋਟਾਂ ਨਾਲ ਜਿੱਤ ਪ੍ਰਾਪਤ ਕਰ ਸਕਿਆ ਹੈ। ਇਹ ਸਪੱਸ਼ਟ ਸੰਕੇਤ ਹੈ ਕਿ ਮੋਦੀ ਸਰਕਾਰ ਵਿਰੁੱਧ ਲੋਕਾਂ ਦਾ ਰੋਹ ਵਧ ਰਿਹਾ ਹੈ। ਲੋਕ ਕੇਂਦਰ ਵਿਚ ਬਦਲਾਅ ਚਹੁੰਦੇ ਹਨ ਤੇ ਉਹ ਕੇਵਲ ਸਮੇ ਦੀ ਉਡੀਕ ਵਿਚ ਹਨ।

## ਪਾਵਰਕਾਮ ਦੇ ਜੁਝਾਰੂ ਆਗੂ ਸਿੰਕਦਰ ਸਿੰਘ ਦੀ ਧਰਮ ਪਤਨੀ ਗੁਰਮੀਤ ਕੌਰ ਨੂੰ ਸ਼ਰਧਾਂਜਲੀ ਭੇਟ

**ਸਮਰਾਲਾ (ਸੁਰਜੀਤ ਸਿੰਘ)**



ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਦੇ ਜੁਝਾਰੂ ਆਗੂ ਸਿੰਕਦਰ ਸਿੰਘ ਦੀ ਧਰਮਪਤਨੀ ਭੈਣ ਗੁਰਮੀਤ ਕੌਰ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਹਿਰ ਨਿਵਾਸੀਆਂ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੋਂ ਇਲਾਵਾ ਪੰਜਾਬ ਭਰ ਤੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਪਰਵਾਰ ਨਾਲ ਆਪਣਾ ਦੁੱਖ ਸਾਂਝਾ ਕੀਤਾ।ਰਾਗੀ ਜਥੇ ਵੱਲੋਂ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ।ਅੰਤਿਮ ਅਰਦਾਸ ਕੀਤੀ ਗਈ ਉਪਰੰਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਪਰਵਾਰ, ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ, ਮਜ਼ਦੂਰਾਂ, ਠੇਕਾ ਕਾਮਿਆਂ ਦੇ ਸੰਘਰਸ਼ਾਂ ਵਿੱਚ ਪਾਏ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਭੈਣ ਵੱਲੋਂ ਮੁਲਾਜ਼ਮ ਸੰਘਰਸ਼ ਦੌਰਾਨ ਕੀਤੀ ਅਗਵਾਈ ਦਾ ਜ਼ਿਕਰ ਕੀਤਾ ਗਿਆ।ਸਾਥੀ ਸਿੰਕਦਰ ਸਿੰਘ ਦੀ ਗ਼ੈਰ-ਹਾਜ਼ਰੀ ਸਮੇਂ ਪਰਵਾਰ ਦੀ ਕੀਤੀ ਪਰਵਾਰਿਸ਼ ਨੂੰ ਵਡਿਆਇਆ ਗਿਆ।

ਇਸ ਮੌਕੇ ਬੁਲਾਰਿਆਂ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਦੇ ਸੂਬਾ ਉਪ ਜਨਰਲ ਸਕੱਤਰ ਸ਼ਿਵ ਕੁਮਾਰ ਤਿਵਾੜੀ ਤੇ ਤਰਸੇਮ ਲਾਲ ਦੋਰਾਹਾ ਸਾਬਕਾ ਆਗੂ ਟੈਕਨੀਕਲ ਸਰਵਿਸਜ਼ ਯੂਨੀਅਨ (ਭੰਗਲ) ਨੇ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਭਰਪੂਰ ਸਿੰਘ ਸਰਕਲ ਸਕੱਤਰ ਨੇ ਨਿਭਾਈ।ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਮੰਡਲ ਸਮਰਾਲਾ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ) ਮੰਡਲ ਸਮਰਾਲਾ, ਠੇਕਾ ਮੁਲਾਜ਼ਮ ਯੂਨੀਅਨ ਪਾਵਰਕਾਮ ਸਮਰਾਲਾ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਜ਼ਿਲ੍ਹਾ ਲੁਧਿਆਣਾ, ਪੰਜਾਬ ਪੈਨਸ਼ਨ ਕਲਿਆਣ ਸੰਗਠਨ ਸਮਰਾਲਾ, ਅਧਿਆਪਕ ਚੇਤਨਾ ਮੰਚ ਸਮਰਾਲਾ, ਹੈਡ ਮਾਸਟਰ ਰਾਮ ਰਤਨ ਸਮਰਾਲਾ, ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਸਮਰਾਲਾ ਨੇ ਸੋਗ ਮਤੇ ਭੇਜੇ। ਸ਼ਾਮਲ ਪਤਵੰਤਿਆਂ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਹਰਜਿੰਦਰ ਸਿੰਘ ਰੋਪੜ, ਜਗਦੀਸ਼ ਕੁਮਾਰ ਮੋਰਿੰਡਾ, ਰਾਜਿੰਦਰ ਕੁਮਾਰ ਮੁਹਾਲੀ, ਜਗਦੇਵ ਸਿੰਘ ਖੰਨਾ, ਰਾਮ ਕਿਸ਼ਨ ਰੋਪੜ, ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਗੁਰਬਖ਼ਸ਼ ਸਿੰਘ ਮੁਹਾਲੀ, ਸੰਗਤ ਸਿੰਘ ਸੇਖੋਂ ਸਮਰਾਲਾ, ਦਵਿੰਦਰ ਸਿੰਘ ਪ੍ਰਧਾਨ ਸਰਕਲ ਰੋਪੜ, ਸੁਦਾਗਰ ਸਿੰਘ ਘੁਡਾਣੀ ਜ਼ਿਲ੍ਹਾ ਸਕੱਤਰ ਲੁਧਿਆਣਾ, ਇੰਜੀਨੀਅਰ ਕੰਵਲਪ੍ਰੀਤ ਸਿੰਘ ਸਿੱਧੂ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸਮਰਾਲਾ, ਜਗਤਾਰ ਸਿੰਘ ਵਿਧਾਇਕ ਹਲਕਾ ਸਮਰਾਲਾ, ਹਰਜਿੰਦਰ ਸਿੰਘ ਪ੍ਰਧਾਨ ਮੋਲਡਰ ਸਟੀਲ ਵਰਕਰ ਯੂਨੀਅਨ, ਗੁਰਪ੍ਰੀਤ ਸਿੰਘ ਊਰਨਾਂ ਬੀ. ਕੇ. ਯੂ. (ਰਾਜੇਵਾਲ), ਅਵਤਾਰ ਸਿੰਘ ਘਰਖਣਾ ਬੀ.ਕੇ.ਯੂ. (ਰਾਜੇਵਾਲ) ਕੁਲਵੰਤ ਸਿੰਘ ਤਰਕ ਲੋਕ ਮੋਰਚਾ, ਗੁਰਬਖ਼ਸ਼ੀਸ਼ ਸਿੰਘ ਪ੍ਰਧਾਨ ਪੈਨਸ਼ਨ ਮਹਾਂਸੰਘ ਸਮਰਾਲਾ, ਮੇਘ ਸਿੰਘ ਜਵੰਦਾ ਪ੍ਰਧਾਨ ਪੈਨਸ਼ਨ ਕਲਿਆਣ ਸੰਗਠਨ ਸਮਰਾਲਾ, ਦਲਜੀਤ ਸਿੰਘ ਸਕੱਤਰ ਡੀ.ਟੀ.ਐਫ. ਜ਼ਿਲ੍ਹਾ ਲੁਧਿਆਣਾ ਤੋਂ ਇਲਾਵਾ ਮੌਜੂਦਾ ਤੇ ਸਾਬਕਾ ਐੱਮ ਸੀ ਸਮਰਾਲਾ ਤੇ ਪੱਤਰਕਾਰ ਭਾਈਚਾਰੇ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ।

## ਪੁਲ 'ਤੇ ਰੇਲਿੰਗ ਦਾ ਕੰਮ ਕਦੋਂ ਹੋਵੇਗਾ ਸ਼ੁਰੂ ?



**ਜਗਰਾਉਂ (ਅਮਿਤ ਖੰਨਾ)**-ਝਾਂਸੀ ਰਾਣੀ ਚੌਂਕ ਨੇੜੇ ਪੁਲ 'ਤੇ ਰੇਲਿੰਗ ਨਾ ਹੋਣ ਕਾਰਨ ਹਾਲਾਤ ਦਿਨੋਂ-ਦਿਨ ਖ਼ਤਰਨਾਕ ਬਣਦੇ ਜਾ ਰਹੇ ਹਨ।ਲੰਬੇ ਸਮੇਂ ਤੋਂ ਰੇਲਿੰਗ ਲਗਾਉਣ ਦਾ ਮਾਮਲਾ ਲਟਕਿਆ ਹੋਇਆ ਹੈ, ਜਦ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਰੇਲਿੰਗ ਲਗਾਉਣ ਲਈ ਲੋੜੀਂਦਾ ਸਮਾਨ ਵੀ ਪੁਲ 'ਤੇ ਪਹੁੰਚ ਚੁੱਕਾ ਹੈ।ਇਸ ਦੇ ਬਾਵਜੂਦ ਕੰਮ ਸ਼ੁਰੂ ਨਾ ਹੋਣਾ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪੁਲ 'ਤੇ ਆਵਾਜਾਈ ਦਾ ਪ੍ਰਬੰਧ ਠੀਕ ਨਾ ਹੋਣ ਅਤੇ ਵਾਹਨ ਚਾਲਕਾਂ ਵੱਲੋਂ ਗਲਤ ਦਿਸ਼ਾ ਵਿੱਚ ਟਰਨ ਲੈਣ ਕਾਰਨ ਅਕਸਰ ਹਾਦਸੇ ਵਾਪਰ ਰਹੇ ਹਨ।ਰੇਲਿੰਗ ਨਾ ਹੋਣ ਕਾਰਨ ਕਿਸੇ ਵਾਹਨ ਦੇ ਬੇਕਾਬੂ ਹੋਣ ਦੀ ਸੂਰਤ ਵਿੱਚ ਹਾਦਸਾ ਹੋਰ ਵੀ ਭਿਆਨਕ ਰੂਪ ਧਾਰ ਸਕਦਾ ਹੈ।ਲੋਕਾਂ ਦਾ ਸਿੱਧਾ ਸਵਾਲ ਹੈ ਕਿ ਜੇ ਰੇਲਿੰਗ ਦਾ ਸਮਾਨ ਪੁਲ 'ਤੇ ਪਿਆ ਹੈ ਤਾਂ ਇਸ ਨੂੰ ਲਗਾਉਣ ਵਿੱਚ ਹੋਰ ਕਿੰਨਾ ਸਮਾਂ ਲੱਗੇਗਾ।

## ਡੀ ਸੀ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2026' ਦਾ ਪੋਸਟਰ ਜਾਰੀ

### ■ ਖਿਡਾਰੀਆਂ ਨੂੰ ਖੇਡਾਂ 'ਚ ਵੱਧ-ਚੜ੍ਹ ਕੇ ਭਾਗ ਲੈਣ ਦਾ ਦਿੱਤਾ ਸੱਦਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫ਼ੁੱਲਤ ਕਰਨ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਸਬੰਧੀ ਪੋਸਟਰ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਵੱਲੋਂ ਜਾਰੀ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਡੈਵੀ ਗੋਇਲ, ਜ਼ਿਲ੍ਹਾ ਖੇਡ ਅਫ਼ਸਰ ਸ੍ਰੀਮਤੀ ਅਨਿੰਦਰਵੀਰ ਕੌਰ ਬਰਾੜ ਤੇ ਖੇਡ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ-2026 ਦੀ ਸ਼ੁਰੂਆਤ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ 5 ਸਤੰਬਰ 2026 ਨੂੰ ਬਠਿੰਡਾ ਵਿਖੇ ਕੀਤੀ ਜਾਵੇਗੀ। ਇਨ੍ਹਾਂ ਖੇਡਾਂ ਵਿੱਚ ਬਲਾਕ ਪੱਧਰੀ ਖੇਡਾਂ, ਜ਼ਿਲ੍ਹਾ ਪੱਧਰੀ ਖੇਡਾਂ ਤੇ ਰਾਜ ਪੱਧਰੀ ਖੇਡਾਂ ਵੱਖ-ਵੱਖ ਮਿਤੀਆਂ ਨੂੰ ਕਰਵਾਈਆਂ ਜਾਣਗੀਆਂ।ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੇ ਨੌਜਵਾਨਾਂ ਤੇ ਖਿਡਾਰੀਆਂ ਨੂੰ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ।ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਖੇਡਾਂ ਵਿੱਚ ਭਾਗ ਲੈਣ ਲਈ ਰਜਿਸਟ੍ਰੇਸ਼ਨ https : //sports.punjab.gov.in/login ਪੋਰਟਲ 'ਤੇ ਕੀਤੀ ਜਾ ਸਕਦੀ ਹੈ।ਇਸ ਤੋਂ ਇਲਾਵਾ ਭਾਗ ਲੈਣ ਦੇ ਇੱਛੁਕ ਖਿਡਾਰੀ ਪ੍ਰਚਾਰ ਸਮੱਗਰੀ/ਪੋਸਟਰ ਉੱਤੇ ਦਿੱਤੇ QR ਕੋਡ ਨੂੰ ਸਕੈਨ ਕਰਕੇ ਵੀ ਸਬੰਧਤ ਪੋਰਟਲ 'ਤੇ ਪਹੁੰਚ ਸਕਦੇ ਹਨ।ਉਨ੍ਹਾਂ ਦੱਸਿਆ ਕਿ ਖੇਡ ਮੁਕਾਬਲਿਆਂ ਨੂੰ ਸੁਚਾਰੂ ਤੇ ਸਫਲਤਾਪੂਰਵਕ ਕਰਵਾਉਣ ਲਈ ਵਿਭਾਗ ਵੱਲੋਂ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ।




## ਪਟਿਆਲਾ ਕੋਰਟ ਕੰਪਲੈਕਸ ਨੂੰ ਮੁੜ ਮਿਲੀ ਧਮਕੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਤੇ ਸੈਸ਼ਨ ਕੋਰਟ ਪਟਿਆਲਾ ਨੂੰ ਇਕ ਵਾਰ ਫਿਰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਧਮਕੀ ਭਰੀ ਸੂਚਨਾ ਮਿਲਦਿਆਂ ਹੀ ਪਟਿਆਲਾ ਪੁਲਿਸ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆ ਗਿਆ ਅਤੇ ਪੂਰੇ ਅਦਾਲਤੀ ਕੰਪਲੈਕਸ ਵਿੱਚ ਵਿਆਪਕ ਤਲਾਸ਼ੀ ਅਭਿਆਨ ਸ਼ੁਰੂ ਕਰ ਦਿੱਤਾ ਗਿਆ। ਅਚਾਨਕ ਵਧੀ ਸਰਗਰਮੀ ਕਾਰਨ ਅਦਾਲਤ ਕੰਪਲੈਕਸ ਵਿੱਚ ਕੁਝ ਸਮੇਂ ਲਈ ਹਲਚਲ ਦਾ ਮਾਹੌਲ ਬਣ ਗਿਆ।

ਸੂਚਨਾ ਮਿਲਦੇ ਹੀ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਅਗਵਾਈ ਹੇਠ ਭਾਰੀ ਪੁਲਿਸ ਫੋਰਸ, ਡੌਗ ਸਕੁਐਡ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਟੀਮਾਂ ਵੱਲੋਂ ਅਦਾਲਤ ਦੇ ਕਮਰਿਆਂ, ਵਕੀਲਾਂ ਦੇ ਚੈਂਬਰਾਂ, ਪਾਰਕਿੰਗ ਖੇਤਰਾਂ ਅਤੇ ਆਸ-ਪਾਸ ਦੇ ਸੰਵੇਦਨਸ਼ੀਲ ਸਥਾਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ।

## ਗਊਸ਼ਾਲਾਵਾਂ ਨੂੰ ਆਰਥਿਕ ਰਾਹਤ ਦੇਣ ਲਈ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਕੀਤੇ ਮੁਆਫ : ਕੀਮਤੀ ਭਗਤ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਸ੍ਰੀ ਕੀਮਤੀ ਭਗਤ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੇਸਹਾਰਾ ਗਊਧਨ ਦੀ ਸਾਂਭ ਸੰਭਾਲ ਤੇ ਜ਼ਿਲ੍ਹੇ ਦੀਆਂ ਗਊਸ਼ਾਲਾਵਾਂ ਅੰਦਰ ਗਊਧਨ ਲਈ ਲੋੜੀਂਦੇ ਪ੍ਰਬੰਧਾਂ ਸਬੰਧੀ ਵੱਖ-ਵੱਖ ਵਿਭਾਗੀ ਅਧਿਕਾਰੀਆਂ ਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਅਹਿਮ ਮੀਟਿੰਗ ਕੀਤੀ।ਉਪ ਚੇਅਰਮੈਨ ਸ੍ਰੀ ਕੀਮਤੀ ਭਗਤ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਮਾਫ਼ ਕਰਕੇ ਗਊਸ਼ਾਲਾਵਾਂ ਨੂੰ ਵੱਡੀ ਰਾਹਤ ਦਿੱਤੀ ਹੈ, ਜਿਸ ਨਾਲ ਗਊਸ਼ਾਲਾਵਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।ਉਨ੍ਹਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਸੜਕਾਂ ਤੇ ਬੇਸਹਾਰਾ ਗਊਧਨ ਨੂੰ ਸਰਕਾਰੀ ਜਾਂ ਨਿੱਜੀ ਗਊਸ਼ਾਲਾਵਾਂ ਵਿੱਚ ਪੁਚਾਉਣ ਲਈ ਸਬੰਧਤ ਵਿਭਾਗਾਂ ਨੂੰ ਪੂਰੀ ਜ਼ਿੰਮੇਵਾਰੀ ਤੇ ਸੇਵਾ ਭਾਵਨਾ ਨਾਲ ਮੋਹਰੀ ਭੂਮਿਕਾ ਨਿਭਾਉਣ ਦੇ ਆਦੇਸ਼ ਦਿੱਤੇ।ਉਨ੍ਹਾਂ ਦੱਸਿਆ ਕਿ ਗੜ੍ਹੋਲੀਆਂ ਵਿਖੇ 18 ਏਕੜ ਜ਼ਮੀਨ ਵਿੱਚ ਕਰੀਬ 1.76 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਗਊਸ਼ਾਲਾ ਬਣੀ ਹੋਈ ਹੈ ਜਿਸਦੇ ਵਿੱਚ 5 ਹਜਾਰ ਪਸ਼ੂ ਰੱਖਣ ਦੀ ਸਮਰੱਥਾ ਹੈ।ਉਨ੍ਹਾਂ ਸ਼ਹਿਰੀ ਖੇਤਰ ਅੰਦਰ ਕਾਰਜਸਾਧਕ ਅਫ਼ਸਰ ਅਤੇ ਪਿੰਡਾਂ ਵਿੱਚ ਬੀ.ਡੀ.ਪੀ.ਓਜ਼ ਨੂੰ ਸੜਕਾਂ ਦੇ ਘੁੰਮਣ ਵਾਲੇ ਬੇਸਹਾਰਾ ਗਊਧਨ ਨੂੰ ਸਰਕਾਰੀ ਗਊਸ਼ਾਲਾ ਜਾਂ ਪ੍ਰਾਈਵੇਟ ਗਊਸ਼ਾਲਾਵਾਂ ਵਿੱਚ ਪੁਚਾਉਣ ਦੀ ਹਦਾਇਤ ਕੀਤੀ।ਸ੍ਰੀ ਕੀਮਤੀ ਭਗਤ ਨੇ ਦੱਸਿਆ ਕਿ ਜ਼ਖ਼ਮੀ ਜਾਂ ਬਿਮਾਰ ਪਸ਼ੂਆਂ ਦੇ ਇਲਾਜ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀਆਂ 11 ਗਊਸ਼ਾਲਾਵਾਂ ਵਿੱਚ ਕਰੀਬ 3 ਕਰੋੜ 06 ਲੱਖ ਰੁਪਏ ਦੀ ਲਾਗਤ ਵਾਲੇ ਕਾਊ-ਲਿਫਟਰ ਮੁਹੱਈਆ ਕਰਾਏ ਗਏ ਹਨ।

## ਸੀਟੂ ਨੇ ਕੇਂਦਰ ਤੇ ਪੰਜਾਬ ਸਰਕਾਰ ਦਾ ਫੂਕਿਆ ਪੁਤਲਾ



**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਸੀਟੂ ਦੇ ਸੱਦੇ 'ਤੇ ਵੀਰਵਾਰ ਨੂੰ ਵੱਡੀ ਗਿਣਤੀ ਵਿਚ ਮਜ਼ਦੂਰਾਂ, ਆਸ਼ਾ, ਕੁੱਕ ਤੇ ਆਂਗਣਵਾੜੀ ਵਰਕਰਾਂ, ਰੇਲਵੇ ਵਰਕਸ਼ਾਪ ਵਰਕਰਾਂ, ਥਰੀ ਵੀਲ੍ਹਰ ਵਾਲੇ ਸਾਥੀਆਂ ਨੇ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਅਗਵਾਈ ਵਿਚ ਸੀਟੂ ਦਫ਼ਤਰ ਵਿਚ ਇਕੱਠੇ ਹੋ ਕੇ ਮਹਿੰਗਾਈ ਵਿਰੁੱਧ ਰੋਸ ਰੈਲੀ ਕੀਤੀ ਅਤੇ ਮਾਰਚ ਕਰ ਕੇ ਪੁਤਲੀ ਘਰ ਚੌਂਕ ਵਿਚ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜ ਕੇ ਨਾਅਰੇਬਾਜ਼ੀ ਕੀਤੀ।

ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੂੰ ਰੱਖੜੀ ਦੇ ਮੌਕੇ ਬਾਬਾ ਬਕਾਲਾ ਵਿਚ ਹੋ ਰਹੀ ਰੈਲੀ ਲਈ ਸਰਕਾਰੀ ਬੱਸਾਂ ਦਾ ਵੱਡਾ ਕਾਫ਼ਲਾ ਭੇਜਣ ਦਾ ਹੁਕਮ ਟਰਾਂਸਪੋਰਟ ਵਿਭਾਗ ਨੇ ਕਰ ਦਿੱਤਾ ਹੈ। ਇਸ ਨਾਲ ਜਿੱਥੇ ਆਮ ਸਵਾਰੀਆਂ ਨੂੰ ਪਰੇਸ਼ਾਨੀ ਹੋਵੇਗੀ, ਉਥੇ ਸਰਕਾਰੀ ਖਜ਼ਾਨੇ ਦਾ ਵੀ ਭਾਰੀ ਨੁਕਸਾਨ ਹੋਵੇਗਾ। ਇਸ ਮੌਕੇ ਬਿੱਟੂ ਵੇਰਕਾ ਸਾਬਕਾ ਪ੍ਰਧਾਨ ਇੰਟਕ ਛੱਡ ਕੇ ਸੀਟੂ ਵਿਚ ਸ਼ਾਮਿਲ ਹੋ ਗਏ, ਜਿਨ੍ਹਾਂ ਨੂੰ ਲੀਡਰਸ਼ਿਪ ਨੇ ਸਨਮਾਨਿਤ ਕੀਤਾ ਅਤੇ ਸਨਅਤੀ ਮਜ਼ਦੂਰ ਯੂਨੀਅਨ ਸੀਟੂ ਦਾ ਪ੍ਰਧਾਨ ਪ੍ਰਧਾਨ ਨਿਯੁਕਤ ਕੀਤਾ ਗਿਆ। ਰੈਲੀ ਵਿਚ ਚਰਨਜੀਤ ਮਜੀਠਾ, ਕਿਰਪਾ ਰਾਮ, ਬਿੱਟੂ ਵੇਰਕਾ, ਜਨਕ ਰਾਜ, ਸੂਰਜ, ਰਾਜਾ ਰਾਮ, ਕਵਲਜੀਤ ਕੌਰ, ਜਸਬੀਰ ਝਬਾਲ, ਸਵਿੰਦਰ ਸਿੰਘ ਮੀਰਾਂ ਕੋਟ, ਤਰਸੇਮ ਪਟਿਆਲਾ, ਭਗਵੰਤ ਸਿੰਘ, ਨਗਰ ਨਿਗਮ ਆਗੂ ਰਮਨ ਮਜੀਠਾ, ਤਰਸੇਮ ਦਿਓਲ ਸਟਰੀਟ ਲਾਈਟ ਵਰਕ ਯੂਨੀਅਨ ਨਗਰ ਨਿਗਮ ਅੰਮ੍ਰਿਤਸਰ, ਹਰੀ ਸਿੰਘ, ਪੂਜਾ, ਸਰੋਜ ਬਾਲਾ, ਧਿਆਨ ਚੰਦ, ਧਰਮਪਾਲ, ਪ੍ਰਤਾਪ ਸਿੰਘ ਖਾਪੜਖੇੜੀ, ਮਨਜੀਤ ਸਿੰਘ ਓਬਰਾਏ, ਵਿਜੇ ਕੁਮਾਰ, ਜਸਪਾਲ, ਰਾਜੂ, ਸੁਖਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

## ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥਕ ਕਾਨਫ਼ਰੰਸ ਅੱਜ



ਧਾਰੀਵਾਲ/ਸ੍ਰੀ ਹਰਗੋਬਿੰਦਪੁਰ ਸਾਹਿਬ, (ਮਨਦੀਪ ਵਿੱਕੀ)– ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਸ ਵਾਰ ਵੀ 28 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਸਾਚਾ ਗੁਰ ਲਾਧੋ ਰੇ ਦਿਵਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਬਚਾਓ ਪੰਜਾਬ ਬਚਾਓ ਵਿਸ਼ਾਲ ਪੰਥਕ ਕਾਨਫ਼ਰੰਸ ਕੀਤੀ ਜਾ ਰਹੀ ਹੈ।ਇਸ ਪੰਥਕ ਕਾਨਫਰੰਸ ਚ ਪੁੱਜਣ ਲਈ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਅਕਾਲੀ ਦਲ ਵਾਰਿਸ ਪੰਜਾਬ ਦੇ ਸੇਵਾਦਾਰ ਮਨਵਿੰਦਰ ਸਿੰਘ ਦਕੋਹਾ (ਪ੍ਰਿੰਸ) ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਦੱਸਿਆ ਕਿ ਇਸ ਕਾਨਫਰੰਸ 'ਚ ਸਿਆਸੀ ਗੱਲਾਂ ਨਹੀਂ ਬਲਕਿ ਪੰਜਾਬ ਦੇ ਭਖਦੇ ਮਸਲਿਆਂ ਤੇ ਗੰਭੀਰ ਚਰਚਾ ਕੀਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਕਾਨਫ਼ਰੰਸ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣਾ, ਪੰਜਾਬ ਨੂੰ ਨਸ਼ਾ ਮੁਕਤ ਕਰਨਾ ,ਸੂਬੇ ਚ ਗੁੰਡਾਗਰਦੀ ਅਤੇ ਪਤਿਤਪੁਣੇ ਨੂੰ ਰੋਕਣ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਕੇ ਅੰਮ੍ਰਿਤ ਪਾਨ ਕਰਵਾਉਣਾ ਮੁਖ ਤੌਰ ਤੇ ਸ਼ਾਮਿਲ ਹੈ ।

## ਔਰਤਾਂ ਤੇ ਮਜ਼ਦੂਰਾਂ ਵੱਲੋਂ ਦਿੱਲੀ ਰੈਲੀ 'ਚ ਜਾਣ ਦਾ ਐਲਾਨ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)– ਨਰੇਗਾ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਜੇਠੂਵਾਲ ਵਿਖੇ ਔਰਤਾਂ ਅਤੇ ਮਜ਼ਦੂਰਾਂ ਦੀ ਇੱਕ ਸਾਂਝੀ ਮੀਟਿੰਗ 'ਬਦਲਾਅ ਜ਼ਰੂਰੀ ਹੈ' ਮੁਹਿੰਮ ਤਹਿਤ ਕਰਵਾਈ ਗਈ। ਮੀਟਿੰਗ ਦਾ ਪ੍ਰਬੰਧ ਕਾਮਰੇਡ ਰਣਜੀਤ ਸਿੰਘ ਜੇਠੂਵਾਲ ਵੱਲੋਂ ਕੀਤਾ ਗਿਆ, ਜਦ ਕਿ ਮੀਟਿੰਗ ਨੂੰ ਸੀ ਪੀ ਆਈ ਮਜੀਠਾ ਬਲਾਕ ਦੇ ਸਕੱਤਰ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਸੰਬੋਧਨ ਕੀਤਾ। ਇਸ ਮੌਕੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਮਜ਼ਦੂਰ ਵਰਗ ਨੂੰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਨੇ ਆਮ ਲੋਕਾਂ ਦਾ ਘਰੇਲੂ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਪੰਜਾਬ ਸਰਕਾਰ ਵੀ ਮਹਿੰਗਾਈ ਦੇ ਮੁੱਦੇ 'ਤੇ ਪ੍ਰਭਾਵਸ਼ਾਲੀ ਆਵਾਜ਼ ਨਹੀਂ ਉਠਾ ਰਹੀ। ਉਨ੍ਹਾਂ ਕਿਹਾ ਕਿ ਮਹਿੰਗਾਈ ਦੀ ਚੱਕੀ ਵਿੱਚ ਪੀਸ ਰਹੇ ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਇਕਜੁੱਟ ਹੋ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸੀ ਪੀ ਆਈ ਵੱਲੋਂ 'ਦੇਸ਼ ਵਿੱਚ ਬਦਲਾਅ ਜ਼ਰੂਰੀ ਹੈ' ਮੁਹਿੰਮ ਤਹਿਤ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਮੀਟਿੰਗ ਦੌਰਾਨ ਮਜ਼ਦੂਰਾਂ ਅਤੇ ਔਰਤਾਂ ਨੇ 1 ਸਤੰਬਰ ਨੂੰ ਦਿੱਲੀ ਵਿਖੇ ਹੋਣ ਵਾਲੇ ਪ੍ਰੋਗਰਾਮ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ। ਇਸ ਮੌਕੇ ਚਰਨ ਸਿੰਘ, ਪ੍ਰਮਜੀਤ ਸਿੰਘ, ਲੱਖਾ ਸਿੰਘ, ਕੇਵਲ ਸਿੰਘ, ਬੀਬੀ ਬਚਨ ਕੌਰ, ਬਲਜੀਤ ਕੌਰ, ਸੁਖਵਿੰਦਰ ਕੌਰ ਅਤੇ ਹਰਜਿੰਦਰ ਕੌਰ ਨੇ ਵੀ ਸੰਬੋਧਨ ਕਰਦਿਆਂ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਵਧਦੀ ਮਹਿੰਗਾਈ ਦੇ ਮੁੱਦੇ ਉਠਾਏ।

ਇਸ ਮੌਕੇ ਜ਼ਿਲ੍ਹਾ ਸਕੱਤਰ ਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਕਾਮਰੇਡ ਰਣਜੀਤ ਸਿੰਘ ਜੇਠੂਵਾਲ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਭੈਣ-ਭਰਾਵਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ 1 ਸਤੰਬਰ ਨੂੰ ਦਿੱਲੀ ਜਾਣ ਵਾਲੇ ਸਾਥੀ 31 ਅਗਸਤ ਨੂੰ ਦੁਪਹਿਰ 3 ਵਜੇ ਤੋਂ ਪਹਿਲਾਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪਹੁੰਚਣ। ਮੀਟਿੰਗ ਕਰਵਾਉਣ ਵਿੱਚ ਸਹਿਯੋਗ ਲਈ ਕਾਮਰੇਡ ਬਲਕਾਰ ਸਿੰਘ ਦੁਧਾਲਾ ਦਾ ਵੀ ਧੰਨਵਾਦ ਕੀਤਾ।

## ਅੱਜ ਰੱਖੜ ਪੁੰਨਿਆ 'ਤੇ ਭਗਵੰਤ ਮਾਨ ਸਮੇਤ ਮੰਤਰੀ ਭਰਨਗੇ ਹਾਜ਼ਰੀ



ਬਿਆਸ/ਅੰਮ੍ਰਿਤਸਰ (ਪਰਮਜੀਤ ਸਿੰਘ ਰੱਖੜਾ/ ਜਸਬੀਰ ਸਿੰਘ ਪੱਟੀ/ ਕੰਵਲਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਨਗਰ ਰਈਆ ਦੀ ਦਾਣਾ ਮੰਡੀ ਵਿਖੇ 28 ਅਗਸਤ (ਸ਼ੁੱਕਰਵਾਰ) ਨੂੰ ਰੱਖੜ ਪੁੰਨਿਆ ਦੇ ਪਾਵਨ ਤਿਉਹਾਰ ਨੂੰ ਸਮਰਪਤ ਕਰਵਾਏ ਜਾ ਰਹੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਪੰਜਾਬ ਵਜ਼ਾਰਤ ਦੇ ਮੰਤਰੀ ਹਾਜ਼ਰੀ ਭਰਨਗੇ। ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਵਿਧਾਇਕ ਦਲਬੀਰ ਸਿੰਘ ਟੌਂਗ, ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਦਾਣਾ ਮੰਡੀ ਰਈਆ ਵਿਖੇ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੰਗਤ ਲਈ ਲੰਗਰ, ਪੀਣ ਵਾਲੇ ਸਾਫ਼ ਪਾਣੀ, ਛਾਂ, ਪੱਖਿਆਂ ਅਤੇ ਹੋਰ ਜ਼ਰੂਰੀ ਸਹੂਲਤਾਂ ਦਾ ਢੁਕਵਾਂ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦਾਣਾ ਮੰਡੀ ਦੀ ਸਫ਼ਾਈ, ਬਿਜਲੀ, ਪਾਣੀ, ਆਵਾਜਾਈ ਅਤੇ ਹੋਰ ਲੋੜੀਂਦੇ ਪ੍ਰਬੰਧ ਵੀ ਕੀਤੇ ਗਏ ਹਨ। ਉਨ੍ਹਾਂ ਇਲਾਕੇ ਦੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਰੱਖੜ ਪੁੰਨਿਆ ਨੂੰ ਸਮਰਪਤ ਰਾਜ ਪੱਧਰੀ ਸਮਾਗਮ ਵਿੱਚ ਸ਼ਾਮਲ ਹੋਣ।ਇਸ ਮੌਕੇ ਐੱਸ ਡੀ ਐੱਮ ਬਾਬਾ ਬਕਾਲਾ ਸਾਹਿਬ ਜਸ਼ਨਜੀਤ ਸਿੰਘ, ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਨਿਰਮਲਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਜਨਮ ਅਸ਼ਟਮੀ 4 ਨੂੰ



**ਛੇਹਰਟਾ (ਮਨੋਜ ਕੁਮਾਰ)** : ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ 4 ਸਤੰਬਰ ਨੂੰ ਸ਼ਿਵਾਲਾ ਸ਼੍ਰੀ ਸ਼ਿਆਮ ਧਾਮ ਮੰਦਰ, ਵ੍ਰਿੰਦਾਵਨ ਵਿਖੇ ਬਹੁਤ ਧੂਮਧਾਮ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੇ ਸਿੰਘਾਨੀਆ ਨੇ ਦੱਸਿਆ ਕਿ ਫੈਸਟੀਵਲ ਕਮੇਟੀ ਵੱਲੋਂ ਰੌਸ਼ਨੀ ਤੇ ਆਵਾਜ਼ ਨਾਲ ਬੱਚੇ ਕ੍ਰਿਸ਼ਨ ਲੀਲਾ ਪੇਸ਼ ਕਰਨਗੇ। ਪ੍ਰੋਗਰਾਮ ਰਾਤ 9 ਵਜੇ ਸ਼ੁਰੂ ਹੋਵੇਗਾ।

## ਚਵਿੰਡਾ ਦੇਵੀ ਰੈਲੀ ਨੇ ਵਿਰੋਧੀਆਂ ਦੀ ਨੀਂਦ ਹਰਾਮ ਕੀਤੀ : ਬਲਬੀਰ ਬੋਪਾਰਾਏ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਮਜੀਠਾ ਵਿੱਚ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਹੋਈ ਆਮ ਆਦਮੀ ਪਾਰਟੀ ਦੀ ਵਿਸ਼ਾਲ ਕਾਨਫਰੰਸ ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੰਬੋਧਨ ਕਰਨ ਲਈ ਪਹੁੰਚੇ ਸਨ , ਇਸ ਵਿੱਚ ਮਜੀਠਾ ਹਲਕੇ ਦੇ ਲੋਕਾਂ ਦੀ ਹੋਈ ਇਕੱਤਰਤਾ ਨੇ ਵਿਰੋਧੀਆਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਇਹ ਪ੍ਰਗਟਾਵਾ ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਬੀਰ ਸਿੰਘ ਬੋਪਾਰਾਏ ਨੇ ਜਾਰੀ ਬਿਆਨ ਵਿੱਚ ਕੀਤਾ। ਬਲਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਮਜੀਠਾ ਹਲਕਾ 'ਚ ਕਿ ਅਕਾਲੀ ਦਲ ਦਾ ਗੜ੍ਹ ਹੈ ਅਤੇ ਹੁਣ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਮਿਹਨਤ ਸਦਕਾ ਆਮ ਆਦਮੀ ਪਾਰਟੀ ਦਾ ਗੜ੍ਹ ਬਣ ਚੁੱਕਾ ਹੈ ਅਤੇ ਅਕਾਲੀ ਦਲ ਦਾ ਇਸ ਹਲਕੇ ਤੋਂ ਖ਼ਤਮ ਹੋਣਾ ਹੋਇਆ ਨਜ਼ਰ ਆ ਰਿਹਾ ਹੈ। ਉਹਨਾਂ ਕਿਹਾ ਕਿ ਮਜੀਠਾ ਹਲਕੇ ਤੋਂ 2027 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਢ ਬੰਨ੍ਹ ਦਿੱਤਾ ਹੈ।

## ਰਾਣੀ ਨੂੰ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਸ਼ਰਧਾਂਜਲੀਆਂ



**ਛੇਹਰਟਾ (ਮਨੋਜ ਕੁਮਾਰ)** : ਆਮ ਆਦਮੀ ਪਾਰਟੀ ਐੱਸ.ਸੀ ਵਿੰਗ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਡਾ. ਇੰਦਰਪਾਲ ਦੀ ਪਤਨੀ ਰਾਣੀ ਨਮਿਤ ਅੰਤਿਮ ਅਰਦਾਸ ਵੀਰਵਾਰ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ, ਰੇਲਵੇ ਕਾਲੋਨੀ, ਬੀ ਬਲਾਕ ਵਿਖੇ ਹੋਈ। ਇਸ ਮੌਕੇ ਰਾਗੀ ਜਥਿਆਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਅੰਤਮ ਅਰਦਾਸ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਤੇ ਸਮਾਜਿਕ ਜਥੇਬੰਦੀ ਦੇ ਆਗੂਆਂ ਨੇ ਸ਼ਿਰਕਤ ਕਰ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਤੇ ਜੀਵਨਜੋਤ ਕੌਰ, ਕਾਂਗਰਸ ਵੱਲੋਂ ਸਾਬਕਾ ਵਿਧਾਇਕ ਡਾ. ਰਾਜ ਕੁਮਾਰ ਵੇਰਕਾ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਸਰਬਜੋਤ ਸਿੰਘ ਪੰਨੂ, 'ਆਪ' ਵੱਲੋਂ ਕੇਂਦਰੀ ਹਲਕਾ ਅੰਮ੍ਰਿਤਸਰ ਦੇ ਇੰਚਾਰਜ ਜਰਨੈਲ ਸਿੰਘ ਢੋਟ, ਕੌਂਸਲਰ ਵਿੱਕੀ ਦੱਤਾ, ਅਰਵਿੰਦਰ ਸਿੰਘ ਭੱਟੀ, ਚੇਅਰਮੈਨ ਜਸਪ੍ਰੀਤ ਸਿੰਘ, ਤਜਿੰਦਰਬੀਰ ਸਿੰਘ, ਕੌਂਸਲਰ ਕਮਲ ਕੁਮਾਰ ਬੋਰੀ, ਰਵਿੰਦਰ ਹੰਸ, ਜੂਡੋ ਕੋਚ ਕਰਮਜੀਤ ਸਿੰਘ, ਬਾਕਸਰ ਰਾਮੇਸ਼ ਬਾਸ, ਕਮਲ ਕੁਮਾਰ ਪਹਿਲਵਾਨ, ਜਸਪਾਲ ਖਟੱਟਾ, ਰਾਜੇਸ਼ ਦੀਨਾ ਨਗਰ, ਬਲਵਿੰਦਰ ਕੁਮਾਰ ਦੀਨਾ ਨਗਰ, ਸੁਰਿੰਦਰ ਕੁਮਾਰ ਸਹਿਗੀਆ ਪ੍ਰਧਾਨ ਗੁਰੂ ਨਾਭਾ ਦਾਸ ਮੰਦਰ ਕਮੇਟੀ, ਸਰਪੰਚ ਸੁਰੇਸ਼ ਕੁਮਾਰ ਦੀਨਾ ਨਗਰ, ਰਮੇਸ਼ ਕੁਮਾਰ ਝੰਡਪਿੰਡੀ, ਲਵਪ੍ਰੀਤ, ਬਲਵਿੰਦਰ ਗਿੱਲ ਸਫ਼ਾਈ ਮਜ਼ਦੂਰ ਯੂਨੀਅਨ ਅੰਮ੍ਰਿਤਸਰ, ਰਵੀ ਮੰਗਲੂਰੀਆ ਆਦਿ ਮੌਜੂਦ ਸਨ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਮੰਗਾਂ ਨੂੰ ਲੈ ਕੇ ਤਰਨ ਤਾਰਨ 'ਚ ਰੋਸ ਰੈਲੀ



ਤਰਨਤਾਰਨ (ਪ੍ਰਿਤਪਾਲ ਸਿੰਘ) ਸਾਂਝਾ ਮੁਲਾਜ਼ਮ ਮੰਚ ਪੰਜਾਬ, ਚੰਡੀਗੜ੍ਹ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਤਹਿਤ ਵੀਰਵਾਰ ਨੂੰ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਮਿਡ-ਡੇ-ਮੀਲ ਅਤੇ ਆਸ਼ਾ ਵਰਕਰ ਭੈਣਾਂ ਵੱਲੋਂ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ। ਰੈਲੀ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਸਬੰਧੀ ਸਰਕਾਰ ਨੂੰ ਮੰਗ ਪੱਤਰ ਭੇਜਿਆ ਜਾ ਚੁੱਕਿਆ ਹੈ, ਪਰ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਪ੍ਰਤੀ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਦਿੱਤਾ ਗਿਆ।

ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਸਬੰਧੀ ਸੰਘਰਸ਼ ਕੀਤਾ ਹੈ, ਪਰ ਸਰਕਾਰ ਵੱਲੋਂ ਕੋਈ ਠੋਸ ਹੱਲ ਨਹੀਂ ਕੀਤਾ ਗਿਆ। ਇਸ ਮੌਕੇ ਸੁਖਦੀਪ ਸਿੰਘ ਪੰਨੂ ਜ਼ਿਲ੍ਹਾ ਕਨਵੀਨਰ, ਗੁਰਸੇਵਕ ਸਿੰਘ ਸਰਾਂ ਪ੍ਰਧਾਨ, ਅੰਗਰੇਜ਼ ਸਿੰਘ ਰੰਧਾਵਾ ਜਨਰਲ ਸਕੱਤਰ, ਸੁਰਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਜਸਪਾਲ ਸਿੰਘ ਵਿੱਤ ਸਕੱਤਰ ਪੀ.ਐੱਸ.ਐੱਮ.ਐੱਸ. ਯੂਨੀਅਨ, ਕਰਵਿੰਦਰ ਸਿੰਘ ਚੀਮਾ ਪ੍ਰਧਾਨ ਅਤੇ ਸਿਕੰਦਰ ਸਿੰਘ ਚੀਮਾ ਜਨਰਲ ਸਕੱਤਰ ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਸਮੇਤ ਵੱਖ-ਵੱਖ ਵਿਭਾਗਾਂ ਅਤੇ ਜਥੇਬੰਦੀਆਂ ਦੇ ਆਗੂ ਤੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ।

## ਏਆਈ+ ਸਮਾਰਟ ਫੋਨਜ਼ ਵੱਲੋਂ ਪ੍ਰੋਜੈਕਟ ਓਪਨ ਰਿਵਿਊ 2.0 'ਚ ਨਵਾਂ ਨੋਵਾ 2 ਪਾਵਰ ਪੇਸ਼

**ਜਲੰਧਰ** : ਏ ਆਈ+ ਸਮਾਰਟਫੋਨਜ਼ ਨੇ ਆਪਣੀ ਨੋਵਾ 2 ਸੀਰੀਜ਼ ਵਿੱਚ ਨਵਾਂ ਨੋਵਾ 2 ਪਾਵਰ ਪੇਸ਼ ਕੀਤਾ ਹੈ।ਇਸਦਾ ਖੁਲਾਸਾ ਪ੍ਰੋਜੈਕਟ ਓਪਨ ਰਿਵਿਊ 2.0 ਰਾਹੀਂ ਕੀਤਾ ਗਿਆ ਹੈ, ਜਿਸ ਵਿੱਚ ਫੋਨ ਦੇ ਡਿਜ਼ਾਈਨ, ਰੰਗ ਅਤੇ ਡਿਸਪਲੇ ਬਾਰੇ ਵੇਰਵੇ ਇਸਦੇ ਬਾਜ਼ਾਰ ਵਿੱਚ ਲਾਂਚ ਹੋਣ ਤੋਂ ਪਹਿਲਾਂ ਸਾਂਝੇ ਕੀਤੇ ਗਏ ਸਨ। ਪ੍ਰੋਜੈਕਟ ਓਪਨ ਰਿਵਿਊ ਦੇ ਪਹਿਲੇ ਐਡੀਸ਼ਨ ਨੂੰ 700 ਤੋਂ ਵੱਧ ਰਜਿਸਟ੍ਰੇਸ਼ਨਾਂ ਪ੍ਰਾਪਤ ਹੋਈਆਂ ਹਨ। ਹੁਣ, ਪਹਿਲੀ ਵਾਰ, ਓਪਨ ਰਿਵਿਊ 2.0 ਵਿੱਚ ਨੈਤਿਕ ਹੈਕਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਏਆਈ+ ਸਮਾਰਟਫੋਨਜ਼ ਦੇ ਸੀਈਓ ਅਤੇ ਕੁਆਂਟਮ ਸ਼ਿਫਟ ਟੈਕਨਾਲੋਜੀਜ਼ ਦੇ ਸੰਸਥਾਪਕ ਮਾਧਵ ਸੇਠ ਨੇ ਕਿਹਾ, ਨੋਵਾ 2 ਪਾਵਰ ਨੋਵਾ ਸੀਰੀਜ਼ ਦਾ ਅਗਲਾ ਕਦਮ ਹੈ, ਜੋ ਕਿ ਇੱਕ ਵੱਖਰੀ ਡਿਜ਼ਾਈਨ ਪਛਾਣ ਦੇ ਨਾਲ ਉੱਚ ਪ੍ਰਦਰਸ਼ਨ ਨੂੰ ਜੋੜਦਾ ਹੈ।ਡਿਵਾਈਸ ਵਿੱਚ 7100 ਫੋਨ ਨੂੰ ਮਜ਼ਬੂਤ ਪ੍ਰਦਰਸ਼ਨ ਦਿੰਦਾ ਹੈ, ਜਦੋਂ ਕਿ ਸਾਡੇ ਨਵੇਂ ਕਲਰ ਵਿਕਲਪ ਇਸਦੇ ਡਿਜ਼ਾਈਨ ਇਸਨੂੰ ਸਿਰਫ਼ ਵਿਸ਼ੇਸ਼ਤਾਵਾਂ ਤੋਂ ਪਰ ਇਕ ਵੱਖਰੀ ਪਛਾਣ ਦਿੰਦੇ ਹਨ। ਪ੍ਰੋਜੈਕਟ ਓਪਨ ਰਿਵਿਊ 2.0 ਰਾਹੀਂ, ਅਸੀਂ ਖਪਤਕਾਰਾਂ ਤੱਕ ਪਹੁੰਚਣ ਤੋਂ ਪਹਿਲਾਂ ਨੋਵਾ 2 ਪਾਵਰ ਨੂੰ ਵੱਖ-ਵੱਖ ਪੱਧਰਾਂ ਤੇ ਟੈਸਟ ਕਰਨ ਦਾ ਮੌਕਾ ਦੇ ਰਹੇ ਹਾਂ।ਪ੍ਰੋਜੈਕਟ ਓਪਨ ਰੀਵਿਊ 2.0 ਦੇ ਤਹਿਤ, ਭਾਗੀਦਾਰਾਂ ਨੂੰ ਨੋਵਾ 2 ਪਾਵਰ ਨੂੰ ਖੁਦ ਅਜ਼ਮਾਉਣ ਅਤੇ ਇਸ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਸਮੁੱਚੇ ਉਪਭੋਗਤਾ ਅਨੁਭਵ ਦਾ ਸੁਤੰਤਰ ਤੌਰ 'ਤੇ ਮੁਲਾਂਕਣ ਕਰਨ ਦਾ ਮੌਕਾ ਮਿਲੇਗਾ।

## ਸਮੂਹਿਕ ਬੰਦ ਦੇ ਸੱਦੇ ਤਹਿਤ ਦਫ਼ਤਰ, ਸਕੂਲ ਤੇ ਕਾਲਜ ਬੰਦ ਰਹੇ



ਧਾਰੀਵਾਲ (ਮਨਦੀਪ ਵਿੱਕੀ)- ਵੀਰਵਾਰ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਦੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਵਿਭਾਗਾਂ ਦੇ ਦਫ਼ਤਰ, ਸਕੂਲ ਅਤੇ ਕਾਲਜ, ਮੁਹੱਲਾ ਕਲੀਨਿਕ ਵੀ ਬੰਦ ਰਹੇ। ਮੁਲਾਜ਼ਮ ਜਥੇਬੰਦੀਆਂ ਨੇ ਸਮੂਹਿਕ ਬੰਦ ਨੂੰ ਸਫਲ ਕਰਾਰ ਦਿੱਤਾ। ਮੁਲਾਜ਼ਮਾਂ ਨੇ ਸਮੂਹਿਕ ਛੁੱਟੀ ਕਰਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਸਾਹਮਣੇ ਵਿਸ਼ਾਲ ਰੈਲੀ ਕੀਤੀ ਅਤੇ ਰੈਲੀ ਉਪਰੰਤ ਸੜਕਾਂ 'ਤੇ ਮਾਰਚ ਕਰਕੇ ਡਾਕਖਾਨਾ ਚੌਂਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਸਾਥੀ ਅਸ਼ਵਨੀ ਫੱਜੂਪੁਰ, ਅਨਿਲ ਕੁਮਾਰ ਲਾਹੌਰੀਆ, ਸੋਮ ਸਿੰਘ, ਰਵਿੰਦਰਜੀਤ ਸਿੰਘ ਪੰਨੂ, ਗੁਰਵਿੰਦਰਜੀਤ ਸਿੰਘ ਪੰਨੂ, ਗੁਰਿੰਦਰ ਸਿੰਘ ਸਿੱਧੂ, ਕੁਲਦੀਪ ਸਿੰਘ ਪੁਰੋਵਾਲ,ਗੁਰਜੀਤ ਸਿੰਘ ਰੰਧਾਵਾ,ਸਤਨਾਮ ਸਿੰਘ ਡੇਰੀ ਵਾਲ, ਪਰਗਟ ਸਿੰਘ, ਮਨਦੀਪ ਸਿੰਘ, ਵਿਜੈ ਕੁਮਾਰ ਸੁਪਰਡੰਟ, ਲਵਪ੍ਰੀਤ ਰੋੜਾਂਵਾਲੀ,ਹਰਪ੍ਰੀਤ ਪਰਮਾਰ,ਗੁਰਦਿਆਲ ਸਿੰਘ ਸੋਹਲ, ਜਵੰਦ ਸਿੰਘ, ਗੁਰਪਿੰਦਰ ਸਿੰਘ,ਨੇਕ ਰਾਜ ਸਾਰੰਗਲ ,ਸਤਨਾਮ ਸਿੰਘ ਬਾਜਵਾ, ਅਮਰਜੀਤ ਸਿੰਘ ਸੈਣੀ, ਓਂਕਾਰ ਸਿੰਘ, ਰਸ਼ਪਾਲਵਿੰਦਰ ਸਿੰਘ, ਹਰਜਿੰਦਰ ਸਿੰਘ ਬਾਗੜ, ਅਨੂਪ ਗੁਪਤਾ, ਤੇਜਿੰਦਰ ਸਿੰਘ ਸ਼ਾਹ, ਪਲਵਿੰਦਰ ਸਿੰਘ, ਹਰਪਾਲ ਸਿੰਘ, ਰਮਨ ਸਿੰਘ, ਦਿਲਬਾਗ ਭੱਟੀ, ਅਮਰਜੀਤ ਸ਼ਾਸਤਰੀ, ਸਰਬਜੀਤ ਸਿੰਘ ਸੈਣੀ, ਸੁਖਵਿੰਦਰ ਸਿੰਘ ਬਾਗੋਵਾਣੀ, ਰਣਜੀਤ ਸਿੰਘ, ਕਮਲਜੀਤ ਕੌਰ ਚਾਹਲ, ਸੁਨਿਰਮਲ ਕੌਰ, ਬਲਰਾਜ ਸਿੰਘ, ਤਰਸੇਮ ਪਾਲ, ਅਮਨਵੀਰ ਸਿੰਘ ਗਿਰਾਇਆ, ਬਲਵਿੰਦਰ ਕੌਰ , ਰਜਨੀ ਪਰਕਾਸ਼, ਨਿਸ਼ਾਨ ਸਿੰਘ, ਸੁਰਿੰਦਰ ਪੱਪੂ, ਰਵੇਲ ਸਿੰਘ ਸਹੈਪੁਰ, ਜਾਗੀਰ ਸਿੰਘ, ਯੁੱਧਵੀਰ ਸਿੰਘ, ਸੰਜੀਵ ਸੈਣੀ, ਬਲਵਿੰਦਰ ਉਦਿਪੁਰ, ਗੁਰਵੇਲ ਸਿੰਘ ਬੱਲਪੁਰੀਆ, ਗੁਰਪਰੀਤ ਰੰਗੀਲਪੁਰ, ਲੱਖਵਿੰਦਰ ਭੌਰ, ਰਣਜੋਧ ਸਿੰਘ, ਇੰਦਰਜੀਤ ਸਿੰਘ, ਅਸ਼ੋਕ ਠਾਕੁਰ, ਸਤਨਾਮ ਸਿੰਘ, ਮਨਜੀਤ ਕੌਰ ਢਕ, ਬਲਵਿੰਦਰ ਕੌਰ ਅਲੀਸ਼ੇਰ, ਦਿਲਬਾਗ ਸਿੰਘ, ਸੁਖਵਿੰਦਰ ਕੌਰ, ਰਣਜੋਧ ਸਿੰਘ, ਸੁਖਦੇਵ ਸਿੰਘ ਦਕੋਹਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਮੌਕੇ ਕਰਨੈਲ ਸਿੰਘ,ਰਾਮਪਾਲ ਉਦੋਕ, ਬਲਵਿੰਦਰ ਰਾਜ, ਉਪਕਾਰ ਸਿੰਘ, ਅਵੀਨਾਸ਼ ਸਿੰਘ, ਮੰਗਤ ਚੰਚਲ, ਊਧਮ ਸਿੰਘ ਬੋਨੀ , ਕਰਨੈਲ ਚਿੱਟੀ, ਰਵੀ,ਸਲਵਿੰਦਰ, ਹਰਜੀਤ ਸਿੰਘ, ਲਵਦੀਪ ਸਿੰਘ, ਜੋਤ ਪਰਕਾਸ਼ ਸਿੰਘ, ਗੌਰਵ ਮਹਾਜਨ,ਰਾਮ ਸਿੰਘ, ਰਜਨੀ ਸ਼ਰਮਾ, ਪਰਮਿੰਦਰ ਸਿੰਘ, ਸੰਜੀਵ ਸੈਣੀ, ਗਗਲਦੀਪ ਸਿੰਘ ਆਦਿ ਹਾਜ਼ਰ ਸਨ।

## ਐਮਰਜੈਂਸੀ ਸੇਵਾਵਾਂ ਨੂੰ ਮਜ਼ਬੂਤ ਕਰਨ 'ਤੇ ਦਿੱਤਾ ਜ਼ੋਰ



**ਗੁਰਦਾਸਪੁਰ (ਦਿਨੇਸ਼ ਕੁਮਾਰ/ਜਨਕ ਮਹਾਜਨ)** ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫ਼ਤਰ ਵਿਖੇ ਹੋਈ।ਇਸ ਮੌਕੇ ਪ੍ਰਭਾਕਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਐਮਰਜੈਂਸੀ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾਵੇ। ਜ਼ਿਲ੍ਹਾ ਅਤੇ ਸਬ ਡਵੀਜ਼ਨਲ ਹਸਪਤਾਲ ਦੇ ਨਾਲ ਹੀ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ 24 ਘੰਟੇ ਐਮਰਜੈਂਸੀ ਸੇਵਾਵਾਂ ਦੇ ਪੁਖਤਾ ਇੰਤਜ਼ਾਮ ਕੀਤੇ ਜਾਣ। ਜਿਲਾ ਹਸਪਤਾਲ਼ ਵਿੱਚ ਆਈ ਸੀ ਯੂ ਫੈਸਿਲਟੀ ਨੂੰ ਬਿਹਤਰ ਕੀਤਾ ਜਾਵੇ। ਸਮੂਹ ਬਲਾਕ ਪ੍ਰਾਇਮਰੀ ਹੈਲਥ ਯੂਨਿਟ ਵਿਚ ਜਰੂਰੀ ਪ੍ਰਬੰਧ ਕੀਤੇ ਜਾਣ। ਮੀਟਿੰਗ ਵਿਚ ਸਹਾਇਕ ਸਿਵਲ ਸਰਜਨ ਗੁਰਦਾਸਪੁਰ ਡਾ. ਪ੍ਰਭਜੋਤ ਕੌਰ ਕਲਸੀ, ਜਿਲਾ ਪਰਿਵਾਰ ਭਾਲਾਈ ਅਫਸਰ ਡਾਕਟਰ ਨਵਦੀਪ ਕੌਰ,, ਜਿਲਾ ਸਿਹਤ ਅਫਸਰ ਡਾ. ਰਮੇਸ਼ ਕੁਮਾਰ, ਸੀਨੀਅਰ ਮੈਡੀਕਲ ਅਫਸਰ ਡਾ. ਵਿੰਮੀ ਮਹਾਜਨ,ਡਾਕਟਰ ਅਮਰਦੀਪ ਸਿੰਘ ਬੈਂਸ, ਏ ਸੀ ਐਫ ਡਾਕਟਰ ਜੀ ਐਸ ਪੰਨੂ, ਡਾਕਟਰ ਲਖਵਿੰਦਰ ਸਿੰਘ, ਡਾ. ਰਵਿੰਦਰ ਸਿੰਘ , ਡਾ. ਵਰਿੰਦਰ ਮੋਹਨ , ਡਾਕਟਰ ਜਸਵਿੰਦਰ ਸਿੰਘ, ਡਾਕਟਰ ਲਲਿਤ ਮੋਹਨ,ਡਾਕਟਰ ਹੇਮ ਲਤਾ, ਡਾਕਟਰ ਅੰਕੁਰ ਕੌਸ਼ਲ, ਡਾਕਟਰ ਸਤਿੰਦਰ ਸੈਣੀ, ਡਾਕਟਰ ਪਰਜੀਤ ਕੌਰ, ਡਾਕਟਰ ਸੰਦੀਪ ਸਿੰਘ, ਜਿਲਾ ਐਪਿਡਮੋਲੋਜਿਸਟ ਡਾਕਟਰ ਮਧੂ, ਡਾ. ਵੰਦਨਾ ਆਦਿ ਹਾਜਰ ਸਨ।

## ਭਾਜਪਾ ਆਗੂ ਬਲਵਿੰਦਰ ਕੌਰ ਨੇ ਬੀ ਐੱਸ ਐੱਫ ਜਵਾਨਾਂ ਨੂੰ ਬੰਨ੍ਹੀ ਰੱਖੜੀ



**ਛੇਹਰਟਾ/ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ ਸਿੰਘ)** : ਬੁੱਧਵਾਰ ਨੂੰ ਅਟਾਰੀ ਸਰਹੱਦ 'ਤੇ ਦੇਸ਼ ਦੀ ਰਾਖੀ ਲਈ ਜ਼ੀਰੋ ਲਾਈਨ 'ਤੇ ਤਾਇਨਾਤ ਬੀਐੱਸਐੱਫ ਦੇ ਜਵਾਨਾਂ ਨੂੰ ਮਹਿਲਾ ਮੋਰਚਾ ਭਾਜਪਾ ਦੀ ਸੂਬਾ ਸਕੱਤਰ ਬਲਵਿੰਦਰ ਕੌਰ ਅਤੇ ਵੱਡੀ ਗਿਣਤੀ ਵਿਚ ਹਲਕਾ ਪੱਛਮੀ ਦੀਆਂ ਭੈਣਾਂ ਨੇ ਰੱਖੜੀ ਬੰਨ੍ਹ ਕੇ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁੱਖ ਮੰਗੀ।

ਇਸ ਮੌਕੇ ਬਲਵਿੰਦਰ ਕੌਰ ਨੇ ਕਿਹਾ ਕਿ ਬੀਐੱਸਐੱਫ ਦੇ ਜਵਾਨ ਗਰਮੀ, ਠੰਢ ਤੇ ਹਰ ਤਰ੍ਹਾਂ ਦੇ ਮੌਸਮ ਦਾ ਸਾਹਮਣਾ ਕਰਦੇ ਹੋਏ ਦੇਸ਼ ਦੀ ਸਰਹੱਦ ਤੇ ਨਾਗਰਿਕਾਂ ਦੀ ਰਾਖੀ ਕਰਦੇ ਹਨ। ਉਨ੍ਹਾਂ ਦੀ ਹਿੰਮਤ, ਕੁਰਬਾਨੀ ਤੇ ਦੇਸ਼ ਭਗਤੀ ਦੇ ਕਾਰਨ ਹੀ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ। ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਉਹ ਹਰ ਤਰ੍ਹਾਂ ਦੇ ਹਾਲਾਤ ਵਿਚ ਦੇਸ਼ ਦੀ ਸਰਹੱਦ 'ਤੇ ਡੱਟੇ ਰਹਿੰਦੇ ਹਨ, ਜਿਸ ਕਾਰਨ ਦੇਸ਼ ਦੇ ਨਾਗਰਿਕ ਚੈਨ ਦੀ ਨੀਂਦ ਸੌਂਦੇ ਹਨ।


ਉਨ੍ਹਾਂ ਕਿਹਾ ਕਿ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਦੇਸ਼ ਦੀ ਫੌਜ ਤੇ ਅਰਧ ਸੈਨਿਕ ਦਸਤਿਆਂ ਦੇ ਜਵਾਨਾਂ ਤੇ ਅਧਿਕਾਰੀਆਂ ਦਾ ਸਦਾ ਸਨਮਾਨ ਕਰੀਏ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਪੱਛਮੀ ਤੋਂ ਸੋਨੀਆ ਮੱਲ੍ਹੀ, ਪਰਵੀਨ, ਸੁਮਨ ਪ੍ਰਧਾਨ, ਨੇਹਾ ਰਾਜਪੂਤ, ਤਮਨਾ ਸ਼ਰਮਾ, ਮੀਨਾਕਸ਼ੀ ਸ਼ਰਮਾ, ਜਨਕ ਰਾਣੀ ਆਦਿ ਭੈਣਾਂ ਨੇ ਫੌਜੀ ਵੀਰਾਂ ਨੂੰ ਰੱਖੜੀ ਬੰਨ੍ਹੀ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਡਾ. ਸੁਸ਼ੀਲ ਦੇਵਗਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸ਼ਾਨਦਾਰ ਸੇਵਾਵਾਂ ਦੇਣ ਵਾਲੇ 37 ਬੂਥ ਲੈਵਲ ਅਫਸਰਾਂ ਦਾ ਸਨਮਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ. ਆਈ. ਆਰ.) ਦੇ ਪਹਿਲੇ ਪੜਾਅ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਦੇ 11 ਵਿਧਾਨ ਸਭਾ ਹਲਕਿਆਂ ਵਿੱਚ ਆਪਣੀਆਂ ਡਿਊਟੀਆਂ ਪੂਰੀ ਤਨਦੇਹੀ, ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣ ਵਾਲੇ 37 ਬੂਥ ਲੈਵਲ ਅਫਸਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪਲਵੀ ਮਿਸ਼ਰਾ ਵੱਲੋਂ ਸਨਮਾਨਿਤ ਬੂਥ ਲੈਵਲ ਅਫਸਰਾਂ ਨੂੰ ਸਨਮਾਨ ਪੱਤਰ ਪ੍ਰਦਾਨ ਕਰਦਿਆਂ ਐੱਸ.ਆਈ.ਆਰ. ਦੇ ਪਹਿਲੇ ਪੜਾਅ ਦੌਰਾਨ ਉਨ੍ਹਾਂ ਵੱਲੋਂ ਨਿਭਾਈ ਗਈ ਸ਼ਲਾਘਾਯੋਗ ਭੂਮਿਕਾ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਕਿਹਾ ਕਿ ਐੱਸ.ਆਈ.ਆਰ. ਦੀ ਪ੍ਰਕਿਰਿਆ ਦੇ ਪਹਿਲੇ ਪੜਾਅ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਬੂਥ ਲੈਵਲ ਅਫਸਰਾਂ ਵੱਲੋਂ ਨਿਭਾਈ ਗਈ ਜ਼ਮੀਨੀ ਪੱਧਰ ਦੀ ਜ਼ਿੰਮੇਵਾਰੀ ਬੇਹੱਦ ਮਹੱਤਵਪੂਰਨ ਰਹੀ ਹੈ। ਉਨ੍ਹਾਂ ਕਿਹਾ ਕਿ ਐੱਸ.ਆਈ.ਆਰ. ਦੇ ਪਹਿਲੇ ਪੜਾਅ ਦੌਰਾਨ ਬੂਥ ਲੈਵਲ ਅਫਸਰਾਂ ਵੱਲੋਂ ਆਪਣੇ-ਆਪਣੇ ਬੂਥ ਖੇਤਰਾਂ ਵਿੱਚ ਵੋਟਰਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਨੂੰ ਐਸ ਆਈ ਆਰ ਦੀ ਪ੍ਰਕਿਰਿਆ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਐਨਿਊਮੇਰੇਸ਼ਨ ਫਾਰਮਾਂ ਨਾਲ ਸਬੰਧਤ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਉਨ੍ਹਾਂ ਵੱਲੋਂ ਵੋਟਰਾਂ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ, ਫਾਰਮਾਂ ਨਾਲ ਸਬੰਧਤ ਕਾਰਵਾਈ ਵਿੱਚ ਸਹਾਇਤਾ ਕਰਨ ਅਤੇ ਬੂਥ ਪੱਧਰ 'ਤੇ ਲੋਕਾਂ ਦੀਆਂ ਚੋਣ ਸਬੰਧੀ ਜ਼ਰੂਰਤਾਂ ਦਾ ਹੱਲ ਕਰਨ ਲਈ ਸਰਗਰਮ ਭੂਮਿਕਾ ਨਿਭਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ.ਆਈ.ਆਰ. ਦੇ ਪਹਿਲੇ ਪੜਾਅ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਕਰਨ ਵਾਲੇ 37 ਬੂਥ ਲੈਵਲ ਅਫਸਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਨਮਾਨਿਤ ਕਰਨਾ ਉਨ੍ਹਾਂ ਦੀ ਮਿਹਨਤ, ਸਮਰਪਣ ਅਤੇ ਜ਼ਿੰਮੇਵਾਰੀ ਦੀ ਕਦਰ ਕਰਨ ਦਾ ਪ੍ਰਤੀਕ ਹੈ। ਇਸ ਮੌਕੇ ਸਨਮਾਨਿਤ ਬੂਥ ਲੈਵਲ ਅਫਸਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਐੱਸ.ਆਈ.ਆਰ. ਦੇ ਅਗਲੇ ਪੜਾਵਾਂ ਵਿੱਚ ਵੀ ਪੂਰੀ ਇਮਾਨਦਾਰੀ, ਨਿਰਪੱਖਤਾ ਅਤੇ ਸਮਰਪਣ ਨਾਲ ਆਪਣੀਆਂ ਡਿਊਟੀਆਂ ਨਿਭਾਉਣਗੇ। ਇਸ ਮੌਕੇ ਚੋਣ ਤਹਿਸੀਲਦਾਰ ਰਜਿੰਦਰ ਸਿੰਘ ਕਾਹਲੋਂ ਅਤੇ ਜ਼ਿਲ੍ਹਾ ਸਵੀਪ ਟੀਮ ਮੈਂਬਰ ਵੀ ਹਾਜ਼ਰ ਸਨ।

## ਗੁਰਦੁਆਰਾ ਗੁਰੂ ਕਾ ਮਹਿਲ ਵਿਖੇ ਗੁਰਮਤਿ ਸਮਾਗਮ ਕਰਵਾਇਆ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**– ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੇ ਪਾਵਨ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕਾ ਮਹਿਲ, ਅੰਮ੍ਰਿਤਸਰ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਸਰਵਣ ਕੀਤੀਆਂ। ਸਮਾਗਮ ਦੌਰਾਨ ਉੱਘੇ ਕਥਾਵਾਚਕ ਭਾਈ ਗੁਰਚਰਨ ਸਿੰਘ ਨੇ ਕਥਾ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਜੁੜਨ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਗੁਰਬਾਣੀ ਮਨੁੱਖ ਨੂੰ ਸੱਚ, ਸੰਤੋਖ, ਨਿਮਰਤਾ, ਸੇਵਾ ਅਤੇ ਸਿਮਰਨ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਸਿੱਖ ਵਿਰਸੇ ਅਤੇ ਗੁਰਮਤਿ ਸਿਧਾਂਤਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਸਮਾਗਮ ਦੌਰਾਨ ਸੰਗਤਾਂ ਨੇ ਸ਼ਰਧਾ ਅਤੇ ਭਾਵਨਾ ਨਾਲ ਗੁਰਬਾਣੀ ਸਰਵਣ ਕੀਤੀ। ਗੁਰਦੁਆਰਾ ਸਾਹਿਬ ਦਾ ਪੂਰਾ ਵਾਤਾਵਰਨ ਗੁਰਬਾਣੀ ਅਤੇ ਗੁਰਮਤਿ ਵਿਚਾਰਾਂ ਨਾਲ ਰੂਹਾਨੀ ਰੰਗ ਵਿੱਚ ਰੰਗਿਆ ਹੋਇਆ ਸੀ। ਸਮਾਗਮ ਦੇ ਅੰਤ ਵਿੱਚ ਸੰਗਤਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

## ਆਰ ਡੀ ਖੋਸਲਾ ਸਕੂਲ ਨੇ ਰੱਖੜੀ ਦਾ ਤਿਉਹਾਰ ਮਨਾਇਆ



**ਬਟਾਲਾ (ਤਰਲੋਕ ਬੱਗਾ)** ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਕੈਂਪਸ ਵਿੱਚ ਰੱਖੜੀ ਦੇ ਸ਼ੁਭ ਮੌਕੇ 'ਤੇ ਇੱਕ ਰੰਗਾਰੰਗ ਅਤੇ ਮਨਮੋਹਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਰੱਖੜੀ ਦੇ ਸਭਿਆਚਾਰਕ, ਪਰਿਵਾਰਕ ਅਤੇ ਭਾਵਨਾਤਮਕ ਮਹੱਤਵ ਤੋਂ ਜਾਣੂ ਕਰਵਾਉਣਾ ਸੀ। ਸਕੂਲ ਦੇ ਚੇਅਰਮੈਨ ਸ੍ਰੀ ਅਰਵਿੰਦ ਖੋਸਲਾ, ਪ੍ਰਧਾਨ ਸ੍ਰੀ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਪਰਿਵਾਰ ਨੂੰ ਰੱਖੜੀ ਦੀਆਂ ਦਿਲੋਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਰੱਖੜੀ ਸਿਰਫ਼ ਭਰਾ-ਭੈਣ ਦੇ ਬੰਧਨ ਦਾ ਤਿਉਹਾਰ ਨਹੀਂ ਹੈ, ਸਗੋਂ ਪਿਆਰ, ਵਿਸ਼ਵਾਸ, ਸਤਿਕਾਰ ਅਤੇ ਇੱਕ ਦੂਜੇ ਦੀ ਰੱਖਿਆ ਕਰਨ ਦੇ ਵਾਅਦੇ ਦਾ ਪ੍ਰਤੀਕ ਵੀ ਹੈ।

## ਕਲਗੀਧਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਆਈ ਸੀ ਐੱਸ ਈ 'ਚ ਮਾਰੀਆਂ ਮੱਲਾਂ



**ਵਲਟੋਹਾ (ਰਣਜੀਤ ਸਿੰਘ)** : ਕਲਗੀਧਰ ਪਬਲਿਕ ਸਕੂਲ, ਭਿੱਖੀਵਿੰਡ ਦੇ ਵਿਦਿਆਰਥੀਆਂ ਨੇ ਆਈ ਸੀ ਐੱਸ ਈ 2026 ਦੀ ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਕੌਂਸਲ ਫਾਰ ਦ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨਜ਼ (CISCE), ਨਵੀਂ ਦਿੱਲੀ ਵੱਲੋਂ ਵਿਦਿਆਰਥੀਆਂ ਨੂੰ ਕੁੱਲ 12 ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ ਹਨ। ਕੁੱਲ 11 ਵਿਦਿਆਰਥੀਆਂ ਨੇ ਇਹ ਮਾਣ ਹਾਸਲ ਕੀਤਾ, ਜਿਨ੍ਹਾਂ ਵਿੱਚ ਅਨੁਰੀਤ ਕੌਰ ਨੇ ਦੋ ਵਿਸ਼ਿਆਂ ਪੰਜਾਬੀ ਅਤੇ ਸਰੀਰਕ ਸਿੱਖਿਆ ਵਿੱਚ ਮੈਰਿਟ ਸਰਟੀਫਿਕੇਟ ਪ੍ਰਾਪਤ ਕੀਤੇ। ਹੋਰ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਸਤਕਰਦੀਪ ਕੌਰ, ਕਿਰਨਦੀਪ ਕੌਰ, ਸੁਖਮਨਦੀਪ ਕੌਰ, ਐਸ਼ਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਸੁਖਮਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਸਿਮਰਨਜੀਤ ਕੌਰ, ਮਹਿਕਪ੍ਰੀਤ ਕੌਰ, ਜਸ਼ਨਦੀਪ ਕੌਰ ਅਤੇ ਹੁਸਨਦੀਪ ਸਿੰਘ ਸ਼ਾਮਲ ਹਨ। ਵਿਦਿਆਰਥੀਆਂ ਨੂੰ ਪੰਜਾਬੀ, ਵਾਤਾਵਰਣ ਸਿੱਖਿਆ ਅਤੇ ਸਰੀਰਕ ਸਿੱਖਿਆ ਸਮੇਤ ਵੱਖ-ਵੱਖ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ ਹਨ। ਇਹ ਸ਼ਾਨਦਾਰ ਪ੍ਰਾਪਤੀ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਲਗਨ ਅਤੇ ਅਧਿਆਪਕਾਂ ਦੀ ਯੋਗ ਅਗਵਾਈ ਦਾ ਨਤੀਜਾ ਹੈ। ਸਕੂਲ ਪ੍ਰਬੰਧਕਾਂ ਨੇ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।



*ਮਾਰਕੀਟ ਕਮੇਟੀ ਦਫਤਰ ਵਿੱਲਵਾਂ ਵਿਖੇ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਦਾ ਸਨਮਾਨ ਕਰਦੇ ਹੋਏ ਮਾਰਕੀਟ ਕਮੇਟੀ ਢਿੱਲਵਾਂ ਦੇ ਚੇਅਰਮੈਨ ਬਿਕਰਮਜੀਤ ਸਿੰਘ ਕੋਹਾੜ ਸਿੰਘ, ਨਾਲ ਹਨ ਬਲਜੀਤ ਢਿੱਲੋਂ ਬਲਾਕ ਪ੍ਰਧਾਨ, ਹੈਪੀ ਖੱਦਰ ਚੇਅਰਮੈਨ ਪੇਂਡੂ ਪੰਚਾਇਤ ਵਿਭਾਗ, ਵਿੱਕੀ ਭੰਮਰਾ। (ਤਸਵੀਰ: ਪਲਵਿੰਦਰ ਸਿੰਘ ਜੈ ਰਾਮਪੁਰ, ਢਿੱਲਵਾਂ)*

## ਅਕਾਲੀ ਦਲ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾਵੇ : ਧਾਲੀਵਾਲ



**ਅਜਨਾਲਾ ( ਸੁਖਤਿੰਦਰ ਸਿੰਘ ਰਾਜੂ)** – ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲ ਰਹੀ ਹੈ, ਜਦੋਂ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਜੇ ਵੀ ਲਟਕਿਆ ਹੋਇਆ ਹੈ। ਇਸ ਲਈ ਭਾਜਪਾ ਨਾਲ ਗਠਜੋੜ ਕਰਨ ਲਈ ਤਰਲੋਮੱਛੀ ਹੋਣ ਦੀ ਬਜਾਏ ਸਿੱਖਾਂ ਦੇ ਹਿਤੈਸ਼ੀ ਹੋਣ ਦਾਅਵੇ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਇਸ ਮਾਮਲੇ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਮੋਦੀ ਸਰਕਾਰ ਕੋਲ ਆਵਾਜ਼ ਉਠਾਉਣੀ ਚਾਹੀਦੀ ਹੈ । ਉਕਤ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁੱਖ ਬੁਲਾਰੇ ਅਤੇ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਮੋਹਨ ਭੰਡਾਰੀਆਂ ਦੀ ਫਿਰਨੀ ਤੋਂ ਡੇਰਾ ਪੂਰਨ ਸਿੰਘ ਤੇ ਡੇਰਾ ਜਗਦੀਪ ਸਿੰਘ ਸਣੇ ਝੰਡੇਰ, ਚੱਕ ਸਿਕੰਦਰ, ਕੁਰਾਲੀਆਂ ਤੇ ਉੱਗਰ ਔਲਖ ਆਦਿ ਵੱਖ – ਵੱਖ ਪਿੰਡਾਂ 'ਚ 1.60 ਕਰੋੜ ਰੁਪਏ ਦੀ ਲਾਗਤ ਨਾਲ ਫਿਰਨੀਆਂ ਤੇ ਸੜਕਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਪੱਤਰਕਾਰਾਂ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਦਾ ਮੁੜ ਗੱਠਜੋੜ ਹੋਣ ਨਾਲ ਵੀ ਪੰਜਾਬ ਦੀ ਸਿਆਸੀ ਤਸਵੀਰ ਨਹੀਂ ਬਦਲੇਗੀ ਅਤੇ ਨਾ ਹੀ ਲੋਕ ਇਹਨਾਂ ਨੂੰ ਸਵੀਕਾਰ ਨਹੀਂ ਕਰਨਗੇ । ਇਸ ਮੌਕੇ ਮਹਿੰਗਾਈ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਦਿਆਂ ਧਾਲੀਵਾਲ ਨੇ ਕਿਹਾ ਕਿ ਖੰਡ, ਪਿਆਜ਼ ਸਮੇਤ ਘਰੇਲੂ ਵਰਤੋਂ ਦੀਆਂ ਕਈ ਜ਼ਰੂਰੀ ਵਸਤਾਂ ਦੇ ਰੇਟ ਲਗਾਤਾਰ ਵੱਧ ਰਹੇ ਹਨ। ਇਸ ਕਰਕੇ ਮਹਿੰਗਾਈ ਨੇ ਆਮ ਪਰਿਵਾਰਾਂ 'ਤੇ ਵਾਧੂ ਆਰਥਿਕ ਬੋਝ ਪਾਇਆ ਹੈ ਅਤੇ ਕੇਂਦਰ ਸਰਕਾਰ ਨੂੰ ਇਸ 'ਤੇ ਕਾਬੂ ਪਾਉਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ । ਇਸ ਮੌਕੇ ਪਿੰਡ ਮੋਹਨ ਭੰਡਾਰੀਆਂ ਦੇ ਸਰਪੰਚ ਲੱਖਾ ਸਿੰਘ , ਰਾਜਬੀਰ ਸਿੰਘ ਪੰਨੂੰ, ਹਰਪ੍ਰੀਤ ਸਿੰਘ ,ਜੱਗਾ ਸਿੰਘ ਪੰਨੂੰ , ਬਲਾਕ ਸੰਮਤੀ ਮੈਂਬਰ ਬਲਰਾਜ ਸਿੰਘ ਪੰਨੂੰ, ਗੁਰਤੇਜ ਸਿੰਘ ਪੰਨੂੰ ਪੰਚਾਇਤ ਮੈਂਬਰ ਨਵਦੀਪ ਸਿੰਘ ਪੰਨੂੰ , ਪੰਚਾਇਤ ਮੈਂਬਰ ਬਲਜੀਤ ਸਿੰਘ , ਪੰਚਾਇਤ ਮੈਂਬਰ ਗੁਰਮੀਤ ਸਿੰਘ , ਰਣਜੋਧ ਸਿੰਘ (ਦੋਧੀ) , ਸਮਸ਼ੇਰ ਸਿੰਘ , ਗਗਨਦੀਪ ਸਿੰਘ , ਪਾਸਟਰ ਬਲਕਾਰ ਮਸੀਹ , ਪਰਗਟ ਮਸੀਹ ਆਦਿ ਮੌਜੂਦ ਸਨ।

## ਦਿੱਲੀ ਰੈਲੀ ਦੀਆਂ ਤਿਆਰੀਆਂ ਸਿੱਖਰਾਂ 'ਤੇ : ਸੁਖਦੇਵ ਕੋਟ

ਤਰਨਤਾਰਨ (ਪੱਤਰਪ੍ਰੇਰਕ) -ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇੱਕ ਸਤੰਬਰ ਨੂੰ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿੱਚ ਦੇਸ਼ ਪੱਧਰੀ ਰੈਲੀ ਕੀਤੀ ਜਾ ਰਹੀ ਹੈ।ਜਿਸ ਦੀਆ ਤਿਆਰੀਆਂ ਪੂਰੇ ਜੋਸ਼ੋ ਖਰੋਸ਼ ਨਾਲ ਚੱਲ ਰਹੀਆ ਹਨ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜਿਲ੍ਹਾ ਮੀਤ ਸਕੱਤਰ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ ਨੇ ਬਲਾਕ ਕਮੇਟੀ ਦੀ ਮੀਟਿੰਗ ਵਿੱਚ ਤਿਆਰੀਆਂ ਦਾ ਜਾਇਜਾ ਲੈਂਦੇ ਹੋਏ ਸੰਬੋਧਨ ਕਰਦਿਆਂ ਕੀਤਾ। ਉਨਾ ਕਿਹਾ ਕਿ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਵਾ ਕੇ ਦੇਸ਼ ਵਿੱਚ ਰਾਜ ਕਰਦੀ ਧਿਰ ਦੀਆਂ ਨੀਤੀਆਂ ਕਿਵੇ ਦੇਸ਼ ਵਿਰੋਧੀ ਹਨ ਇਹ ਦੱਸਦਿਆਂ ਲੋਕਾ ਹਿੱਤਾਂ ਤੋਂ ਜਾਣੂ ਕਰਵਾਇਆ।ਉਨ੍ਹਾ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਸੋਚਦੀ ਹੈ ਕਿ ਹੈ ਕਿ ਨੀਤੀਆਂ ਵਿੱਚ ਬਦਲਾਅ ਹੋਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਕਿਰਤ ਕਨੂੰਨਾਂ ਨੂੰ ਤੋੜ ਕੇ ਚਾਰ ਲੇਬਰ ਕੋਡ ਬਣਾ ਦਿੱਤੇ ਹਨ। ਸਿਹਤ ਦੇ ਖੇਤਰ ਵਿੱਚ ਦਵਾਈਆਂ ਦੀ ਕਾਲਾ ਬਜ਼ਾਰੀ ਚੱਲ ਰਹੀ ਹੈ। ਮਨਰੇਗਾ ਕਨੂੰਨ ਖਤਮ ਕਰਕੇ ਵੀ ਬੀ ਜੀ ਰਾਮ ਜੀ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਉਨਾ ਕਿਹਾ ਕਿ ਇਹ ਲੋਕ ਵਿਰੋਧੀ ਹੈ, ਇਸ ਲਈ ਬਦਲਾਅ ਜਰੂਰੀ ਹੈ । ਇਸ ਮੌਕੇ ਹਾਜ਼ਰ ਆਗੂ ਕਾਮਰੇਡ ਅੰਜੂ ਰਾਣੀ ਘੁਰਕਵਿੰਡ, ਕਾਮਰੇਡ ਜਗੀਰ ਸਿੰਘ,ਕਾਮਰੇਡ ਲਖਬੀਰ ਸਿੰਘ ਘੁਰਕਵਿੰਡ , ਕਾਮਰੇਡ ਜਸਬੀਰਕੌਰ, ਵੀਨਾ ਆਦਿ ਨੇ ਆਪਣੇ ਵਿਚਾਰ ਰੱਖੇ।




## ਜਮਹੂਰੀ ਕਿਸਾਨ ਸਭਾ ਵੱਲੋਂ ਜਲੰਧਰ ਰੈਲੀ ਸੰਬੰਧੀ ਮੀਟਿੰਗ



ਚੇਤਨਪੁਰਾ (ਸੁਖਵੰਤ ਚੇਤਨਪੁਰੀ) – ਜਮਹੂਰੀ ਕਿਸਾਨ ਸਭਾ ਪੰਜਾਬ ਦੀ ਬਰਾਂਚ ਕਮੇਟੀ ਮੱਲੂ ਨੰਗਲ ਦੀ ਮੀਟਿੰਗ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਯਾਦਗਾਰੀ ਟਰਸਟ ਦੇ ਦਫਤਰ ਵਿਖੇ ਸਾਬਕਾ ਸਰਪੰਚ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ 20 ਸਤੰਬਰ ਨੂੰ ਚਲੋ ਜਲੰਧਰ ਦੇ ਨਾਅਰੇ ਤਹਿਤ ਦੋ ਕਿਸਾਨ ਜਥੇਬੰਦੀਆਂ ਦੀ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋ ਰਹੀ ਸਾਂਝੀ ਕਾਨਫਰੰਸ ਸਬੰਧੀ ਕਾਫਲੇ ਲੈ ਕੇ ਜਲੰਧਰ ਜਾਣ ਵਾਸਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਫੈਸਲਾ ਕੀਤਾ ਕਿ ਇੱਕ ਸਤੰਬਰ ਨੂੰ ਏਰੀਆ ਕਮੇਟੀ ਦੀ ਵਿਸ਼ਾਲ ਮੀਟਿੰਗ ਗੁਰਦੁਆਰਾ ਬਾਬਾ ਰਾਮ ਆਸਰਾ ਸੰਤੂ ਨੰਗਲ ਵਿਖੇ ਕੀਤੀ ਜਾਵੇਗੀ ਇਸ ਮੌਕੇ ਸਰਬ ਸੰਮਤੀ ਨਾਲ 20 ਮੈਂਬਰੀ ਕਮੇਟੀ ਚੁਣੀ ਗਈ ਜਿਸ ਦੇ ਪ੍ਰਧਾਨ ਰੇਸ਼ਮ ਸਿੰਘ ,ਸਕੱਤਰ ਸੰਦੀਪ ਸਿੰਘ, ਪ੍ਰੈਸ ਸਕੱਤਰ ਪਰਮਜੀਤ ਸਿੰਘ, ਮੀਤ ਪ੍ਰਧਾਨ ਜਗਤਾਰ ਸਿੰਘ ਅਤੇ ਮੀਤ ਪ੍ਰਧਾਨ ਰਣਜੀਤ ਸਿੰਘ ਚੁਣੇ ਗਏ । ਇਸ ਮੌਕੇ ਕਾਰਜ ਸਿੰਘ, ਸਤਨਾਮ ਸਿੰਘ, ਜੈਲ ਸਿੰਘ, ਗੁਰਵਿੰਦਰ ਸਿੰਘ, ਭਗਵੰਤ ਸਿੰਘ, ਸੇਵਕ ਸਿੰਘ, ਗੁਰਵਿੰਦਰ ਸਿੰਘ ਗੋਲਡੀ, ਗੁਰਦਿਆਲ ਸਿੰਘ, ਸਕੱਤਰ ਸਿੰਘ, ਹਰਿੰਦਰ ਸਿੰਘ, ਇੰਦਰਜੀਤ ਸਿੰਘ, ਰਾਜਵੀਰ ਸਿੰਘ ਅਤੇ ਜਸਪਾਲ ਸਿੰਘ ਤੇ ਹੋਰ ਕਿਸਾਨ ਹਾਜ਼ਰ ਸਨ।

## ਬਿਜਲੀ ਦੇ ਲੰਮੇ ਕੱਟਾਂ ਤੋਂ ਦੁਖੀ ਕਿਸਾਨਾਂ ਵੱਲੋਂ ਰੋਸ ਮੁਜ਼ਾਹਰਾ




ਝਬਾਲ ( ਮੱਖਣ ਮਨੋਜ )– ਇੱਕ ਪਾਸੇ ਪੰਜਾਬ ਸਰਕਾਰ ਕਿਸਾਨਾਂ ਨੂੰ 24 ਘੰਟੇ ਬਿਜਲੀ ਦੇਣ ਦੇ ਦਮਗਜ਼ੇ ਮਾਰ ਰਹੀ ਹੈ, ਦੂਜੇ ਪਾਸੇ ਜ਼ਮੀਨੀ ਹਕੀਕਤ ਇਹ ਹੈ ਕਿ ਕਿਸਾਨ ਬਿਜਲੀ ਦੀ ਉਡੀਕ 'ਚ ਅੱਤ ਦੀ ਗਰਮੀ ਵਿੱਚ ਸਾਰੀ-ਸਾਰੀ ਰਾਤ ਖੇਤਾਂ 'ਚ ਜਾਗ ਕੇ ਕੱਟਣ ਲਈ ਮਜ਼ਬੂਰ ਹਨ। ਇਸ ਸਬੰਧੀ ਇਲਾਕਾ ਬਘਿਆੜੀ, ਕੋਟ, ਦੋਦੇ ਅਤੇ ਛਾਪਾ ਦੇ ਵੱਡੀ ਗਿਣਤੀ ਕਿਸਾਨ ਕੈਪਟਨ ਸਿੰਘ ਬਘਿਆੜੀ, ਪ੍ਰਧਾਨ ਗੁਰਦਰਸ਼ਨ ਸਿੰਘ ਬਘਿਆੜੀ ਅਤੇ ਮਲਕੀਅਤ ਸਿੰਘ ਛਾਪਾ ਦੀ ਅਗਵਾਈ ਹੇਠ ਇਕੱਠੇ ਹੋਏ। ਕਿਸਾਨਾਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਸਰਕਾਰ ਦੇ ਦਾਅਵਿਆਂ ਦੇ ਉਲਟ ਖੇਤਾਂ ਨੂੰ ਬਿਜਲੀ ਨਾ ਮਿਲਣ ਕਾਰਨ ਉਨ੍ਹਾਂ ਦੇ ਝੋਨੇ ਦੀ ਫ਼ਸਲ ਪਾਣੀ ਤੋਂ ਬਿਨਾਂ ਸੁੱਕਣ ਕਿਨਾਰੇ ਆ ਗਈ ਹੈ। ਜੇਕਰ ਬਿਜਲੀ ਦੀ ਇਹੋ ਹਾਲਤ ਰਹੀ ਤਾਂ ਹਰ ਕਿਸਾਨ ਦਾ ਘੱਟੋ-ਘੱਟ 50-50 ਹਜ਼ਾਰ ਰੁਪਏ ਦਾ ਨੁਕਸਾਨ ਹੋਵੇਗਾ। ਇਸ ਮੌਕੇ ਅਜਮੇਰ ਸਿੰਘ ਕੋਟ, ਦਰਸ਼ਨ ਸਿੰਘ ਕੋਟ, ਨਿਸ਼ਾਨ ਸਿੰਘ ਛਾਪਾ, ਮਾਨਬੀਰ ਸਿੰਘ ਛਾਪਾ, ਸੁਖਵੰਤ ਸਿੰਘ ਛਾਪਾ, ਮਹਿਲ ਸਿੰਘ ਛਾਪਾ, ਬਲਦੇਵ ਸਿੰਘ ਸਰਪੰਚ ਪਿੰਡ ਛਾਪਾ, ਇਕਬਾਲ ਸਿੰਘ ਗਿੱਲ ਛਾਪਾ, ਪਰਮਜੀਤ ਸਿੰਘ ਬਘਿਆੜੀ, ਗੁਰਵਿੰਦਰ ਸਿੰਘ ਕੋਟ, ਸਵਰਨ ਸਿੰਘ ਕੋਟ, ਰਸ਼ਪਾਲ ਸਿੰਘ ਕੋਟ, ਹਰਪ੍ਰੀਤ ਸਿੰਘ ਹੈਪੀ ਦੋਦੇ, ਅੰਗਰੇਜ਼ ਸਿੰਘ ਦੋਦੇ, ਤੇਜਬੀਰ ਸਿੰਘ ਦੋਦੇ, ਸਾਬਕਾ ਸਰਪੰਚ ਮੁਖਤਾਰ ਸਿੰਘ ਦੋਦੇ, ਲੱਖਾ ਸਿੰਘ ਦੋਦੇ, ਮਨਜਿੰਦਰ ਸਿੰਘ ਛਾਪਾ ਆਦਿ ਹਾਜ਼ਰ ਸਨ

## ਸੇਂਟ ਕਬੀਰ ਪਬਲਿਕ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ



ਧਾਰੀਵਾਲ (ਮਨਦੀਪ ਵਿੱਕੀ) – ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਵਿੱਚ ਭੈਣਾਂ ਤੇ ਭਰਾਵਾਂ ਦੇ ਅਮੋਲ ਪਿਆਰ ਦਾ ਪ੍ਰਤੀਕ ਤਿਉਹਾਰ ਰੱਖੜੀ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਪ੍ਰਿੰਸੀਪਲ ਐੱਸ.ਬੀ.ਨਾਯਰ ਦੀ ਸਰਪ੍ਰਸਤੀ ਅਧੀਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦੀ ਸ਼ੁਰੂਆਤ ਛੇਵੀਂ ਜਮਾਤ ਦੇ ਵਿਦਿਆਰਥੀ ਗੁਨਾਰ ਗੌਤਮ ਦੁਆਰਾ ਰੱਖੜੀ ਦੇ ਤਿਉਹਾਰ ਦੀ ਇਤਿਹਾਸਕ ਮਹਾਨਤਾ ਦੱਸਦਿਆ ਕੀਤੀ ਗਈ। 11ਵੀਂ ਜਮਾਤ ਦੀਆਂ ਵਿਦਿਆਰਥਣਾਂ ਪੂਰਵਾ ਅਤੇ ਪਰਨੀਤ ਕੌਰ ਨੇ ਸਟੇਜੀ ਕਾਰਵਾਈ ਕਰਦਿਆਂ ਪ੍ਰੋਗਰਾਮ ਨੂੰ ਅੱਗੇ ਤੋਰਿਆ।ਇਸ ਉਪਰੰਤ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਦਿਲਖਿੱਚਵੀਂ ਅਵਾਜ਼ ਵਿੱਚ ਗਰੁੱਪ ਗੀਤਾਂ ਦੀ ਪੇਸ਼ਕਾਰੀ ਕੀਤੀ। ਇਸ ਦੇ ਨਾਲ ਹੀ ਸਕੂਲ ਵਿੱਚ ਪੜ੍ਹਦੀਆਂ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟਾਂ 'ਤੇ ਰੱਖੜੀਆ ਬੰਨ੍ਹ ਕੇ ਮੂੰਹ ਮਿੱਠਾ ਕਰਾਉਂਦੇ ਹੋਏ ਇਕ-ਦੂਜੇ ਨੂੰ ਸ਼ੁੱਭਕਾਮਨਾਵਾਂ ਦਿੱਤੀਆ। ਸਕੂਲੀ ਵਿਦਿਆਰਥਣਾਂ ਰਸ਼ਮੀਤ ਕੌਰ ਅਤੇ ਅਮਾਨਤ ਪ੍ਰੀਤ ਕੌਰ ਨੇ ਲਾਜਵਾਬ ਸ਼ਾਇਰੀ ਨਾਲ ਵਿਦਿਆਰਥੀਆਂ ਨੂੰ ਪੰਜਾਬ ਦੇ ਤਿਉਹਾਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਸਕੂਲ ਵਿੱਚ ਰੱਖੜੀ ਉਤਸਵ ਨਾਲ ਸੰਬੰਧਿਤ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਸਕੂਲ ਦੇ ਅਧਿਆਪਕ ਜਸਵੀਰ ਕੌਰ ਅਤੇ ਮੈਡਮ ਸੋਨਿਕਾ ਨੇ ਗੀਤ ਦੀ ਪੇਸ਼ਕਾਰੀ ਕਰਕੇ ਮਾਹੌਲ ਵਿੱਚ ਖੂਬ ਰੰਗ ਬੰਨ੍ਹਿਆ।

## ਮਮਤਾ ਨਿਕੇਤਨ ਸਕੂਲ ਵਿਖੇ ਸਹੁੰ ਚੁੱਕਣ ਦੀ ਰਸਮ ਮੌਕੇ ਪ੍ਰਣ ਲਿਆ



ਤਰਨਤਾਰਨ (ਪ੍ਰਿਤਪਾਲ ਸਿੰਘ)-ਹਰ ਖੇਤਰ ਵਿੱਚ ਮੋਹਰੀ ਰਹਿਣ ਵਾਲੇ ਤਰਨ ਤਾਰਨ ਦੇ ਮਮਤਾ ਨਿਕੇਤਨ ਕਾਨਵੈਂਟ ਸਕੂਲ ਵਿੱਚ ਜਿੱਥੇ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦਿੱਤਾ ਜਾਂਦਾ ਹੈ, ਉੱਥੇ ਸਵੇਰ ਦੀ ਪ੍ਰਾਰਥਨਾ ਸਭਾ ਵੇਲੇ ਸਕੂਲ ਦੇ ਪ੍ਰਿੰਸੀਪਲ ਮੈਡਮ ਗੁਰਚਰਨ ਕੌਰ ਦੀ ਨਿਗਰਾਨੀ ਅਤੇ ਅਗਵਾਈ ਹੇਠ ਸਕੂਲ ਦੇ ਕੁਸ਼ਲ ਤੇ ਹੋਣਹਾਰ ਵਿਦਿਆਰਥੀਆਂ ਵੱਲੋਂ ਆਪਣੀਆਂ ਜਿੰਮੇਵਾਰੀਆਂ ਨੂੰ ਬਾਖੂਬੀ ਨਾਲ ਨਿਭਾਉਣ ਦਾ ਪ੍ਰਣ ਕਰਦੇ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ ਗਈ। ਸਵੇਰ ਦੀ ਸਭਾ ਵਿੱਚ ਸ਼ਬਦ ਗਾਇਨ ਤੋਂ ਬਾਅਦ ਸਕੂਲ ਦੇ ਚੇਅਰਮੈਨ ਮਨਿੰਦਰ ਪਾਲ ਸਿੰਘ ਪਲਾਸੋਰ ਅਤੇ ਪ੍ਰਿੰਸੀਪਲ ਮੈਡਮ ਗੁਰਚਰਨ ਕੌਰ ਨੇ ਅਧਿਆਪਕਾਂ ਸਹਿਤ ਦੀਪ ਪ੍ਰਜਵਲਿਤ ਕਰਕੇ ਇਸ ਪ੍ਰੋਗਰਾਮ ਦਾ ਰਸਮੀ ਆਗਾਜ਼ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਮੈਡਮ ਗੁਰਚਰਨ ਕੌਰ ਦੇ ਅਨਮੋਲ ਸ਼ਬਦਾਂ ਨਾਲ ਕੀਤੀ ਗਈ। ਇਸ ਤੋਂ ਪਿੱਛੋਂ ਸਕੂਲ ਦੇ ਅਧਿਆਪਕਾਂ ਵੱਲੋਂ ਚੁਣੇ ਹੋਏ ਵਿਦਿਆਰਥੀਆਂ ਦੇ ਨਾਲ ਘੋਸ਼ਿਤ ਕੀਤੇ ਗਏ। ਬਾਰਵੀਂ ਜਮਾਤ ਦੇ ਵਿਦਿਆਰਥੀ ਦਿਲਰਾਜਪ੍ਰੀਤ ਸਿੰਘ ਨੂੰ ਮੁੱਖ ਵਿਦਿਆਰਥੀ ਅਤੇ ਖੁਸ਼ਨੂਰਪ੍ਰੀਤ ਕੌਰ ਨੂੰ ਮੁੱਖ ਵਿਦਿਆਰਥਣ ਚੁਣਿਆ ਗਿਆ। ਵਾਈਸ ਹੈੱਡ ਲੜਕਾ 10ਵੀਂ ਜਮਾਤ ਦੇ ਅਸ਼ਮਨਦੀਪ ਸਿੰਘ ਅਤੇ ਵਾਈਸ ਹੈੱਡ ਲੜਕੀ ਅਵਨੀਤ ਕੌਰ ਨੂੰ ਚੁਣਿਆ ਗਿਆ। ਬਾਕੀ ਸਾਰੇ ਸਕੂਲ ਦੇ ਵਿਦਿਆਰਥੀ ਚਾਰ ਹਾਊਸਾਂ ਵਿੱਚ ਵੰਡੇ ਗਏ- ਗੁਲਮੋਹਰ ਹਾਊਸ, ਟਿਊਲਿਪ ਹਾਊਸ, ਦਿਉਦਾਰ ਹਾਊਸ ਅਤੇ ਡੈਫੋਡਿਲ ਹਾਊਸ। ਗੁਲਮੋਹਰ ਹਾਊਸ ਦੀ ਕੈਪਟਨ 8ਵੀ ਜਮਾਤ ਦੀ ਪਲਕਦੀਪ ਕੌਰ ਅਤੇ ਵਾਈਸ ਕੈਪਟਨ ਅਰੁਣਪ੍ਰੀਤ ਸਿੰਘ, ਟਿਊਲਿਪ ਹਾਊਸ ਦੀ ਕੈਪਟਨ 8ਵੀਂ ਜਮਾਤ ਦੀ ਹਰਸੀਰਤ ਕੌਰ ਅਤੇ ਵਾਈਸ ਕੈਪਟਨ 9ਵੀਂ ਜਮਾਤ ਦੇ ਹਰਮਨਜੋਤ ਸਿੰਘ, ਦਿਉਦਾਰ ਹਾਊਸ ਦੀ ਕੈਪਟਨ 9ਵੀਂ ਜਮਾਤ ਦੀ ਤਨਕਦੀਪ ਕੌਰ ਅਤੇ ਵਾਈਸ ਕੈਪਟਨ ਸੱਤਵੀਂ ਜਮਾਤ ਦੇ ਅਭੀਜੋਤ ਸਿੰਘ ਰੰਧਾਵਾ, ਡੈਫੋਡਿਲ ਹਾਊਸ ਦੇ ਕੈਪਟਨ 10ਵੀਂ ਜਮਾਤ ਦੇ ਸਿਦਕਦੀਪ ਸਿੰਘ ਅਤੇ ਵਾਈਸ ਕੈਪਟਨ 9ਵੀਂ ਜਮਾਤ ਦੇ ਅਭੀਜੋਤ ਸਿੰਘ ਨੂੰ ਚੁਣਿਆ ਗਿਆ। ਇਸੇ ਤਰ੍ਹਾਂ ਹੀ 14 ਕੁਸ਼ਲ ਵਿਦਿਆਰਥੀ ਚੁਣੇ ਗਏ। ਜਿਨਾਂ ਨੂੰ ਪ੍ਰੀਫੈਕਟਸ ਦਾ ਖਿਤਾਬ ਦਿੱਤਾ ਗਿਆ ।

# ਕੈਬਨਿਟ ਮੰਤਰੀ ਵੱਲੋਂ 6.67 ਕਰੋੜ ਦੇ ਸਿੰਚਾਈ ਪ੍ਰਾਜੈਕਟ ਦਾ ਉਦਘਾਟਨ

**ਆਦਮਪੁਰ (ਪਰਮਜੀਤ ਸਿੰਘ)**- ਪੰਜਾਬ ਦੇ ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਹਲਕਾ ਆਦਮਪੁਰ ਦੇ ਪਿੰਡਾਂ ਨੂੰ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਉਣ



ਵਾਸਤੇ 6.67 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਗਿਆ। ਚੇਅਰਮੈਨ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦੀ ਮੌਜੂਦਗੀ ਵਿੱਚ ਪਿੰਡ ਚੂਹੜਵਾਲੀ ਵਿਖੇ ਵਿਕਾਸ ਕੰਮਾਂ ਦਾ ਉਦਘਾਟਨ ਕਰਨ ਉਪਰੰਤ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਹਲਕਾ ਆਦਮਪੁਰ ਵਿੱਚ ਬਿਸਤ ਦੁਆਬ ਨਹਿਰੀ ਸਿਸਟਮ ਅਧੀਨ 4.67 ਕਰੋੜ ਦੀ ਲਾਗਤ ਨਾਲ 20.81 ਕਿਲੋਮੀਟਰ ਲੰਬਾਈ ਵਾਲੇ ਪੱਕੇ ਖਾਲਿਆਂ ਦਾ ਕੰਮ ਮੁਕੰਮਲ ਕੀਤਾ ਗਿਆ ਹੈ ਅਤੇ 14.59 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਵਿਛਾਉਣ 'ਤੇ ਕਰੀਬ 2 ਕਰੋੜ ਰੁਪਏ ਖਰਚ ਕੀਤੇ ਗਏ ਹਨ। ਗੋਇਲ ਨੇ ਦੱਸਿਆ ਕਿ ਇਨ੍ਹਾਂ ਕੰਮਾਂ ਨਾਲ ਨਹਿਰੀ ਸਿੰਚਾਈ ਅਧੀਨ ਰਕਬਾ 1318 ਏਕੜ ਤੋਂ ਵਧ ਕੇ 3900 ਏਕੜ ਹੋ ਗਿਆ ਹੈ। ਇਸ ਤਰ੍ਹਾਂ 2582 ਏਕੜ ਵਾਧੂ ਰਕਬਾ ਨਹਿਰੀ ਪਾਣੀ ਨਾਲ ਸਿੰਚਾਈ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਯਕੀਨੀ ਬਣੇਗੀ ਅਤੇ ਕਿਸਾਨਾਂ ਨੂੰ ਵੱਡਾ ਲਾਭ ਮਿਲੇਗਾ। ਇਸ ਮੌਕੇ ਚੇਅਰਮੈਨ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ ਨੇ ਸਿੰਚਾਈ ਪ੍ਰਾਜੈਕਟ ਲਈ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਨਾਲ ਹਲਕੇ ਦੇ ਪਿੰਡਾਂ ਨੂੰ ਸਿੰਚਾਈ ਸਹੂਲਤ ਮਿਲੇਗੀ ਅਤੇ ਕਿਸਾਨਾਂ ਦੀ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ। ਇਸ ਮੌਕੇ ਐਸ.ਡੀ.ਐਮ. ਲਾਲ ਵਿਸ਼ਵਾਸ ਬੈਂਸ, ਬਲਾਕ ਸੰਮਤੀ ਚੇਅਰਮੈਨ ਦਲਜੀਤ ਸਿੰਘ ਮਿਨਹਾਸ, ਕਮਲਜੀਤ ਸਿੰਘ ਸਲਾਲਾ ਵਾਈਸ ਚੇਅਰਮੈਨ, ਹਰਜੀਤ ਸਿੰਘ ਨਿੱਝਰ ਕੋਆਰਡੀਨੇਟਰ ਕਿਸਾਨ ਵਿੰਗ, ਬਲਜੀਤ ਸਿੰਘ ਡਿਪਟੀ ਮੇਅਰ ਜਲੰਧਰ, ਜ਼ਿਲਾ ਪ੍ਰੀਸ਼ਦ ਮੈਂਬਰ ਜਸਵਿੰਦਰ ਸਿੰਘ, ਲਖਵੀਰ ਸਿੰਘ ਹਜ਼ਾਰਾ, ਪ੍ਰੀਸ਼ਦ ਮੈਂਬਰ, ਸਾਬੀ ਜਗਪੁਰ, ਬਲਜੀਤ ਸਿੰਘ ਧਾਲੀਵਾਲ, ਲਖਵੀਰ ਸਿੰਘ ਸਰਪੰਚ, ਨਗਰ ਕੌਂਸਲ ਪ੍ਰਧਾਨ ਜਗਜੀਤ ਸਿੰਘ, ਕੌਂਸਲਰ ਪਵਿੱਤਰ ਸਿੰਘ, ਕੌਂਸਲਰ ਅਮਰੀਕ ਸਿੰਘ, ਕੌਂਸਲਰ ਜਗਿੰਦਰ ਪਾਲ, ਕੌਂਸਲਰ ਬਿਕਰਮ ਬੰਧਣ, ਮੰਤਰ ਲਾਲ ਸਮੇਤ ਇਲਾਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਤੇ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# 7 ਤੋਂ ਸ਼ੁਰੂ ਹੋਣਗੀਆਂ ਬਲਾਕ ਪੱਧਰੀ ਖੇਡਾਂ, ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 20 ਤੋਂ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ



ਨੂੰ ਪ੍ਰਫੁੱਲਤ ਕਰਨ ਦੇ ਮੰਤਵ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹੇ ਵਿੱਚ 7 ਸਤੰਬਰ ਤੋਂ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਬਲਾਕ ਪੱਧਰੀ ਖੇਡ ਮੁਕਾਬਲੇ 7 ਸਤੰਬਰ ਤੋਂ 12 ਸਤੰਬਰ ਤੱਕ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਕਬੱਡੀ, ਐਥਲੈਟਿਕਸ, ਖੋ-ਖੋ, ਵਾਲੀਬਾਲ, ਫੁੱਟਬਾਲ ਦੇ ਮੁਕਾਬਲੇ ਹੋਣਗੇ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 20 ਤੋਂ 30 ਸਤੰਬਰ ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੌਰਾਨ ਕਬੱਡੀ, ਐਥਲੈਟਿਕਸ, ਖੋ-ਖੋ, ਵਾਲੀਬਾਲ, ਫੁੱਟਬਾਲ, ਬਾਸਕਿਟਬਾਲ, ਜਿਮਨਾਸਟਿਕ, ਟੈਨਿਸ, ਟੇਬਲ ਟੈਨਿਸ, ਬੈਡਮਿੰਟਨ, ਜੂਡੋ, ਸ਼ੂਟਿੰਗ ਸਮੇਤ 28 ਖੇਡਾਂ ਦੇ ਮੁਕਾਬਲੇ ਹੋਣਗੇ। ਵਾਲੀਆ ਨੇ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਖਿਡਾਰੀ ਭਾਗ ਲੈ ਸਕਦੇ ਹਨ, ਜਿਸ ਦੇ ਲਈ ਵਿਭਾਗ ਦੇ ਪੋਰਟਲ https://sports.punjab.gov.in/login 'ਤੇ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਖੇਡ ਵਾਲੇ ਦਿਨ ਵੀ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਖੇਡ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਨਸ਼ਾ ਰੋਕਣ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਮੋਹਤਬਰਾਂ ਨੇ ਕੀਤੀ ਇਕੱਤਰਤਾ



**ਸ਼ਾਹਕੋਟ (ਅਮਨਦੀਪ ਸੈਦਪੁਰੀ)** ਨੇੜਲੇ ਪਿੰਡ ਸੈਦਪੁਰ ਝਿੜੀ ਦੀ ਗ੍ਰਾਮ ਪੰਚਾਇਤ, ਮੋਹਤਬਰ ਵਿਅਕਤੀਆਂ ਅਤੇ ਪਿੰਡ ਦੇ ਆਮ ਨਾਗਰਿਕਾਂ ਦੀ ਵੀਰਵਾਰ ਨੂੰ ਇਕੱਤਰਤਾ ਹੋਈ। ਇਹ ਇਕੱਤਰਤਾ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਕੀਤੀ ਗਈ। ਇਕੱਠ ਵਿੱਚ ਪਿੰਡ ਸੈਦਪੁਰ ਝਿੜੀ ਦੇ ਗਲਤ ਅਨਸਰਾਂ ਵੱਲੋਂ ਨਸ਼ਾ ਵੇਚਣ ਅਤੇ ਆਪਣੇ ਘਰਾਂ ਵਿੱਚ ਬਿਠਾ ਕੇ ਨਸ਼ਾ ਕਰਵਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਨ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। [illegible] ਕਰਨਾ ਵਾਲਾ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਪਿੰਡ ਦੀ ਪੰਚਾਇਤ, ਨਸ਼ਾ ਰੋਕੂ ਕਮੇਟੀ ਦੇ ਹੋਰਨਾਂ ਵੱਲੋਂ ਉਸ ਵਿਅਕਤੀ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਤਰਸੇਮ ਸਿੰਘ ਧੰਜੂ ਸਰਪੰਚ, [illegible] ਆਦਿ ਹਾਜ਼ਰ ਸਨ।

# ਇੰਡੋ-ਨੇਪਾਲ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਕਰਵਾਈ

**ਬੰਗਾ (ਅਵਤਾਰ ਕਲੇਰ)**- ਬੀਤੇ ਦਿਨੀ ਐਸ ਐਨ ਕਾਲਜ ਬੰਗਾ ਵਿਖੇ 9 ਵੀਂ ਇੰਡੋ ਨੇਪਾਲ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ-2026 ਕਰਵਾਈ ਗਈ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਮਾਰਸ਼ਲ ਆਰਟ ਕੋਚ ਰਾਜਵੀਰ ਸਿੰਘ ਕੋਚ ਨੇ ਦੱਸਿਆ ਕਿ ਇਸ ਟੂਰਨਾਮੈਂਟ



ਵਿੱਚ ਨੇਪਾਲ, ਭੂਟਾਨ, ਮਲੇਸ਼ੀਆ ਦੇਸ਼ਾਂ ਤੋਂ ਇਲਾਵਾ ਵੱਖ-ਵੱਖ ਸੂਬਿਆਂ ਮਹਾਰਾਸ਼ਟਰ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਹਰਿਆਣਾ, ਰਾਜਸਥਾਨ ਦੇ ਕਰੀਬ 500 ਤੋਂ ਵੱਧ ਕਰਾਟੇ ਖਿਡਾਰੀਆਂ ਨੇ ਭਾਗ ਲਿਆ। ਉਹਨਾਂ ਦੱਸਿਆ ਕਿ ਸਾਡਾ ਟੂਰਨਾਮੈਂਟ ਕਰਾਉਣ ਦਾ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੈ ਤਾਂ ਜੋ ਅੱਜ ਕੱਲ ਦੀ ਨੌਜਵਾਨ ਪੀੜੀ ਨਸ਼ਿਆਂ ਤੋਂ ਦੂਰ ਰਹਿ ਸਕੇ ਅਤੇ ਤੰਦਰੁਸਤ ਜੀਵਨ ਜੀ ਸਕੇ। ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜ਼ਾ ਸ਼ਰੀਫ਼ ਮੰਢਾਲੀ ਅਤੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਟੂਰਨਾਮੈਂਟ ਦੇ ਪ੍ਰਬੰਧਕ ਕਮੇਟੀ ਨੂੰ ਵਧੀਆ ਤਰੀਕੇ ਨਾਲ ਟੂਰਨਾਮੈਂਟ ਦਾ ਪ੍ਰਬੰਧ ਕਰਨ ਲਈ ਮੁਬਾਰਕਾਂ ਦਿੱਤੀਆਂ। ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਮੈਂਬਰ ਡਾ. ਹਰੀ ਕ੍ਰਿਸ਼ਨ ਨੇ ਦੱਸਿਆ ਕਿ ਕਮੇਟੀ ਵੱਲੋਂ ਤਿੰਨ ਦਿਨ ਤੱਕ ਟੀਮਾਂ ਦੇ ਰਹਿਣ ਦਾ ਖਾਣ ਪੀਣ ਦਾ ਵਧੀਆ ਤਰੀਕੇ ਨਾਲ ਪ੍ਰਬੰਧ ਕੀਤਾ ਗਿਆ। ਟੂਰਨਾਮੈਂਟ ਵਿੱਚ ਖਾਸ ਤੌਰ ਤੇ ਨਿਊਜ਼ੀਲੈਂਡ ਤੋਂ ਪਹੁੰਚੇ ਬਹਾਦਰ ਸਿੰਘ ਮਾਨ ਨੇ ਕਿਹਾ ਕਿ ਬੰਗਾ ਸ਼ਹਿਰ ਦੇ ਵਿੱਚ ਇੰਟਰਨੈਸ਼ਨਲ ਲੈਵਲ ਦਾ ਕਰਾਟੇ ਟੂਰਨਾਮੈਂਟ ਕਰਾਉਣਾ ਇਲਾਕੇ ਵਾਸਤੇ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ, ਪੰਡਿਤ ਮਨੀਸ਼ ਵਾਸੁਦੇਵ, ਡਾ ਮਨਦੀਪ ਸਿੰਘ, ਬਾਬਾ ਦਵਿੰਦਰ ਕੌੜਾ, ਇੰਟਰਨੈਸ਼ਨਲ ਵੇਟ ਲਿਫਟਰ ਐਸ ਕੇ ਚੌਹਾਨ, ਕੁਲਵਿੰਦਰ ਸਿੰਘ ਭਾਰਟਾ, ਐੱਸ ਐੱਚ ਓ ਦਵਿੰਦਰ ਕੁਮਾਰ, ਸਤੀਸ਼ ਕੁਮਾਰ ਸੋਨੀ, ਸੁਦੇਸ਼ ਕੁਮਾਰ, ਅਜੇ ਸਿੱਧੂ, ਰਵਿੰਦਰ ਸਿੰਘ, ਗੋਬਿੰਦ ਰਾਮ ਆਦਿ ਹਾਜ਼ਰ ਸਨ।

# ਰੁੱਖਾਂ ਨੂੰ ਰੱਖੜੀਆਂ ਬੰਨ੍ਹ ਕੇ ਦਿੱਤਾ ਵਾਤਾਵਰਣ ਸੰਭਾਲ ਦਾ ਸੰਦੇਸ਼

**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਬ੍ਰਾਂਚਾਂ ਵਿੱਚ ਰੱਖੜੀ ਦਾ ਤਿਉਹਾਰ ਪਿਆਰ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਨੂੰ ਸਮਝਦਿਆਂ ਭਾਈਚਾਰੇ, ਪਿਆਰ, ਸੁਰੱਖਿਆ ਅਤੇ ਜ਼ਿੰਮੇਵਾਰੀ ਦਾ ਸੁਨੇਹਾ ਦਿੱਤਾ। ਇਸ ਮੌਕੇ ਇੱਕ ਵਿਲੱਖਣ ਅਤੇ ਸ਼ਲਾਘਾਯੋਗ ਪਹਿਲਕਦਮੀ ਤਹਿਤ ਵਿਦਿਆਰਥੀਆਂ ਨੇ ਰੁੱਖਾਂ ਨੂੰ ਵੀ ਰੱਖੜੀਆਂ ਬੰਨ੍ਹੀਆਂ। ਵਿਦਿਆਰਥੀਆਂ ਨੇ ਕੁਦਰਤ ਪ੍ਰਤੀ ਆਪਣਾ ਪਿਆਰ ਅਤੇ ਇਸ ਦੀ ਸੁਰੱਖਿਆ ਦਾ ਸੰਕਲਪ ਪ੍ਰਗਟ ਕੀਤਾ।



ਵਿਦਿਆਰਥੀਆਂ ਨੇ ਦੱਸਿਆ ਕਿ ਰੁੱਖ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ, ਜੋ ਸਾਨੂੰ ਆਕਸੀਜਨ, ਛਾਂ ਅਤੇ ਜੀਵਨ ਲਈ ਜ਼ਰੂਰੀ ਵਾਤਾਵਰਣ ਪ੍ਰਦਾਨ ਕਰਦੇ ਹਨ। ਇਸ ਮੌਕੇ ਗਰੁੱਪ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਸੰਦੇਸ਼ ਦਿੰਦਿਆਂ ਕਿਹਾ ਕਿ ਰੱਖੜੀ ਸਿਰਫ਼ ਇੱਕ ਧਾਗਾ ਬੰਨ੍ਹਣ ਦਾ ਤਿਉਹਾਰ ਨਹੀਂ, ਸਗੋਂ ਇਹ ਸਾਨੂੰ ਆਪਣੇ ਪਿਆਰਿਆਂ ਅਤੇ ਕੁਦਰਤ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਪਰਿਵਾਰ, ਸਮਾਜ ਅਤੇ ਵਾਤਾਵਰਣ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ।

# ਰੱਸਾਕਸ਼ੀ ਟੀਮ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੀਆਂ ਲੜਕੀਆਂ ਦੀ ਰੱਸਾਕਸ਼ੀ ਟੀਮ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਹੋਏ ਸਕੂਲ ਰੱਸਾਕਸ਼ੀ ਮੁਕਾਬਲੇ (ਅੰਡਰ 14 ਸਾਲ) ਵਿੱਚ ਪਹਿਲਾ ਸਥਾਨ ਰੱਸਾਕਸ਼ੀ ਮੁਕਾਬਲਿਆਂ ਵਿੱਚ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੀ ਲੜਕੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ। ਢਾਹਾਂ ਨੇ ਸ਼ਾਨਦਾਰ ਪ੍ਰਾਪਤੀ ਲਈ ਸਮੂਹ ਜੇਤੂ ਖਿਡਾਰਨਾਂ ਸਹਜ਼ਦੀਪ ਕੌਰ (ਕੈਪਟਨ), ਈਸ਼ਪ੍ਰੀਤ ਕੌਰ, ਬਲੇਸ਼ ਕਟਾਰੀਆ, ਗੁਰਕੀਰਤ ਕੌਰ, ਅਗਮ ਕੌਰ, ਰਤਿਕਾ ਕੌਰ, ਰੀਆ, ਮਨਜੋਤ ਕੌਰ, ਲਵਲੀਨ, ਸੁਮਨ,



ਹਾਸਲ ਕਰਕੇ ਜ਼ਿਲ੍ਹਾ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।ਜੇਤੂ ਟੀਮ ਦਾ ਢਾਹਾਂ ਕਲੇਰਾਂ ਵਿਖੇ ਪਹੁੰਚਣ 'ਤੇ ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਆਪਣੇ ਸਾਥੀ ਟਰੱਸਟੀਆਂ ਨਾਲ ਜੇਤੂ ਖਿਡਾਰਨਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ। ਢਾਹਾਂ ਨੇ ਦੱਸਿਆ ਕਿ ਨਵਾਂਸ਼ਹਿਰ ਵਿਖੇ ਹੋਏ ਜ਼ਿਲ੍ਹਾ ਪੱਧਰੀ ਜਮਨੀਤ ਕੌਰ, ਪ੍ਰਤੀਕ ਕੌਰ, ਨਵਲੀਨ ਕੌਰ, ਉਨ੍ਹਾਂ ਦੇ ਮਾਪਿਆਂ, ਕੋਚ ਸਾਹਿਬਾਨ ਅਤੇ ਸਕੂਲ ਦੀ ਪ੍ਰਿੰਸੀਪਲ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜਗਜੀਤ ਸਿੰਘ ਸੋਢੀ, ਦਵਿੰਦਰ ਸਿੰਘ ਢਿੱਲੋਂ, ਕਮਲਜੀਤ ਸਿੰਘ ਸੋਢੀ ਬੰਗਾ, ਜੋਗਿੰਦਰ ਸਿੰਘ ਕਲਸੀ ਨੈਸ਼ਨਲ ਕੋਚ, ਜਸਵੀਰ ਕੌਰ, ਕੁਲਜੀਤ ਸਿੰਘ, ਕੋਮਲ (ਸਾਰੇ ਖੇਡ ਅਧਿਆਪਕ) ਵੀ ਹਾਜ਼ਰ ਸਨ।

# ਰੱਖੜੀ ਮੇਕਿੰਗ ਮੁਕਾਬਲੇ ਕਰਵਾਏ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੱਟੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੱਖੜੀ ਦੇ ਤਿਉਹਾਰ ਦੇ ਸੰਬੰਧ ਵਿੱਚ ਰੱਖੜੀ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਵੱਖ-ਵੱਖ ਤਰ੍ਹਾਂ ਦੀਆਂ ਰੰਗ-ਬਿਰੰਗੀਆਂ ਅਤੇ ਆਕਰਸ਼ਕ ਰੱਖੜੀਆਂ ਤਿਆਰ ਕੀਤੀਆਂ। ਇਸ ਮੌਕੇ ਵਧੀਆ ਰੱਖੜੀਆਂ ਬਣਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਵਿੱਚ ਹੋਣ ਵਾਲੀ ਹਰੇਕ ਐਕਟੀਵਿਟੀ ਵਿੱਚ ਵੱਧ ਚੜ ਕੇ ਭਾਗ ਲੈਣ ਲਈ ਪ੍ਰੇਰਿਆ ਗਿਆ। ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ



ਜਾਣਕਾਰੀ ਦਿੰਦਿਆਂ ਦੱਸਿਆ ਕਿ ਰੱਖੜੀ ਭੈਣ-ਭਰਾ ਦੇ ਪਿਆਰ, ਸਨੇਹ ਅਤੇ ਆਪਸੀ ਸਤਿਕਾਰ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਪਸੀ ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਵੀ ਪੈਦਾ ਕਰਦੇ ਹਨ।ਇਸ ਮੌਕੇ ਸਤਿੰਦਰ ਕੌਰ, ਜਸਪ੍ਰੀਤ ਕੌਰ, ਨਰਿੰਦਰ ਕੌਰ, ਕੰਵਲਜੀਤ ਕੌਰ, ਰਜਿੰਦਰ ਕੌਰ, ਸਪਨਾ ਰਾਣੀ, ਸ਼ਾਂਤੀ ਦੇਵੀ, ਦੀਪਾਂਜਲੀ ਸ਼ਰਮਾ, ਡੇਜੀ ਗੌਤਮ, ਬਲਦੀਪ ਕੌਰ, ਅਮਰਜੀਤ ਕੌਰ, ਕਰਮਜੀਤ ਕੌਰ, ਹਰਜਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

# ਕਾਂਗਰਸ ਤੇ 'ਆਪ' ਛੱਡ ਕੇ ਅਕਾਲੀ ਦਲ 'ਚ ਹੋਏ ਸ਼ਾਮਲ

**ਲਾਲੜੂ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਹਲਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਨੇੜਲੇ ਪਿੰਡ ਖੇਲਣ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ



ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕੀਤਾ। ਪ੍ਰੋਗਰਾਮ ਦੌਰਾਨ ਮੌਜੂਦਾ ਪੰਚਾਇਤ ਮੈਂਬਰ ਰਮੇਸ਼ ਕੁਮਾਰ ਰਾਣਾ ਨੇ ਆਪਣੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ ਛੱਡਣ ਦਾ ਐਲਾਨ ਕੀਤਾ ਅਤੇ ਅਨਿਲ ਕੁਮਾਰ ਰਾਣਾ ਨੇ ਆਪਣੇ ਸਮਰਥਕਾਂ ਸਮੇਤ ਕਾਂਗਰਸ ਛੱਡਣ ਦਾ ਐਲਾਨ ਕੀਤਾ।ਇਸ ਮੌਕੇ ਅਕਾਲੀ ਆਗੂ ਕ੍ਰਿਸ਼ਨ ਪਾਲ ਸ਼ਰਮਾ, ਸਰਕਲ ਪ੍ਰਧਾਨ ਬ੍ਰਿਜੇਸ਼ ਰਾਣਾ, ਓ.ਪੀ. ਸ਼ਰਮਾ ਹੰਡੇਸਰਾ, ਸਾਬਕਾ ਸਰਪੰਚ ਰਵਿੰਦਰ ਰਾਣਾ, ਅਜਾਇਬ ਸਿੰਘ ਅੰਟਾਲਾ, ਵਿਕਾਸ ਸਿੰਘ, ਰਾਜਕੁਮਾਰ, ਜਲ ਸਿੰਘ ਖੇਲਣ, ਗੁਰਪ੍ਰੀਤ ਸਿੰਘ ਰਾਣੀਮਾਜਰਾ, ਜਸਬੀਰ ਸਿੰਘ, ਸਾਬਕਾ ਸਰਪੰਚ, ਗੁਰਦੀਪ ਸਿੰਘ ਜੌਲਾ ਸਮੇਤ ਕਈ ਪਤਵੰਤੇ ਮੌਜੂਦ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਮੂਹਿਕ ਛੁੱਟੀਆਂ ਲੈ ਕੇ ਰੋਹ ਭਰਪੂਰ ਪ੍ਰਦਰਸ਼ਨ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ ਹੱਕੀ ਤੇ ਜਾਇਜ ਮੰਗਾਂ ਤੋਂ ਪੰਜਾਬ ਸਰਕਾਰ ਵਲੋਂ



ਮੁਕਰਨ ਅਤੇ ਪੰਜਾਬ ਦੇ ਮੁਲਾਜ਼ਮਾ ਦੇ ਸਕੇਲਾਂ ਭਤਿਆ ਵਾਰੇ ਗੁਮਰਾਹਕੁੰਨ ਪ੍ਰਚਾਰ ਖਿਲਾਫ ਅਤੇ ਮਾਣ ਭੱਤਿਆ 'ਤੇ ਕੰਮ ਕਰ ਰਹੀਆ ਮਿਡ ਡੇਅ ਮੀਲ ਵਰਕਰਾਂ, ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਕੰਪਿਊਟਰ ਅਧਿਆਪਕਾਂ ਕੱਚੇ ਅਧਿਆਪਕਾਂ ਅਤੇ ਪੈਨਸ਼ਨਰਾਂ ਦੀਆਂ ਅਹਿਮ ਮੰਗਾਂ ਨੂੰ ਪਿਛਲੇ ਪੰਜ ਸਾਲਾਂ ਤੋ ਨਾ ਵਿਚਾਰਨ 'ਤੇ ਪੂਰੇ ਪੰਜਾਬ ਵਿੱਚ ਬਲਾਕ ਤਹਿਸੀਲ ਪੱਧਰਾਂ ਤੇ ਸਮੂਹਕ ਛੁੱਟੀ ਲੈ ਕੇ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਸੱਦੇ ਤਹਿਤ ਗੜ੍ਹਸ਼ੰਕਰ ਤਹਿਸੀਲ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਸਥਾਨਕ ਗਾਂਧੀ ਪਾਰਕ ਵਿਖੇ ਰੋਹ ਭਰਪੂਰ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਰੋਹ ਭਰਪੂਰ ਪ੍ਰਦਰਸ਼ਨ ਮਾਰਚ ਕੀਤਾ ਗਿਆ। ਇਸ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਹੋਇਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਮੁਕੇਸ਼ ਕੁਮਾਰ, ਸ਼ਾਮ ਸ਼ੁੰਦਰ,ਵਿਨੇ ਕੁਮਾਰ, ਸੰਦੀਪ ਗਿੱਲ, ਬਲਕਾਰ ਸਿੰਘ ਮਘਾਣੀਆ,ਬਲਵੰਤ ਰਾਮ, ਵਿਨੋਦ ਕੁਮਾਰ, ਨਰੇਸ਼ ਕੁਮਾਰ, ਇੰਦਰਜੀਤ ਕੌਰ, ਗੁਰਬਖਸ਼ ਕੌਰ, ਗੀਤਾਂਜਲੀ, ਹੰਸ ਰਾਜ ਗੜ੍ਹਸ਼ੰਕਰ ਨੇ ਕਿਹਾ ਕਿ ਸਰਕਾਰ ਵੱਲੋਂ ਮਾਨ ਭੱਤੇ ਤੇ ਕੰਮ ਕਰ ਰਹੀਆਂ ਮਿਡ ਡੇ ਮੀਲ ਵਰਕਰਾਂ ਆਸ਼ਾ ਵਰਕਰਾਂ ਅਤੇ ਆਂਗਣ ਵਾਲੀ ਵਰਕਰਾਂ ਨੂੰ ਬਿਲਕੁਲ ਲਗਾਤਾਰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਮੋਰਚੇ ਦੇ ਆਗੂਆਂ ਜਰਨੈਲ ਸਿੰਘ, ਮਨਜੀਤ ਸਿੰਘ ਬੰਗਾ, ਰਾਜ ਕੁਮਾਰ, ਪਰਮਿੰਦਰ ਪੱਖੋਵਾਲ ਜਗਦੀਪ ਸਿੰਘ, ਸੱਤਪਾਲ ਕਲੇਰ, ਪਵਨ ਗੋਇਲ, ਜੀਤ ਸਿੰਘ ਬਗਵਾਈ, ਪਰਮਾ ਨੰਦ, ਸ਼ਿੰਗਾਰਾ ਰਾਮ, ਗੋਪੀ ਰਾਮ ਨੇ ਆਖਿਆ ਕਿ ਤਨਖਾਹ ਕਮਿਸ਼ਨ ਦੇ 5 ਸਾਲ 6 ਮਹੀਨੇ ਦੇ ਬਕਾਏ ਯਕਮੁਸ਼ਤ ਅਦਾ ਕਰਨ ਦੀ ਬਜਾਏ 42 ਅਤੇ 36 ਮਹੀਨਿਆਂ ਵਿੱਚ ਦੇਣ ਦੀ ਖੋਖਲੀ ਨੀਤੀ ਅਪਣਾਈ ਜਾ ਰਹੀ ਹੈ, ਕੇਂਦਰ ਨਾਲੋਂ 18 ਪ੍ਰਤੀਸ਼ਤ ਮਹਿਗਾਈ ਭੱਤਾ ਘੱਟ ਦੇ ਕੇ ਇਸ ਨੂੰ ਡੀ-ਲਿੰਕ ਕੀਤਾ ਜਾ ਰਿਹਾ ਹੈ।

# ਮੈਕਸ ਹਸਪਤਾਲ ਨੇ 17 ਮਹੀਨਿਆਂ ਦੇ ਬੱਚੇ ਨੂੰ ਦਿੱਤੀ ਨਵੀਂ ਜ਼ਿੰਦਗੀ

**ਮੋਹਾਲੀ (ਗੁਰਜੀਤ ਬਿੱਲਾ)** ਹਾਲ ਹੀ ਵਿੱਚ ਫ਼ਤਿਹਗੜ੍ਹ ਸਾਹਿਬ ਦੇ 17 ਮਹੀਨਿਆਂ ਦੇ ਬੱਚੇ, ਓਮਾਂਸ਼ ਵਸ਼ਿਸ਼ਠ ਨੂੰ ਮੈਕਸ ਹਸਪਤਾਲ ਮੋਹਾਲੀ ਵਿੱਚ ਇੱਕ ਦੁਰਲੱਭ ਆਟੋਇਮਿਊਨ ਬੀਮਾਰੀ ਦਾ ਸਫਲ ਇਲਾਜ ਮਿਲਣ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ ਹੈ।ਸ਼ੁਰੂਆਤ ਵਿੱਚ ਗੰਭੀਰ ਇਨਫੈਕਸ਼ਨ ਦੇ ਲੱਛਣ ਦਿਖਾਈ ਦੇਣ ਤੇ ਬੱਚੇ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਉਸ ਵਿੱਚ 'ਵਾਰਮ ਆਟੋਇਮਿਊਨ ਹੈਮੋਲਾਈਟਿਕ ਐਨੀਮੀਆ' (ਏ ਆਈ ਐੱਚ ਏ) ਨਾਮਕ ਇੱਕ ਦੁਰਲੱਭ ਆਟੋਇਮਿਊਨ ਖੂਨ ਦੇ ਵਿਕਾਰ ਦਾ ਪਤਾ ਲੱਗਿਆ।ਬੱਚੇ ਨੂੰ 10 ਦਿਨਾਂ ਤੋਂ ਖੂਨੀ ਦਸਤ ਅਤੇ 5 ਦਿਨਾਂ ਤੋਂ ਤੇਜ਼ ਬੁਖਾਰ ਤੋਂ ਪੀੜਤ ਹੋਣ ਤੋਂ ਬਾਅਦ ਮੈਕਸ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਹਸਪਤਾਲ ਪਹੁੰਚਣ ਸਮੇਂ ਉਹ ਬਹੁਤ ਪੀਲਾ, ਡੀਹਾਈਡ੍ਰੇਟਿਡ ਸੀ ਅਤੇ ਉਸ ਨੂੰ ਪੀਲੀਆ ਸੀ। ਉਸ ਦਾ ਹੀਮੋਗਲੋਬਿਨ ਪੱਧਰ ਚਿੰਤਾਜਨਕ ਰੂਪ ਵਿੱਚ ਘੱਟ ਸੀ, ਜਿਸ ਲਈ ਤੁਰੰਤ ਡਾਕਟਰੀ ਦੇਖਭਾਲ ਦੀ ਲੋੜ ਸੀ। ਉਸਦੇ ਸਾਰੇ ਸ਼ੁਰੂਆਤੀ ਲੱਛਣ ਗੰਭੀਰ ਆਂਦਰਾਂ ਦੇ ਸੰਕਰਮਣ ਵੱਲ ਇਸ਼ਾਰਾ ਕਰ ਰਹੇ ਸਨ। ਵਿਸਤ੍ਰਿਤ ਮੁਲਾਂਕਣ ਤੋਂ ਬਾਅਦ, ਬਾਲ ਰੋਗ ਵਿਭਾਗ ਦੇ ਪ੍ਰਿੰਸੀਪਲ ਕੰਸਲਟੈਂਟ ਡਾ. ਮਨੂ ਸ਼ਰਮਾ ਦੀ ਅਗਵਾਈ ਹੇਠ ਬਾਲ ਰੋਗ ਮਾਹਿਰਾਂ ਦੀ ਟੀਮ ਨੇ ਬੱਚੇ ਵਿੱਚ ਏ ਆਈ ਐੱਚ ਏ ਦੀ ਪਛਾਣ ਕੀਤੀ। ਇਹ ਇੱਕ ਦੁਰਲੱਭ ਸਥਿਤੀ ਹੈ, ਜਿਸ ਬਾਰੇ ਅਨੁਮਾਨ ਹੈ ਕਿ ਇਹ ਹਰ ਸਾਲ 20 ਸਾਲ ਤੋਂ ਘੱਟ ਉਮਰ ਦੇ ਪ੍ਰਤੀ 10 ਲੱਖ ਬੱਚਿਆਂ ਵਿੱਚੋਂ ਲਗਭਗ 2 ਨੂੰ ਪ੍ਰਭਾਵਿਤ ਕਰਦੀ ਹੈ। ਇਸ ਬੀਮਾਰੀ ਵਿੱਚ ਸਰੀਰ ਦੀ ਇਮਿਊਨ ਸਿਸਟਮ ਗਲਤੀ ਨਾਲ ਆਪਣੀਆਂ ਹੀ ਲਾਲ ਖੂਨ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲੱਗਦੀ ਹੈ।ਬੱਚੇ ਨੂੰ ਤੁਰੰਤ ਬਲੱਡ ਟ੍ਰਾਂਸਫਿਊਜ਼ਨ , ਐਂਟੀਬਾਇਓਟਿਕਸ ਅਤੇ ਅਸਧਾਰਨ ਪ੍ਰਤੀਰੋਧਕ ਪ੍ਰਤੀਕਿਰਿਆ ਨੂੰ ਕੰਟਰੋਲ ਕਰਨ ਵਾਲੀਆਂ ਦਵਾਈਆਂ ਦਿੱਤੀਆਂ ਜਾਣ ਲੱਗੀਆਂ। ਇਲਾਜ ਦੇ ਦੌਰਾਨ ਉਸਨੂੰ ਚਾਰ ਵਾਰ ਖੂਨ ਚੜ੍ਹਾਇਆ ਗਿਆ ਅਤੇ ਉਸਦੇ ਹੀਮੋਗਲੋਬਿਨ ਦੇ ਪੱਧਰ ਵਿੱਚ ਹੌਲੀ-ਹੌਲੀ ਸੁਧਾਰ ਹੋਇਆ।ਬੱਚਾ ਚੰਗੀ ਤਰ੍ਹਾਂ ਠੀਕ ਹੋ ਗਿਆ, ਆਮ ਗਤੀਵਿਧੀਆਂ ਵਿੱਚ ਵਾਪਸ ਆ ਗਿਆ ਅਤੇ ਅੱਠ ਦਿਨਾਂ ਤੱਕ ਹਸਪਤਾਲ ਵਿੱਚ ਰਹਿਣ ਤੋਂ ਬਾਅਦ ਸਥਿਰ ਸਥਿਤੀ ਵਿੱਚ ਉਸਨੂੰ ਛੁੱਟੀ ਦੇ ਦਿੱਤੀ ਗਈ।

# ਦਿੱਲੀ ਰੈਲੀ ਦੀ ਤਿਆਰੀ ਜ਼ੋਰਾਂ ਨਾਲ ਕੀਤੀ ਜਾਵੇਗੀ : ਚੋਲਟਾ

**ਖਰੜ (ਹਰਨਾਮ ਡੱਲਾ)**- ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਖਰੜ ਦੀ ਮੀਟਿੰਗ ਸਰਿੰਦਰ ਸਿੰਘ ਚੰਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਦਿੱਲੀ ਦੀ ਬੀ ਜੇ ਪੀ ਫਾਸ਼ੀਵਾਦੀ ਸਰਕਾਰ ਦੇ ਖਿਲਾਫ ਪਹਿਲੀ



ਸਤੰਬਰ ਨੂੰ ਦਿੱਲੀ ਵਿਖੇ ਹੋਣ ਜਾ ਰਹੀ ਰੈਲੀ ਵਿੱਚ ਸਾਮਿਲ ਹੋਣ ਦੀ ਤਿਆਰੀ ਸਬੰਧੀ ਵਿਚਾਰਾ ਕੀਤੀਆ ਗਈਆਂ। ਇਸ ਤੋਂ ਇਲਾਵਾ ਡਾਕਟਰ ਸੁਖਦੇਵ ਸਿੰਘ ਸਿਰਸਾ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੈਨੇਟ ਚੋਣ ਲੜਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਕਾਮਰੇਡ ਕੀਰਤ ਸਿੰਘ ਨੇ ਪਾਰਟੀ ਦੀ ਮੈਂਬਰਸ਼ਿਪ ਵਧਾਉਣ ਲਈ ਅਪੀਲ ਕੀਤੀ।

ਜਲਦ ਹੀ ਪਾਰਟੀ ਦੀ ਮੈਂਬਰਸ਼ਿਪ ਵਿੱਚ ਵਾਧਾ ਕੀਤਾ ਜਾਵੇਗਾ। ਤਹਿਸੀਲ ਸਕੱਤਰ ਕਾਮਰੇਡ ਹਰਮੇਲ ਸਿੰਘ ਚੋਲਟਾ ਨੇ ਰਾਜਨੀਤਕ ਹਾਲਾਤ ਤੇ ਬੋਲਦਿਆਂ ਕਿਹਾ ਕਿ ਪਿੰਡਾਂ ਦੇ ਲੋਕ ਅੱਜ ਵੀ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਲਾਮਬੰਦੀ ਨਾਲ ਜੋੜ ਕੇ ਜਨਤਕ ਮੁਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕ ਲਹਿਰ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਭਾਰਤੀ ਕਮਿਊਨਿਸਟ ਪਾਰਟੀ ਲੋਕਾਂ ਦੇ ਹਰ ਸੰਘਰਸ਼ ਵਿੱਚ ਸਾਥ ਦੇਵੇਗੀ ਅਤੇ ਮੋਹਰੀ ਭੂਮਿਕਾ ਨਿਭਾਏਗੀ।

ਮੀਟਿੰਗ ਵਿਚ ਹਾਜਰ ਕੀਰਤ ਸਿੰਘ, ਗੁਰਮੀਤ ਸਿੰਘ ਨਵਾਂ ਸ਼ਹਿਰ, ਰਾਮ ਸਿੰਘ, ਨਰਿੰਦਰਪਾਲ ਸਿੰਘ ਜੰਡਪੁਰੀ, ਭੁਪਿੰਦਰ ਸਿੰਘ ਮਾਵੀ, ਸਤਪਾਲ ਸਿੰਘ, ਹਰਮੇਲ ਸਿੰਘ ਚੋਲਟਾ ਅਦਿ ਹਾਜ਼ਰ ਸਨ।

# ਪੰਜਾਬ ਫਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ (ਰਜਿ.) ਨੇ ਮਨਾਇਆ ਸਥਾਪਨਾ ਦਿਵਸ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬ ਫਿਲਮ ਐਂਡ ਟੀ.ਵੀ. ਐਕਟਰਜ਼ ਐਸੋਸੀਏਸ਼ਨ (ਰਜਿ.) ਵੱਲੋਂ ਸਥਾਪਨਾ ਦਿਵਸ ਮੋਹਾਲੀ ਦੇ ਰਤਨ ਪ੍ਰੋਫੈਸ਼ਨਲ ਐਜੂਕੇਸ਼ਨ ਕਾਲਜ ਸੁਹਾਣਾ ਵਿਖੇ ਮਨਾਇਆ ਗਿਆ, ਜਿਸ ਵਿੱਚ 'ਅਜੋਕੇ ਸਮੇਂ ਵਿੱਚ ਸੰਸਥਾਵਾਂ ਦੀ ਅਹਿਮੀਅਤ ਅਤੇ ਭੂਮਿਕਾ' ਵਿਸ਼ੇ 'ਤੇ ਵਿਚਾਰ ਚਰਚਾ ਕਰਵਾਈ ਗਈ। ਇਸ ਵਿਚਾਰ ਚਰਚਾ ਵਿੱਚ ਵਾਰਤਾਕਾਰ ਵਜੋਂ ਡਾ. ਕੁਲਦੀਪ ਸਿੰਘ,



ਰਿਸਰਚ ਫੈਕਲਟੀ ਆਈ.ਡੀ.ਸੀ. ਚੰਡੀਗੜ੍ਹ, ਪ੍ਰੋ. ਅਨੁਪਮਾ, ਪ੍ਰੋ. ਇਨ ਇਕਨੌਮਿਕਸ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬੀ ਲੇਖਕ ਸਭਾ, ਚੰਡੀਗੜ੍ਹ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਸ਼ਾਮਲ ਹੋਏ। ਵਾਰਤਾਕਾਰਾਂ ਨੇ ਸੰਬੋਧਨ ਵਿੱਚ ਕਿਹਾ ਕਿ ਮੌਜੂਦਾ ਦੌਰ ਵਿੱਚ ਕਾਰਜਸ਼ੀਲ ਸੰਸਥਾਵਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਵਧ ਗਈ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਵਿਚਰ ਰਹੀਆਂ ਇਨ੍ਹਾਂ ਸੰਸਥਾਵਾਂ ਦੀ ਭੂਮਿਕਾ ਲੋਕ ਪੱਖੀ, ਉਸਾਰੂ ਤੇ ਸਮਾਜ ਸੁਧਾਰਕ ਹੋਣੀ ਚਾਹੀਦੀ ਹੈ, ਜਿਸ ਨਾਲ਼ ਆਮ ਜਾਗਰੂਕ ਮਨੁੱਖ ਨੂੰ ਆਪਣੇ ਵਿਚਾਰ ਵਿਅਕਤ ਕਰਨ ਦਾ ਮੌਕਾ ਮਿਲ਼ ਸਕੇ ਅਤੇ ਉਹ ਬਿਨਾਂ ਕਿਸੇ ਹੀਲ-ਹੁੱਜਤ ਵਿਚਰ ਵੀ ਸਕੇ। ਇਸ ਮੌਕੇ ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਫਿਲਮੀ ਹਸਤੀਆਂ ਮਲਕੀਤ ਸਿੰਘ ਰੌਣੀ, ਸ਼ਵਿੰਦਰ ਮਾਹਲ, ਗੁਰਪ੍ਰੀਤ ਕੌਰ ਭੰਗੂ, ਬੀ.ਐਨ. ਸ਼ਰਮਾ, ਭਾਰਤ ਭੂਸ਼ਣ ਵਰਮਾ, ਸੁਨੀਤਾ ਧੀਰ, ਤਰਸੇਮ ਪੌਲ ਵੀਰ ਸਮੇਤ ਫਿਲਮ ਜਗਤ ਦੇ ਵੱਖ-ਵੱਖ ਖੇਤਰਾਂ 'ਚ ਕੰਮ ਕਰਨ ਵਾਲੇ ਦਰਜਨਾਂ ਹਸਤੀਆਂ ਹਾਜ਼ਰ ਸਨ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਪ੍ਰਤਿਭਾ ਖੋਜ ਮੁਕਾਬਲੇ

**ਸੁਲਤਾਨਪੁਰ ਲੋਧੀ (ਹਨੀ)**- ਐੱਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪੰਜਾਬੀ ਵਿਭਾਗ ਦੇ ਮੈਡਮ ਮਨਦੀਪ ਕੌਰ ਦੀ ਦੇਖ ਰੇਖ 'ਚ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਡਾ. ਵੰਦਨਾਂ ਸ਼ੁਕਲਾ ਦਾ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ 'ਤੇ ਸਟਾਫ ਮੈਂਬਰਾਂ ਤੇ



ਵਿਦਿਆਰਥੀਆਂ ਵੱਲੋਂ ਰਸਮੀ ਸਵਾਗਤ ਕੀਤਾ ਗਿਆ। ਮੁਕਾਬਲੇ ਦੀ ਹਰ ਐਕਟੀਵਿਟੀ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਤੇ ਜੋਸ਼ ਨਾਲ ਹਿੱਸਾ ਲਿਆ। ਭਾਸ਼ਣ ਮੁਕਾਬਲੇ 'ਚ ਸੁਖਪ੍ਰੀਤ ਕੌਰ ਪਹਿਲੇ, ਅਮਨਦੀਪ ਕੌਰ ਦੂਜੇ ਅਤੇ ਹਰਮਨਜੋਤ ਕੌਰ ਤੀਜੇ ਸਥਾਨ 'ਤੇ ਰਹੀ । ਮਹਿੰਦੀ ਮੁਕਾਬਲਾ ਸਿਮਰਨਜੀਤ ਕੌਰ ਪਹਿਲੇ, ਹਰਸੁਖਮਨ ਕੌਰ ਤੇ ਸੁਖਮਨਪ੍ਰੀਤ ਕੌਰ ਸਾਂਝੇ ਤੌਰ 'ਤੇ ਦੂਜੇ ਅਤੇ ਪ੍ਰੀਆ ਤੇ ਲਵਲੀਨ ਕੌਰ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀ।ਸ਼ਬਦ-ਭਜਨ ਗਾਇਨ ਮੁਕਾਬਲਾ ਕਾਜਲ ਐਂਡ ਗਰੁੱਪ ਪਹਿਲੇ ਅਤੇ ਪੂਜਾ ਐਂਡ ਗਰੁੱਪ ਦੂਜੇ ਸਥਾਨ 'ਤੇ ਰਿਹਾ । ਕੋਰਿਓਗ੍ਰਾਫੀ 'ਚ ਮਨਮੀਤ ਐਂਡ ਗਰੁੱਪ ਜੇਤੂ ਰਿਹਾ । ਗਰੁੱਪ ਸੌਂਗ ਮੁਕਾਬਲਾ ਰੇਖਾ ਤੇ ਕੁਮਕੁਮ ਪਹਿਲੇ, ਰਮਨਦੀਪ ਤੇ ਕੋਮਲ ਦੂਜੇ ਅਤੇ ਕਾਜਲ ਤੇ ਕੋਮਲ ਤੀਜੇ ਸਥਾਨ 'ਤੇ ਰਹੀ । ਸੋਲੋ ਸੌਂਗ ਮੁਕਾਬਲਾ ਸੁਹਾਣੀ ਪਹਿਲੇ, ਰੇਖਾ ਦੂਜੇ ਅਤੇ ਮਲਿਕਾ ਨੇ ਤੀਜੇ ਸਥਾਨ 'ਤੇ ਰਹੀ । ਫੈਂਸੀ ਡਰੈਸ ਮੁਕਾਬਲਾ ਮਨਮੀਤ ਕੌਰ ਪਹਿਲੇ, ਸਿਮਰਨਜੀਤ ਕੌਰ ਦੂਜੇ ਅਤੇ ਤਰਨਜੀਤ ਕੌਰ ਤੀਜੇ ਸਥਾਨ 'ਤੇ ਰਹੀ । ਸੋਲੋ ਡਾਂਸ 'ਚ ਤਰਨਜੀਤ ਪਹਿਲੇ ਅਤੇ ਮਨਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ। ਗਰੁੱਪ ਡਾਂਸ ਮਨਮੀਤ ਐਂਡ ਗਰੁੱਪ ਪਹਿਲੇ ਅਤੇ ਤਰਨਜੀਤ ਕੌਰ ਐਂਡ ਗਰੁੱਪ ਦੂਜੇ ਸਥਾਨ 'ਤੇ ਰਿਹਾ ।ਪੋਸਟਰ ਮੇਕਿੰਗ ਨੀਲਮ ਪਹਿਲੇ ਅਤੇ ਕਾਜਲ ਦੂਜੇ ਸਥਾਨ 'ਤੇ ਰਹੀ। ਸਲੋਗਨ ਰਾਈਟਿੰਗ ਹਰਮਨਜੀਤ ਕੌਰ ਪਹਿਲੇ ਅਤੇ ਨਵਰੂਪ ਕੌਰ ਦੂਜੇ ਸਥਾਨ 'ਤੇ ਰਹੀ । ਸਕੈਚਿੰਗ 'ਚ ਅਸ਼ਮੀਤ ਕੌਰ ਪਹਿਲੇ ਅਤੇ ਰਾਜਵਿੰਦਰ ਕੌਰ ਦੂਜੇ ਸਥਾਨ 'ਤੇ ਰਹੀ । ਪੇਂਟਿੰਗ ਮੁਕਾਬਲਾ ਮਨਪ੍ਰੀਤ ਕੌਰ ਪਹਿਲੇ ਅਤੇ ਸੰਦੀਪ ਕੌਰ ਦੂਜੇ ਸਥਾਨ 'ਤੇ ਰਹੀ । ਰੰਗੋਲੀ ਮੁਕਾਬਲਾ ਜਸਮੀਨ ਕੌਰ ਪਹਿਲੇ ਅਤੇ ਕੋਮਲਪ੍ਰੀਤ ਤੇ ਹਰਮਨਪ੍ਰੀਤ ਦੂਜੇ ਸਥਾਨ 'ਤੇ ਰਹੀ।

# ਕਪੂਰਥਲਾ-ਬਾਈਪਾਸ ਚੌਂਕ ਤੋਂ ਡੀ ਸੀ ਚੌਂਕ ਰੋਡ ਦੇ ਅਪਗ੍ਰੇਡੇਸ਼ਨ ਲਈ 79.74 ਲੱਖ ਮਨਜ਼ੂਰ

**ਕਪੂਰਥਲਾ (ਮਨਜੀਤ ਮਾਨ)**- ਕਪੂਰਥਲਾ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਦਿੰਦਿਆਂ ਸ਼ਹਿਰ ਦੇ ਮਹੱਤਵਪੂਰਨ ਪ੍ਰਵੇਸ਼ ਮਾਰਗਾਂ ਵਿੱਚੋਂ ਇੱਕ, ਕਪੂਰਥਲਾ-ਬਾਈਪਾਸ ਚੌਂਕ ਤੋਂ ਡੀ.ਸੀ. ਚੌਂਕ ਰੋਡ ਨੂੰ 79.74 ਲੱਖ ਰੁਪਏ ਦੀ ਲਾਗਤ ਨਾਲ ਵਿਆਪਕ ਅਪਗ੍ਰੇਡੇਸ਼ਨ ਲਈ ਤਿਆਰ ਕੀਤਾ ਗਿਆ ਹੈ।ਲੋਕ ਨਿਰਮਾਣ ਵਿਭਾਗ ਇਸੇ ਹਫ਼ਤੇ ਦੇ ਅੰਦਰ 1.40 ਕਿਲੋਮੀਟਰ ਲੰਬੇ ਟੁਕੜੇ 'ਤੇ ਕੰਮ ਸ਼ੁਰੂ ਕਰੇਗਾ।ਇਸ ਮਹੱਤਵਪੂਰਨ ਸੜਕ ਦੇ ਅਪਗ੍ਰੇਡੇਸ਼ਨ ਨਾਲ ਨਿਵਾਸੀਆਂ, ਰੋਜ਼ਾਨਾ ਯਾਤਰੀਆਂ ਅਤੇ ਸੈਲਾਨੀਆਂ ਨੂੰ ਵੱਡੀ ਰਾਹਤ ਮਿਲੇਗੀ, ਇਸ ਤੋਂ ਇਲਾਵਾ ਸ਼ਹਿਰ ਦੇ ਮੁੱਖ ਪਹੁੰਚ ਮਾਰਗਾਂ ਵਿੱਚੋਂ ਇੱਕ 'ਤੇ ਆਵਾਜਾਈ ਦੀ ਸਮੁੱਚੀ ਆਵਾਜਾਈ ਵਿੱਚ ਸੁਧਾਰ ਹੋਵੇਗਾ। ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸੜਕੀ ਢਾਂਚੇ ਵਿੱਚ ਸੁਧਾਰ ਕਰਨ ਅਤੇ ਲੋਕਾਂ ਲਈ ਸੁਰੱਖਿਅਤ, ਸੁਚਾਰੂ ਅਤੇ ਸੁਵਿਧਾਜਨਕ ਆਵਾਜਾਈ ਨੂੰ ਯਕੀਨੀ ਬਣਾਉਣ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਹ ਪ੍ਰੋਜੈਕਟ ਨਿਰਧਾਰਤ ਤਕਨੀਕੀ ਵਿਸ਼ੇਸ਼ਤਾਵਾਂ ਅਤੇ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਸਖ਼ਤੀ ਨਾਲ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਨਿਰਮਾਣ ਕਾਰਜ ਦੌਰਾਨ ਰਾਹਗੀਰਾਂ ਨੂੰ ਘੱਟ ਤੋਂ ਘੱਟ ਅਸੁਵਿਧਾ ਯਕੀਨੀ ਬਣਾਉਂਦੇ ਹੋਏ ਇਹ ਕੰਮ ਇੱਕ ਹਫ਼ਤੇ ਦੀ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਵੇ। ਪੀ.ਡਬਲਿਊ.ਡੀ. ਦੇ ਕਾਰਜਕਾਰੀ ਇੰਜੀਨੀਅਰ ਵਿਸ਼ਾਲ ਜਾਂਗੜਾ ਨੇ ਦੱਸਿਆ ਕਿ ਵਿਭਾਗ ਪ੍ਰੋਜੈਕਟ ਦੇ ਕੰਮ ਦੀ ਨਜ਼ਦੀਕੀ ਨਾਲ ਨਿਗਰਾਨੀ ਕਰੇਗਾ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੰਮ ਪ੍ਰਵਾਨਿਤ ਵਿਸ਼ੇਸ਼ਤਾਵਾਂ ਅਨੁਸਾਰ ਅਤੇ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਹੋਵੇ।

# ਪੰਥਕ ਕਾਨਫਰੰਸ 'ਚ ਸ਼ਾਮਿਲ ਹੋਣ ਲਈ ਜਥਾ ਅੱਜ ਰਵਾਨਾ ਹੋਵੇਗਾ : ਅਵਤਾਰ ਸੇਖੋਂ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ ਦੀ ਅਗਵਾਈ ਵਿੱਚ ਬਾਬਾ ਬਕਾਲਾ ਸਾਹਿਬ ਵਿਖੇ 28 ਅਗਸਤ ਰੱਖੜੀ ਪੂਰਨਿਮਾ ਨੂੰ ਹੋ ਰਹੀ ਵਿਸ਼ਾਲ ਪੰਥਕ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਹਜ਼ਾਰਾਂ ਵਰਕਰਾਂ ਦਾ ਜੱਥਾ ਟਾਂਡਾ ਤੋਂ 28 ਅਗਸਤ ਦਿਨ ਸ਼ੁੱਕਰਵਾਰ ਨੂੰ ਰਵਾਨਾ



ਹੋਵੇਗਾ ਜਿਸ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਪਾਰਟੀ ਦੇ ਹਲਕਾ ਟਾਂਡਾ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮੂਹ ਪਾਰਟੀ ਵਰਕਰਾਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਨੇ ਭਾਗ ਲਿਆ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਅਵਤਾਰ ਸਿੰਘ ਸੇਖੋਂ ਨੇ ਕਿਹਾ ਕਿ 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ ਦੀ ਅਗਵਾਈ ਵਿੱਚ 28 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਹੋ ਰਹੀ ਵਿਸ਼ਾਲ ਪੰਥਕ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਆਮ ਜਨਤਾ ਤੋਂ ਇਲਾਵਾ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਹਲਕਾ ਟਾਂਡਾ ਤੋਂ ਹਜ਼ਾਰਾਂ ਵਰਕਰਾਂ ਦਾ ਜੱਥਾ ਬੱਸਾਂ ਤੇ ਆਪਣੇ ਵਾਹਨਾਂ ਰਾਹੀਂ 28 ਅਗਸਤ ਨੂੰ ਸਵੇਰੇ ਬਾਬਾ ਬਕਾਲਾ ਸਾਹਿਬ ਲਈ ਟਾਂਡਾ ਤੋਂ ਰਵਾਨਾ ਹੋਵੇਗਾ ਅਤੇ ਇਸ ਪੰਥਕ ਕਾਨਫਰੰਸ ਦੀ ਕਾਮਯਾਬੀ ਵਿੱਚ ਆਪਣਾ ਭਰਪੂਰ ਯੋਗਦਾਨ ਪਾਵੇਗਾ। ਅਵਤਾਰ ਸੇਖੋਂ ਨੇ ਕਿਹਾ ਕਿ ਇਸ ਪੰਥਕ ਕਾਨਫਰੰਸ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਬੰਦੀ ਸਿੰਘਾਂ ਅਤੇ ਐਮ.ਪੀ ਅੰਮ੍ਰਿਤ ਪਾਲ ਸਿੰਘ ਦੀ ਰਿਹਾਈ ਕਰਵਾਉਣ ਤੋਂ ਇਲਾਵਾ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਆਪਸੀ ਵਿਚਾਰ ਸਾਂਝੇ ਕੀਤੇ ਜਾਣਗੇ।ਇਸ ਮੌਕੇ ਤੇ ਕੁਲਦੀਪ ਸਿੰਘ, ਅਮਰੀਕ ਸਿੰਘ, ਮਨਜੀਤ ਸਿੰਘ, ਗੁਰਦੀਪ ਸਿੰਘ, ਮਨਪ੍ਰੀਤ ਸਿੰਘ, ਰਮਨਪ੍ਰੀਤ ਸਿੰਘ, ਦਿਲਬਰ ਸਿੰਘ, ਗੁਰਦੇਵ ਸਿੰਘ, ਦਲਵੀਰ ਸਿੰਘ, ਓਂਕਾਰ ਸਿੰਘ, ਅਤੇ ਪਰਮਜੀਤ ਸਿੰਘ ਤੋਂ ਇਲਾਵਾ ਹੋਰ ਪਾਰਟੀ ਵਰਕਰ ਹਾਜ਼ਰ ਸਨ।

# ਵਿਦਿਆਰਥੀਆਂ ਦਾ ਟੇਬਲ ਟੈਨਿਸ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਬੀ ਬੀ ਐੱਮ ਬੀ ਡੀ ਏ ਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ 70ਵੇਂ ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ ਹੈ। ਅੰਡਰ-15 ਵਰਗ 'ਚ ਸਕੂਲ ਦੇ ਵਿਦਿਆਰਥੀ ਦਿਵਿਆਂਸ਼ੂ ਨੇ ਗੋਲਡ ਮੈਡਲ ਹਾਸਲ ਕੀਤਾ ਹੈ। ਇਸੇ ਤਰ੍ਹਾਂ ਅੰਡਰ-17 ਵਰਗ (ਸਿੰਗਲ ਅਤੇ ਡਬਲ) 'ਚ ਸਕੂਲ ਦੇ ਵਿਦਿਆਰਥੀਆਂ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਸਕੂਲ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਰੋਹਿਤ ਸਲਾਰੀਆ ਤੇ ਸਟਾਫ਼ ਵੱਲੋਂ ਸਨਮਾਨਤ ਕੀਤਾ ਗਿਆ।ਸਲਾਰੀਆ ਨੇ ਵਿਦਿਆਰਥੀਆਂ ਅਤੇ ਸਕੂਲ ਦੇ ਕੋਚ ਨੂੰ ਵਧਾਈ ਦਿੱਤੀ ਹੈ।

# ਤੀਆਂ ਦਾ ਤਿਉਹਾਰ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਅਧੀਨ ਪੈਂਦੇ ਪਿੰਡ ਰਾਜਪੁਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਪ੍ਰੋਗਰਾਮ ਦੇ ਆਰੰਭ ਸਮੇਂ ਆਪਣੇ ਸੰਬੋਧਨ 'ਚ ਪਿੰਡ ਰਾਜਪੁਰ ਦੇ ਸਰਪੰਚ ਤਰਸੇਮ ਸਿੰਘ



ਨੇ ਕਿਹਾ ਕਿ ਸਾਉਣ ਦੇ ਮਹੀਨੇ ਦਾ ਪੰਜਾਬੀ ਲੋਕ ਜੀਵਨ ਤੇ ਪੰਜਾਬੀ ਸੱਭਿਆਚਾਰ 'ਚ ਵਿਸ਼ੇਸ਼ ਮਹੱਤਵ ਹੈ। ਇਸ ਮਹੀਨੇ ਤੀਆਂ ਦਾ ਤਿਉਹਾਰ ਬੜੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਪੰਜਾਬੀ ਸੱਭਿਆਚਾਰ 'ਚ ਅਜਿਹੇ ਤਿਉਹਾਰ ਆਪਸੀ ਪਿਆਰ, ਸਤਿਕਾਰ ਅਤੇ ਸਦਭਾਵਨਾ ਦੇ ਪ੍ਰਤੀਕ ਹਨ। ਪਿੰਡ ਦੀਆਂ ਬੱਚੀਆਂ ਅਤੇ ਵਿਦਿਆਰਥਣਾਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਦੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਪਿੰਡ ਦੀਆਂ ਵਿਦਿਆਰਥਣਾਂ ਵੱਲੋਂ ਆਪਣੀਆਂ ਵਿਅਕਤੀਗਤ ਨਾਚ ਪੇਸ਼ਕਾਰੀਆਂ ਦੇ ਨਾਲ-ਨਾਲ ਲੋਕ ਨਾਚ ਗਿੱਧਾ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ। ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵੇ 'ਚ ਲੋਕ ਬੋਲੀਆਂ ਨਾਲ ਪਿੰਡ ਰਾਜਪੁਰ 'ਚ ਮਨਾਏ ਤੀਆਂ ਦੇ ਤਿਉਹਾਰ ਸਮੇਂ ਬਾਖੂਬੀ ਰੰਗ ਬੰਨਿਆ। ਇਸ ਤਿਉਹਾਰ ਨੂੰ ਸੁਚੱਜਤਾ ਨਾਲ ਮਨਾਉਣ ਲਈ ਪਿੰਡ ਦੇ ਸਰਪੰਚ ਤਰਸੇਮ ਸਿੰਘ, ਜਿੰਦਰ ਕੌਰ ਪੰਚ, ਬਲਵਿੰਦਰ ਕੌਰ, ਸੁਖਵਿੰਦਰ ਕੌਰ, ਸਰਬਜੀਤ ਕੌਰ, ਕਰਨਪ੍ਰੀਤ ਕੌਰ, ਸਿਮਰਨਜੀਤ ਕੌਰ, ਰਣਜੀਤ ਕੌਰ, ਰਿਤਿਕਾ, ਮਾਨਵੀ, ਰੀਆ, ਮੁਸਕਾਨ, ਦੀਪਿਕਾ, ਆਵੀਆ, ਆਰਜਾ, ਸੀਮਾ, ਪ੍ਰਭਜੋਤ ਕੌਰ, ਮਾਨਵੀ, ਦਮਨ, ਪਵਨਨੀਤ, ਸ਼ਰਨਦੀਪ ਕੌਰ ਅਤੇ ਸਮੂਹ ਪਿੰਡ ਵਾਸੀਆਂ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਇਸ ਮੌਕੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਕਣਕ ਦੀ 80 ਫੀਸਦੀ ਵੰਡ ਮੁਕੰਮਲ : ਵਿਜੇ ਦੱਤ

**ਡੇਰਾਬੱਸੀ/ਲਾਲੜੂ (ਵਿਨੈ ਕੁਮਾਰ ਜੈਨ)**- ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਡੇਰਾਬੱਸੀ ਦੇ ਲਾਲੜੂ ਮੰਡੀ ਸਥਿਤ ਫੂਡ ਡਿਪੂ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ ਫੂਡ ਇੰਸਪੈਕਟਰ ਇੰਦਰਜੀਤ ਸਿੰਘ ਵੀ ਮੌਜੂਦ ਸਨ। ਨਿਰੀਖਣ ਦੌਰਾਨ ਕਣਕ ਦੇ ਸਟਾਕ ਦੀ ਸਥਿਤੀ, ਰਿਕਾਰਡ ਅਤੇ ਵੰਡ ਪ੍ਰਬੰਧਾਂ ਦੀ



ਵਿਸਥਾਰਪੂਰਵਕ ਸਮੀਖਿਆ ਕੀਤੀ ਗਈ। ਵਿਜੇ ਦੱਤ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵੰਡ ਦੀ ਸਾਰੀ ਪ੍ਰਕਿਰਿਆ ਨਿਯਮਾਂ ਅਨੁਸਾਰ, ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਨੇਪਰੇ ਚਾੜ੍ਹੀ ਜਾਵੇ।ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਕਣਕ ਦੀ ਵੰਡ ਦਾ ਲਗਭਗ 80% ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਾ ਹੈ। ਵਿਜੇ ਦੱਤ ਨੇ ਹਦਾਇਤ ਕੀਤੀ ਕਿ ਬਾਕੀ ਰਹਿੰਦੇ ਯੋਗ ਲਾਭਪਾਤਰੀਆਂ ਨੂੰ ਵੀ ਸਮੇਂ ਸਿਰ ਕਣਕ ਮਿਲਣੀ ਚਾਹੀਦੀ ਹੈ ਅਤੇ ਕੋਈ ਵੀ ਯੋਗ ਪਰਵਾਰ ਆਪਣੇ ਹੱਕ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਵਿਜੇ ਦੱਤ ਨੇ ਦੱਸਿਆ ਕਿ ਇਸ ਸਮੇਂ ਜੁਲਾਈ ਤੋਂ ਅਕਤੂਬਰ ਤੱਕ ਦੇ ਚਾਰ ਮਹੀਨਿਆਂ ਦੀ ਕਣਕ ਦੀ ਵੰਡ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਉਨ੍ਹਾਂ ਲਾਭਪਾਤਰੀਆਂ ਨੂੰ ਅਪੀਲ ਕੀਤੀ ਜਿਨ੍ਹਾਂ ਨੇ ਅਜੇ ਤੱਕ ਆਪਣੀ ਕਣਕ ਪ੍ਰਾਪਤ ਨਹੀਂ ਕੀਤੀ ਹੈ, ਕਿ ਉਹ ਸਬੰਧਤ ਡਿਪੂ 'ਤੇ ਜਾ ਕੇ ਚਾਰ ਮਹੀਨਿਆਂ ਦਾ ਆਪਣਾ ਬਣਦਾ ਹਿੱਸਾ ਪ੍ਰਾਪਤ ਕਰਨ।

# ਕੈਬਨਿਟ ਮੰਤਰੀ ਵੱਲੋਂ ਸਿੰਚਾਈ ਪ੍ਰਾਜੈਕਟਾਂ ਦਾ ਉਦਘਾਟਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਦੇ ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵਿਧਾਨ ਸਭਾ ਹਲਕਾ ਨਕੋਦਰ ਵਿਖੇ 5.50 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਸਿੰਚਾਈ ਸਬੰਧੀ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਸੂਬੇ ਦੇ ਸਿੰਚਾਈ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਰਹੀ ਹੈ।ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਦੀ ਮੌਜੂਦਗੀ ਵਿੱਚ



ਪਿੰਡ ਮੁਆਈ ਵਿਖੇ ਇਨ੍ਹਾਂ ਕੰਮਾਂ ਦਾ ਉਦਘਾਟਨ ਕਰਦਿਆਂ ਦੱਸਿਆ ਕਿ ਵਿਧਾਨ ਸਭਾ ਹਲਕਾ ਨਕੋਦਰ ਵਿੱਚ ਬਿਸਤ-ਦੁਆਬ ਨਹਿਰੀ ਸਿਸਟਮ ਅਧੀਨ 3.76 ਕਰੋੜ ਰੁਪਏ ਦੀ ਲਾਗਤ ਨਾਲ 18.01 ਕਿਲੋਮੀਟਰ ਲੰਬਾਈ ਵਾਲੇ ਪੱਕੇ ਖਾਲੇ ਅਤੇ 1.74 ਕਰੋੜ ਰੁਪਏ ਦੀ ਲਾਗਤ ਨਾਲ 11.45 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਦਾ ਕੰਮ ਮੁਕੰਮਲ ਕੀਤਾ ਗਿਆ ਹੈ। ਗੋਇਲ ਨੇ ਦੱਸਿਆ ਕਿ 5.50 ਕਰੋੜ ਰੁਪਏ ਦੀ ਲਾਗਤ ਨਾਲ ਪੱਕੇ ਖਾਲੇ ਅਤੇ ਜ਼ਮੀਨਦੋਜ਼ ਪਾਈਪ ਲਾਈਨ ਨਾਲ ਹੁਣ ਕਰੀਬ 4017 ਏਕੜ ਜ਼ਮੀਨ ਨੂੰ ਪਾਣੀ ਮਿਲੇਗਾ, ਜਿਹੜਾ ਪਹਿਲਾਂ 1265 ਏਕੜ ਜ਼ਮੀਨ ਨੂੰ ਮਿਲਦਾ ਸੀ। ਉਨ੍ਹਾਂ ਕਿਹਾ ਕਿ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣਾ ਅਤੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣਾ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਿਥੇ ਟੇਲਾਂ 'ਤੇ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ ਉਥੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਉਪਰਾਲਿਆਂ ਤਹਿਤ 2 ਲੱਖ 30 ਹਜ਼ਾਰ ਲੀਟਰ ਪਾਣੀ ਰੀਚਾਰਜ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਪੰਜਾਬ ਵਿਚਲੀਆਂ 1117 ਮਾਇਨਰਾਂ ਤੇ ਰਜਬਾਹਿਆਂ ਵਿੱਚ ਅੱਜ 39 ਹਜ਼ਾਰ ਕਿਊਸਿਕ ਪਾਣੀ ਵਹਿ ਰਿਹਾ ਹੈ, ਜੋ ਕਿ ਰਿਕਾਰਡ ਵਾਧਾ ਹੈ ਅਤੇ ਕਿਸਾਨਾਂ ਦੇ ਖੇਤਾਂ ਵਿੱਚ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਣਾ ਸੰਭਵ ਹੋਇਆ ਹੈ। ਇਸ ਮੌਕੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਨਕੋਦਰ ਨੂੰ ਇਸ ਪ੍ਰਾਜੈਕਟ ਲਈ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਦੀਆਂ ਦੁੱਖ ਤਕਲੀਫ਼ਾਂ ਸੁਣਦਿਆਂ ਖੇਤਾਂ ਵਿੱਚ ਟੇਲਾਂ 'ਤੇ ਪਾਣੀ ਪਹੁੰਚਾਉਣ ਦਾ ਕੰਮ ਕੀਤਾ ਹੈ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦਰਸ਼ਨ ਸਿੰਘ ਟਾਹਲੀ ਤੋਂ ਇਲਾਵਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਲਖਵੀਰ ਸਿੰਘ, ਚਰਨਜੀਤ ਸਿੰਘ ਚੇਅਰਮੈਨ ਬਲਾਕ ਸੰਮਤੀ ਨਕੋਦਰ, ਚਰਨਜੀਤ ਰਾਏ ਚੇਅਰਮੈਨ ਬਲਾਕ ਸੰਮਤੀ ਨੂਰਮਹਿਲ, ਜਸਬੀਰ ਸਿੰਘ ਧੰਜਲ ਮਾਰਕੀਟ ਕਮੇਟੀ ਨਕੋਦਰ, ਜਸਵੀਰ ਸਿੰਘ ਸੰਗੋਵਾਲ ਮਾਰਕੀਟ ਕਮੇਟੀ ਬਿਲਗਾ ਦੇ ਚੇਅਰਮੈਨ, ਪ੍ਰੇਮ ਕੁਮਾਰ ਰਾਜੂ ਦਲਿਤ ਵਿਕਾਸ ਦੇ ਚੇਅਰਮੈਨ ਤੇ ਹੋਰ ਵੱਖ-ਵੱਖ ਸ਼ਖਸੀਅਤਾਂ ਵੀ ਮੌਜੂਦ ਸਨ।

# ਕੈਲਗਰੀ 'ਚ ਪੰਜ ਰੋਜ਼ਾ ਖੇਡ ਮੇਲਾ ਕਰਵਾਇਆ

**ਅਲਾਵਲਪੁਰ (ਮਦਨ ਬੰਗੜ)**- ਕੈਲਗਰੀ ਵਿੱਚ 17 ਤੋਂ 21 ਅਗਸਤ ਤੱਕ ਬੱਚਿਆਂ ਲਈ ਪੰਜ ਰੋਜ਼ਾ ਖੇਡ ਅਤੇ ਮਨੋਰੰਜਨ ਪ੍ਰੋਗਰਾਮ ਕਰਵਾਇਆ ਗਿਆ। ਕੈਲਗਰੀ ਵਿੱਚ ਇਸੇ ਹਫ਼ਤੇ ਵੱਖ-ਵੱਖ ਸੰਸਥਾਵਾਂ ਵੱਲੋਂ ਬੱਚਿਆਂ ਲਈ ਪੰਜ ਦਿਨਾਂ ਦੇ ਕੈਂਪ ਅਤੇ ਖੇਡ ਪ੍ਰੋਗਰਾਮ ਕਰਵਾਏ ਜਾਣ ਦੀ ਜਾਣਕਾਰੀ




ਵੀ ਸਰਵਜਨਕ ਸਰੋਤਾਂ ਵਿੱਚ ਮਿਲਦੀ ਹੈ। ਇਸ ਖੇਡ ਮੇਲੇ ਵਿੱਚ 6 ਤੋਂ 12 ਸਾਲ ਦੀ ਉਮਰ ਵਰਗ ਦੇ ਬੱਚਿਆਂ ਅਤੇ ਬੱਚੀਆਂ ਲਈ ਝੂਟਿਆਂ ਦੇ ਨਾਲ-ਨਾਲ ਵੱਖ-ਵੱਖ ਕਿਸਮ ਦੀਆਂ ਬਾਲਾਂ ਵਾਲੀਆਂ ਖੇਡਾਂ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ। ਇਨ੍ਹਾਂ ਪੰਜ ਦਿਨਾਂ ਦੌਰਾਨ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਕੋਚ ਬੱਚਿਆਂ ਨੂੰ ਨਿਸ਼ਚਿਤ ਸਮੇਂ ਅਨੁਸਾਰ ਪ੍ਰੋਗਰਾਮ ਵਿੱਚ ਲੈ ਕੇ ਆਉਂਦੇ ਰਹੇ।ਬੱਚਿਆਂ ਨੂੰ ਲੈ ਕੇ ਆਈਆਂ ਇਸਤਰੀ ਅਧਿਆਪਕਾਵਾਂ ਵੀ ਛੋਟੀਆਂ ਬੱਚੀਆਂ ਨਾਲ ਪੀਂਘਾਂ ਝੂਟਦੀਆਂ, ਉਨ੍ਹਾਂ ਨਾਲ ਪਿਆਰ ਅਤੇ ਮੋਹ ਨਾਲ ਗੱਲਬਾਤ ਕਰਦੀਆਂ ਅਤੇ ਹਾਸਾ-ਠੱਠਾ ਕਰਦੀਆਂ ਦਿਖਾਈ ਦਿੱਤੀਆਂ। ਇਸੇ ਤਰ੍ਹਾਂ ਇਸਤਰੀ ਅਤੇ ਪੁਰਸ਼ ਕੋਚ ਬੱਚਿਆਂ ਨੂੰ ਬਾਸਕਟਬਾਲ ਖਿਡਾਉਣ ਦੇ ਨਾਲ-ਨਾਲ ਖੁਦ ਵੀ ਖੇਡਾਂ ਵਿੱਚ ਹਿੱਸਾ ਲੈਂਦੇ ਰਹੇ।

ਡਾ. ਇਕਬਾਲ ਸਿੰਘ ਸਕਰੌਦੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੇਲੇ ਬੱਚਿਆਂ ਲਈ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਬਣਦੇ, ਸਗੋਂ ਵੱਖ-ਵੱਖ ਦੇਸ਼ਾਂ, ਧਰਮਾਂ ਅਤੇ ਭਾਈਚਾਰਿਆਂ ਨਾਲ ਸਬੰਧਤ ਬੱਚਿਆਂ ਨੂੰ ਇੱਕੋ ਮੰਚ 'ਤੇ ਇਕੱਠੇ ਹੋ ਕੇ ਖੇਡਣ ਅਤੇ ਆਪਸੀ ਪ੍ਰੇਮ, ਪਿਆਰ ਤੇ ਸਤਿਕਾਰ ਨਾਲ ਜੁੜਨ ਦਾ ਮੌਕਾ ਵੀ ਦਿੰਦੇ ਹਨ।

# ਐੱਮ ਐੱਸ ਸੀ ਭੌਤਿਕ ਵਿਗਿਆਨ ਦੀ ਵਿਦਿਆਰਥਣ ਨੇ ਦੂਜਾ ਸਥਾਨ ਹਾਸਲ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਹੰਸਰਾਜ ਮਹਿਲਾ ਮਹਾਵਿਦਿਆਲਾ ਦੀ ਐੱਮ ਐੱਸ ਸੀ ਫਿਜਿਕਸ ਦੀ ਵਿਦਿਆਰਥਣ ਰਾਜਦੀਪ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਰੀਖਿਆ ਵਿੱਚ 8.7



ਸੀ.ਜੀ.ਪੀ.ਏ. ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਬੇਮਿਸਾਲ ਪ੍ਰਾਪਤੀ 'ਤੇ, ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਰਾਜਦੀਪ ਨੂੰ ਵਧਾਈ ਦਿੱਤੀ ਅਤੇ ਉਸਦੀ ਲਗਨ, ਦ੍ਰਿੜਤਾ ਅਤੇ ਅਕਾਦਮਿਕ ਉੱਤਮਤਾ ਪ੍ਰਤੀ ਵਚਨਬੱਧਤਾ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਉੱਚਤਮ ਨਤੀਜੇ ਪ੍ਰਾਪਤ ਕਰਨ ਲਈ ਫਿਜਿਕਸ ਵਿਭਾਗ ਦੇ ਨਿਰੰਤਰ ਯਤਨਾਂ ਦੀ ਵੀ ਸ਼ਲਾਘਾ ਕੀਤੀ। ਭੌਤਿਕ ਵਿਗਿਆਨ ਵਿਭਾਗ ਦੇ ਫੈਕਲਟੀ ਮੈਂਬਰਾਂ ਨੇ ਰਾਜਦੀਪ ਦੀ ਸਫਲਤਾ 'ਤੇ ਬਹੁਤ ਮਾਣ ਮਹਿਸੂਸ ਕੀਤਾ ਅਤੇ ਕਿਹਾ ਕਿ ਉਸ ਦੀ ਇਹ ਪ੍ਰਾਪਤੀ ਵਿਭਾਗ ਦੇ ਮਜ਼ਬੂਤ ਅਕਾਦਮਿਕ ਮਾਹੌਲ, ਸਮਰਪਿਤ ਮਾਰਗਦਰਸ਼ਨ (ਮੈਂਟਰਿੰਗ) ਅਤੇ ਨਿਰੰਤਰ ਸਹਿਯੋਗ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਸਦੀ ਇਹ ਪ੍ਰਾਪਤੀ ਦੂਜੇ ਵਿਦਿਆਰਥੀਆਂ ਨੂੰ ਵੀ ਉਤਸਾਹਿਤ ਕਰੇਗੀ ਅਤੇ ਸੰਸਥਾ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕਰੇਗੀ।

# ਚੋਰ 10 ਹਜ਼ਾਰ ਦੀ ਨਕਦੀ ਲੈ ਕੇ ਫਰਾਰ



**ਗੁਰਾਇਆ (ਬਿੰਦਰ ਸੁਮਨ)**- ਚੋਰਾਂ ਵਲੋਂ ਪਿੰਡ ਢੰਡਾ ਦੇ ਇੱਕ ਘਰ ਨੂੰ ਨਿਸ਼ਾਨਾ ਬਣਾਇਆ। ਇਸ ਸਬੰਧੀ ਬਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਢੰਡਾ ਨੇ ਦੱਸਿਆ ਕਿ ਬੰਸੀਆਂ ਰੋਡ ਖੂਹ ਤੇ ਰਿਹਾਇਸ਼ ਹੈ ।ਚੋਰਾਂ ਨੇ ਮਕਾਨ ਦੇ ਬਾਹਰੋ ਕੰਧ ਪਾੜ ਕੇ ਅੰਦਰ ਦਾਖਲ ਹੋ ਕੇ ਅੰਦਰੋ 10 ਹਜ਼ਾਰ ਰੁਪਏ ਦੀ ਨਗਦੀ ਲੈ ਕੇ ਫਰਾਰ ਹੋ ਗਏ। ਉਨਾਂ ਕਿਹਾ ਉਹ ਪਰਵਾਰ ਸਮੇਤ ਅੱਗੇ ਕਮਰਿਆਂ ਵਿੱਚ ਸੁੱਤੇ ਪਏ ਸਨ। ਇਸ ਸੰਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ। ਮੌਕੇ ਤੇ ਡਿਊਟੀ ਅਫਸਰ ਬਾਵਾ ਸਿੰਘ ਆਪਣੀ ਟੀਮ ਨਾਲ ਪਹੁੰਚੇ ਜਿਨ੍ਹਾਂ ਚੋਰੀ ਦਾ ਮੌਕਾ ਦੇਖ ਕੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ।